ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬੱਤ ਦਾ ਭਲਾ

# ਚੜ੍ਹਦੀਕਲਾ

www.charhdikala.com DAILY CHARHDIKALA, NEW DELHI Email : charhdikala@gmail.com

ਬਾਨੀ : (ਸਵ:) ਗਿ: ਹਰਨਾਮ ਸਿੰਘ ਜੀ ਮੁੱਖ ਸੰਪਾਦਕ : ਡਾ. ਜਗਜੀਤ ਸਿੰਘ 'ਦਰਦੀ' ਸੰਪਾਦਕ : ਜਸਕੀਰਤ ਸਿੰਘ

PRGI (RNI) Regd. No. 57283/1994 ਸਾਲ/ year 31 ਅੰਕ ਨੰ. Volume No : 101 ਨਵੀਂ ਦਿੱਲੀ, ਸੋਮਵਾਰ 13 ਅਪ੍ਰੈਲ, 2026, Monday 13 April, 2026 ਮੁੱਲ/Price in Rs. 2 ਰੁਪਏ, ਕੁਲ ਪੇਜ/Total Pages 8 ਫੋਨ ਨੰ. : 23353936

## ਪ੍ਰਿੰਸ ਹੈਰੀ ਤੇ ਮੇਗਨ ਦਾ ਆਸਟਰੇਲੀਆ ਦੌਰਾ ਚਰਚਾ 'ਚ

ਲੰਡਨ, 12 ਅਪ੍ਰੈਲ (ਪ੍ਰਤੀਨਿਧੀ) ਬਰਤਾਨੀਆ ਦੇ ਬਾਦਸ਼ਾਹ ਕਿੰਗ ਚਾਰਲਸ ਤੀਜੇ ਅਤੇ ਮਰਹੂਮ ਸ਼ਹਿਜ਼ਾਦੀ ਡਾਇਨਾ ਦੇ ਛੋਟੇ ਪੁੱਤਰ ਪ੍ਰਿੰਸ ਹੈਰੀ ਤੇ ਉਨ੍ਹਾਂ ਦੀ ਪਤਨੀ ਮੇਗਨ ਮਰਕਲ ਦੀ ਆਸਟਰੇਲੀਆ ਯਾਤਰਾ ਨੂੰ ਲੈ ਕੇ ਚਰਚਾ ਤੇਜ਼ ਹੋ ਗਈ ਹੈ। ਜਾਣਕਾਰੀ ਮੁਤਾਬਕ ਦਵੇਂ ਅਪਰੈਲ ਦੇ ਮੱਧ ਵਿੱਚ ਆਸਟਰੇਲੀਆ ਪਹੁੰਚਣਗੇ। ਇਹ ਦੌਰਾ ਸਰਕਾਰੀ ਜਾਂ ਸ਼ਾਹੀ ਯਾਤਰਾ ਨਹੀਂ, ਸਗੋਂ ਨਿੱਜੀ ਅਤੇ ਵਪਾਰਕ ਗਤੀਵਿਧੀਆਂ ਨਾਲ ਸਬੰਧਿਤ ਹੈ। ਦੌਰੇ ਦੌਰਾਨ ਪ੍ਰਿੰਸ ਹੈਰੀ ਮੈਲਬੋਰਨ ਵਿੱਚ ਮਾਨਸਿਕ ਸਿਹਤ ਸਬੰਧੀ ਇਕ ਸਮਾਗਮ 'ਚ ਭਾਸ਼ਣ ਦੇਣਗੇ।

## ਅਰਵਿੰਦਰ ਖੋਸਾ ਬਣੇ ਕ੍ਰਿਕਟ ਕੈਨੇਡਾ ਦੇ ਪ੍ਰਧਾਨ, ਪਰਮਜੀਤ ਸ਼ਾਹੀ ਸਕੱਤਰ ਨਿਯੁਕਤ

ਟੋਰਾਂਟੋ, 12 ਅਪ੍ਰੈਲ (ਪ੍ਰਤੀਨਿਧੀ) : ਕੈਨੇਡਾ ਵਿੱਚ ਕ੍ਰਿਕਟ ਦੀ ਗਵਰਨਿੰਗ ਬਾਡੀ, ਕ੍ਰਿਕਟ ਕੈਨੇਡਾ ਨੇ ਅਰਵਿੰਦਰ ਖੋਸਾ ਨੂੰ ਆਪਣਾ ਨਵਾਂ ਪ੍ਰਧਾਨ ਚੁਣਨ ਦਾ ਐਲਾਨ ਕੀਤਾ। ਅਰਵਿੰਦਰ ਸਿੰਘ ਖੋਸਾ ਉਰਫ਼ ਅਫ਼ਰੀਦੀ ਨੇ ਕ੍ਰਿਕਟ ਕੈਨੇਡਾ ਦੇ ਪ੍ਰਧਾਨ ਦੀ ਚੋਣ ਜਿੱਤਣ ਵਿਚ ਕਾਮਯਾਬੀ ਹਾਸਲ ਕਰ ਲਈ। ਕ੍ਰਿਕਟ ਕੈਨੇਡਾ ਕੈਨੇਡਾ ਵਿੱਚ ਕ੍ਰਿਕਟ ਦੀ ਖੇਡ ਲਈ ਅਧਿਕਾਰਤ ਪ੍ਰਬੰਧਕ ਸੰਸਥਾ ਹੈ। ਖੋਸਾ ਦੀ ਇਸ ਟੀਮ ਵਿਚ ਸ਼ਾਮਲ ਹੋਣ ਵਾਲੇ ਨਵੇਂ ਚੁਣੇ ਗਏ ਸਕੱਤਰ ਪਰਮਜੀਤ ਸ਼ਾਹੀ ਹਨ, ਜੋ ਵਿਨੀਪੈਗ, ਮੈਨੀਟੋਬਾ ਤੋਂ ਇੱਕ ਕਮਿਊਨਿਟੀ ਆਗੂ ਹਨ

# ਅਮਰੀਕਾ-ਇਰਾਨ ਵਿਚਕਾਰ ਸਿੱਧੀ ਵਾਰਤਾ

## ਉਪ ਰਾਸ਼ਟਰਪਤੀ ਜੇ ਡੀ ਵੈਂਸ ਅਤੇ ਸਪੀਕਰ ਕਾਲੀਬਾਫ਼ ਵੱਲੋਂ ਆਪੋ-ਆਪਣੇ ਵਫ਼ਦਾਂ ਦੀ ਅਗਵਾਈ



ਇਸਲਾਮਾਬਾਦ, 12 ਅਪ੍ਰੈਲ (ਪ੍ਰਤੀਨਿਧੀ) : ਅਮਰੀਕਾ ਤੇ ਇਰਾਨ ਨੇ ਪੱਛਮੀ ਏਸ਼ੀਆ ਜੰਗ ਦਾ ਸਥਾਈ ਹੱਲ ਕੱਢਣ ਲਈ ਅੱਜ ਇਸਲਾਮਾਬਾਦ ਵਿੱਚ ਸਿੱਧੀ ਗੱਲਬਾਤ ਕੀਤੀ। ਸ਼ਨਿੱਚਰਵਾਰ ਸ਼ਾਮੀ ਸ਼ੁਰੂ ਹੋਈ ਸ਼ਾਂਤੀ ਵਾਰਤਾ ਦੇ ਪਹਿਲੇ ਪੜਾਅ ਦੀ ਆਹਮੋ-ਸਾਹਮਣੀ ਰਸਮੀ ਗੱਲਬਾਤ ਤੋਂ ਪਹਿਲਾਂ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ਼ ਨੇ ਅਮਰੀਕਾ ਤੇ ਇਰਾਨ ਦੇ ਵਫ਼ਦਾਂ ਨਾਲ ਵੱਖੋ-ਵੱਖਰੀਆਂ ਬੈਠਕਾਂ ਕੀਤੀਆਂ। ਸੂਤਰਾਂ ਮੁਤਾਬਕ ਇਰਾਨ ਨੇ ਪਾਕਿਸਤਾਨ ਅੱਗੇ ਚਾਰ ਸ਼ਰਤਾਂ ਰੱਖੀਆਂ ਹਨ। ਇਸ ਮੌਕੇ ਪਾਕਿਸਤਾਨ ਦੇ ਥਲ ਸੈਨਾ ਮੁਖੀ ਆਸਿਮ ਮੁਨੀਰ ਵੀ ਹਾਜ਼ਰ ਸਨ।

1979 ਦੇ ਇਸਲਾਮਿਕ ਇਨਕਲਾਬ ਮਗਰੋਂ ਦੋਵਾਂ ਧਿਰਾਂ ਦਰਮਿਆਨ ਇਹ ਪਹਿਲੀ ਸਿੱਧੀ ਅਤੇ ਉੱਚ ਪੱਧਰੀ ਗੱਲਬਾਤ ਹੈ, ਜਿਸ ਉੱਤੇ ਕੁਲ ਆਲਮ ਦੀ ਨਜ਼ਰ ਹੈ। ਇਰਾਨ ਦੀ ਨੀਮ-ਸਰਕਾਰੀ ਤਸਨੀਮ ਨਿਊਜ਼ ਏਜੰਸੀ ਦੀ ਰਿਪੋਰਟ ਮੁਤਾਬਕ ਗੱਲਬਾਤ ਆਮ ਮੁੱਦਿਆਂ ਤੋਂ ਅੱਗੇ ਵਧ ਗਈ ਹੈ ਅਤੇ 'ਕੁਝ ਖਾਸ ਵਿਸ਼ਿਆਂ' 'ਤੇ ਤਕਨੀਕੀ-ਪੱਧਰ ਦੀ ਚਰਚਾ ਵਿੱਚ ਦਾਖਲ ਹੋ ਗਈ ਹੈ। ਅਮਰੀਕੀ ਵਫ਼ਦ ਦੀ ਅਗਵਾਈ ਉਪ ਰਾਸ਼ਟਰਪਤੀ ਜੇ ਡੀ ਵੈਂਸ ਨੇ ਕੀਤੀ ਜਦੋਂਕਿ ਉਨ੍ਹਾਂ ਨਾਲ ਰਾਸ਼ਟਰਪਤੀ ਡੋਨਲਡ ਟਰੰਪ ਦੇ ਜਵਾਈ ਜੇਅਰਡ ਕੁਸ਼ਨਰ, ਮੱਧ ਪੂਰਬ ਵਿੱਚ ਵਿਸ਼ੇਸ਼ ਦੂਤ ਸਟੀਵ ਵਿਟਕੌਫ, ਉਪ ਕੌਮੀ ਸੁਰੱਖਿਆ ਸਲਾਹਕਾਰ ਐਂਡਰਿਊ ਬੇਕਰ, ਉਪ ਰਾਸ਼ਟਰਪਤੀ ਦੇ ਏਸ਼ਿਆਈ ਮਾਮਲਿਆਂ ਬਾਰੇ ਵਿਸ਼ੇਸ਼ ਸਲਾਹਕਾਰ ਮਾਈਕਲ ਵੈਂਸ ਵੀ ਸ਼ਾਮਲ ਸਨ।

# ਸਿਲੀਗੁੜੀ ਵਿੱਚ ਪ੍ਰਧਾਨ ਮੰਤਰੀ ਮੋਦੀ ਹੋਏ ਭਾਵੁਕ

## ਮਮਤਾ ਸਰਕਾਰ ਨੂੰ ਦਿੱਤਾ ਵੱਡਾ ਅਲਟੀਮੇਟਮ, ਕਿਹਾ-4 ਮਈ ਤੋਂ ਬਾਅਦ ਟੀਐਮਸੀ ਦੇ ਗੁੰਡਿਆਂ ਦਾ ਕਰਨਗੇ ਹਿਸਾਬ



ਸਿਲੀਗੁੜੀ 12 ਅਪ੍ਰੈਲ (ਪ੍ਰਤੀਨਿਧੀ):2026 ਪੱਛਮੀ ਬੰਗਾਲ ਵਿਧਾਨ ਸਭਾ ਚੋਣਾਂ ਲਈ ਪ੍ਰਚਾਰ ਦੌਰਾਨ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਸਿਲੀਗੁੜੀ ਦੇ ਕਾਵਾਖਲੀ ਮੈਦਾਨ ਤੋਂ ਟੀਐਮਸੀ ਸਰਕਾਰ ਨੂੰ ਚੇਤਾਵਨੀ ਦਿੱਤੀ। ਉਨ੍ਹਾਂ ਸਪੱਸ਼ਟ ਕੀਤਾ ਕਿ ਬੰਗਾਲ ਦੇ ਲੋਕ ਹੁਣ ÷ਡਰ÷ ਅਤੇ ÷ਸਿੰਡੀਕੇਟ÷ ਨੂੰ ਬਰਦਾਸ਼ਤ ਨਹੀਂ ਕਰਨਗੇ। ਸਿਲੀਗੁੜੀ ਵਿੱਚ ਇਹ ਜਨਤਕ ਮੀਟਿੰਗ ਭਾਜਪਾ ਲਈ ਉੱਤਰੀ ਬੰਗਾਲ ਵਿੱਚ ਆਪਣੀ ਸਥਿਤੀ ਨੂੰ ਹੋਰ ਮਜ਼ਬੂਤ ਕਰਨ ਦਾ ਇੱਕ ਵੱਡਾ ਸਾਧਨ ਹੈ। ਪ੍ਰਧਾਨ ਮੰਤਰੀ ਦੇ ਭਾਸ਼ਣ ਨੇ ਟੀਐਮਸੀ ਸਰਕਾਰ ਵਿਰੁੱਧ ਉੱਤਰੀ ਬੰਗਾਲ ਦੇ ਲੋਕਾਂ ਦੇ ਗੁੱਸੇ ਨੂੰ ਸਪੱਸ਼ਟ ਤੌਰ 'ਤੇ ਉਜਾਗਰ ਕੀਤਾ। ਉਨ੍ਹਾਂ ਸਪੱਸ਼ਟ ਕੀਤਾ ਕਿ ਇਹ ਚੋਣ ਸਿਰਫ਼ ਵੋਟਾਂ ਪਾਉਣ ਬਾਰੇ ਨਹੀਂ ਹੈ, ਸਗੋਂ ਟੀਐਮਸੀ ਦੇ ਪਾਪਾਂ ਨੂੰ ਖਤਮ ਕਰਨ ਬਾਰੇ ਹੈ। ਪ੍ਰਧਾਨ ਮੰਤਰੀ ਮੋਦੀ ਉਸ ਪਲ ਨੂੰ ਯਾਦ ਕਰਦੇ ਹੋਏ ਭਾਵੁਕ ਹੋ ਗਏ ਜਦੋਂ ਉਨ੍ਹਾਂ ਨੇ ਸ਼ਨੀਵਾਰ ਨੂੰ ਇੱਕ ਰੋਡ ਸ਼ੋਅ ਦੌਰਾਨ ਬੱਚਿਆਂ ਨੂੰ ਦੇਖਿਆ ਸੀ। ਪ੍ਰਧਾਨ ਮੰਤਰੀ ਨੇ ਟੀਐਮਸੀ ਨੂੰ ਚੁਣੌਤੀ ਦਿੰਦੇ ਹੋਏ ਕਿਹਾ, ਜਿਵੇਂ ਹੀ 4 ਮਈ ਤੋਂ ਬਾਅਦ ਭਾਜਪਾ ਸਰਕਾਰ ਬਣਾਉਂਦੀ ਹੈ, ਟੀਐਮਸੀ ਪਿਛਲੇ 15 ਸਾਲਾਂ ਦੇ ਹਰ ਪਲ ਅਤੇ ਹਰ ਪੈਸੇ ਲਈ ਜਵਾਬਦੇਹ ਹੋਵੇਗੀ। ਉੱਤਰੀ ਬੰਗਾਲ ਦੀ ਅਣਦੇਖੀ ਦਾ ਅੰਤ: ਮੋਦੀ ਨੇ ਕਿਹਾ ਕਿ ਟੀਐਮਸੀ ਦੀ ਨੀਤੀ ਹਮੇਸ਼ਾ ਉੱਤਰੀ ਬੰਗਾਲ ਨੂੰ ਡਰਾਉਣ, ਧਮਕਾਉਣ ਅਤੇ ਅਣਗੌਲਿਆ ਕਰਨ ਦੀ ਰਹੀ ਹੈ। ਇਹ ਨੀਤੀ ਹੁਣ ਕੰਮ ਨਹੀਂ ਕਰੇਗੀ। ਰਾਜਨੀਤਿਕ ਹਿੰਸਾ 'ਤੇ ਹਮਲਾ: ਉਨ੍ਹਾਂ ਦੋਸ਼ ਲਗਾਇਆ ਕਿ ਜੋ ਵੀ ਟੀਐਮਸੀ ਵਿਰੁੱਧ ਬੋਲਦਾ ਹੈ, ਉਸ ਨੂੰ ਧਮਕੀ ਦਿੱਤੀ ਜਾਂਦੀ ਹੈ ਜਾਂ ਕਤਲ ਕਰ ਦਿੱਤਾ ਜਾਂਦਾ ਹੈ। ਪ੍ਰਧਾਨ ਮੰਤਰੀ ਨੇ ਕਿਹਾ, ਬਹੁਤ ਹੋ ਗਿਆ; ਬੰਗਾਲ ਇਸਨੂੰ ਹੁਣ ਬਰਦਾਸ਼ਤ ਨਹੀਂ ਕਰੇਗਾ। ਸਬਕਾ ਸਾਥ, ਸਬਕਾ ਵਿਕਾਸ, ਪੂਰੀ ਜਵਾਬਦੇਹੀ: ਮੋਦੀ ਨੇ ਆਪਣਾ ਮੰਤਰ ਦੁਹਰਾਉਂਦੇ ਹੋਏ ਕਿਹਾ ਕਿ ਭਾਜਪਾ ਦਾ ਮੰਤਰ ਸਬਕਾ ਸਾਥ, ਸਬਕਾ ਵਿਕਾਸ ਹੈ, ਪਰ ਬੰਗਾਲ ਲਈ ਭਾਜਪਾ ਦਾ ਫਾਰਮੂਲਾ ਸਬਕਾ ਸਾਥ, ਸਬਕਾ ਵਿਕਾਸ, ਅਤੇ ਟੀਐਮਸੀ ਦੇ ਲੁਟੇਰਿਆਂ ਦੀ ਪੂਰੀ ਜਵਾਬਦੇਹੀ ਹੋਵੇਗਾ।

## ਗੁਰੂਗ੍ਰਾਮ ਤੇ ਦਿੱਲੀ ਵਿਚਕਾਰ ਸਫਰ ਹੁਣ ਸਿਰਫ 15 ਮਿੰਟਾਂ ਦਾ ਹੋਵੇਗਾ



ਨਵੀਂ ਦਿੱਲੀ 12 ਅਪ੍ਰੈਲ (ਪ੍ਰਤੀਨਿਧੀ): - ਦਿੱਲੀ ਅਤੇ ਗੁਰੂਗ੍ਰਾਮ ਵਿਚਕਾਰ ਰੋਜ਼ਾਨਾ ਟ੍ਰੈਫਿਕ ਜਾਮ ਤੋਂ ਪਰੇਸ਼ਾਨ ਲੋਕਾਂ ਲਈ ਇੱਕ ਬਹੁਤ ਚੰਗੀ ਖ਼ਬਰ ਹੈ। ਕੇਂਦਰ ਸਰਕਾਰ ਨੇ NCR ਵਿੱਚ ਭੀੜ ਘਟਾਉਣ ਲਈ ਇੱਕ ਵੱਡੀ ਯੋਜਨਾ ਤਿਆਰ ਕੀਤੀ ਹੈ, ਜਿਸ ਤਹਿਤ ਮਹਿਰੌਲੀ-ਗੁਰੂਗ੍ਰਾਮ (MG) ਰੋਡ ਸਮੇਤ ਤਿੰਨ ਮੁੱਖ ਹਾਈਵੇਅ ਨੂੰ ਸਿਗਨਲ-ਫ ?ਰੀ (ਬਿਨਾਂ ਲਾਲ ਬੱਤੀ) ਬਣਾਇਆ ਜਾਵੇਗਾ। ਇਸ ਨਾਲ ਪੀਕ ਆਵਰਸ (ਭੀੜ ਵਾਲੇ ਸਮੇਂ) ਦੌਰਾਨ ਲੱਗਣ ਵਾਲਾ ਇੱਕ ਘੰਟੇ ਦਾ ਸਫਰ ਘੱਟ ਕੇ ਸਿਰਫ 15 ਮਿੰਟ ਦਾ ਰਹਿ ਜਾਵੇਗਾ।

ਕੇਂਦਰੀ ਰਾਜ ਮੰਤਰੀ ਹਰਸ਼ ਮਲਹੋਤਰਾ ਨੇ ਲੋਕ ਸਭਾ ਵਿੱਚ ਦੱਸਿਆ ਕਿ ਆਸ਼ਰਮ-ਬਦਰਪੁਰ ਅਤੇ ਮਹਿਰੌਲੀ-ਗੁਰੂਗ੍ਰਾਮ ਵਰਗੇ ਇਲਾਕਿਆਂ ਵਿੱਚ ਕਈ ਫਲਾਈਓਵਰ ਅਤੇ ਨਵੇਂ ਇੰਟਰਚੇਂਜ ਬਣਾਏ ਜਾਣਗੇ। ਇਸ ਦੇ ਨਾਲ ਹੀ, ਗੁਰੂਗ੍ਰਾਮ ਦੇ ਇਫਕੋ ਚੌਕ (IFFCO Chowk) ਨੂੰ ਇੱਕ ਵੱਡਾ ਟ ?ਰਾਂਜ਼ਿਟ ਹੱਬ ਬਣਾਇਆ ਜਾ ਰਿਹਾ ਹੈ, ਜਿੱਥੇ ਮੈਟਰੋ ਅਤੇ RRTS ਦੀਆਂ ਸਹੂਲਤਾਂ ਵੀ ਮਿਲਣਗੀਆਂ। ਮੁੱਖ ਬਦਲਾਅ ਅਤੇ ਫਾਇਦੇ:ਸਮੇਂ ਦੀ ਬਚਤ: ਇੱਕ ਘੰਟੇ ਦਾ ਸਫਰ ਹੁਣ ਸਿਰਫ 15 ਮਿੰਟਾਂ ਵਿੱਚ ਪੂਰਾ ਹੋਵੇਗਾ। ਸਿਗਨਲ-ਫਰੀ ਰਸਤੇ: MG ਰੋਡ ਤੋਂ ਲਾਲ ਬੱਤੀਆਂ ਹਟਾ ਦਿੱਤੀਆਂ ਜਾਣਗੀਆਂ ਤਾਂ ਜੋ ਗੱਡੀਆਂ ਬਿਨਾਂ ਰੁਕੇ ਚੱਲ ਸਕਣ।

## ਵ੍ਰਿੰਦਾਵਨ ਹਾਦਸੇ 'ਚ ਮ੍ਰਿਤਕਾਂ ਦੀ ਗਿਣਤੀ ਵਧੀ, ਦੋ ਹੋਰ ਸ਼ਰਧਾਲੂਆਂ ਦੀਆਂ ਮਿਲੀਆਂ ਲਾਸ਼ਾਂ

ਲੁਧਿਆਣਾ 12 ਅਪ੍ਰੈਲ (ਪ੍ਰਤੀਨਿਧੀ): -: ਵ੍ਰਿੰਦਾਵਨ ਵਿਚ ਯਮੁਨਾ ਨਦੀ ਵਿਚ ਹੋਏ ਦਰਦਨਾਕ ਕਿਸ਼ਤੀ ਹਾਦਸੇ ਤੋਂ ਬਾਅਦ ਹਾਲਾਤ ਹੋਰ ਵੀ ਗ਼ਮਗੀਨ ਹੁੰਦੇ ਜਾ ਰਹੇ ਹਨ। ਲੁਧਿਆਣਾ ਤੋਂ ਗਏ ਯਸ਼ ਭੱਲਾ ਦੇ ਪਿਤਾ ਨੇ ਦੱਸਿਆ ਕਿ ਐਤਵਾਰ ਸਵੇਰ ਤੱਕ ਰੈਸਕਿਊ ਟੀਮਾਂ ਨੇ ਦੋ ਹੋਰ ਲਾਸ਼ਾਂ ਬਰਾਮਦ ਕੀਤੀਆਂ ਹਨ। ਮ੍ਰਿਤਕਾਂ ਦੀ ਪਛਾਣ ਰਿਸ਼ਭ ਸ਼ਰਮਾ (ਜਗਰਾਓਂ) ਅਤੇ ਡਿੰਕੀ (ਲੁਧਿਆਣਾ) ਵਜੋਂ ਹੋਈ ਹੈ। ਯਸ਼ ਭੱਲਾ ਦਾ ਅਜੇ ਤੱਕ ਕੋਈ ਸੁਰਾਗ ਨਹੀਂ ਲੱਗ ਸਕਿਆ ਹੈ, ਜਿਸ ਕਾਰਨ ਪਰਿਵਾਰ ਡੂੰਘੇ ਸਦਮੇ ਵਿਚ ਹੈ। ਪਿਤਾ ਨੇ ਸਰਕਾਰ ਨੂੰ ਭਾਵੁਕ ਅਪੀਲ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਬੇਟੇ ਨੂੰ ਜਲਦ ਤੋਂ ਜਲਦ ਲੱਭਿਆ ਜਾਵੇ। ਉਨ੍ਹਾਂ ਦੱਸਿਆ ਕਿ ਯਸ਼ ਪੜ੍ਹਾਈ ਦੇ ਨਾਲ-ਨਾਲ ਢੋਲਕੀ ਵਜਾਉਂਦਾ ਸੀ ਅਤੇ ਪਰਿਵਾਰ ਦਾ ਬਹੁਤ ਹੀ ਹੋਣਹਾਰ ਬੱਚਾ ਹੈ। ਘਰ ਵਿਚ ਉਸ ਦਾ ਇਕ ਵੱਡਾ ਭਰਾ ਵੀ ਹੈ ਅਤੇ ਪੂਰਾ ਪਰਿਵਾਰ ਉਸ ਦੀ ਸਲਾਮਤੀ ਦੀ ਦੁਆ ਕਰ ਰਿਹਾ ਹੈ। ਹਾਦਸੇ ਦੇ ਕਾਰਨਾਂ ਬਾਰੇ ਪਿਤਾ ਨੇ ਦੱਸਿਆ ਕਿ ਕਿਸ਼ਤੀ ਪੁਲ ? ਨਾਲ ਟਕਰਾਉਣ ਕਾਰਨ ਹਾਦਸਾ ਵਾਪਰਿਆ। ਉਸ ਸਮੇਂ ਤੇਜ਼ ਹਵਾ ਚੱਲ ਰਹੀ ਸੀ, ਜਿਸ ਕਾਰਨ ਕਿਸ਼ਤੀ ਦਾ ਸੰਤੁਲਨ ਵਿਗੜ ਗਿਆ ਅਤੇ ਉਹ ਪਲਟ ਗਈ। ਦੂਜੀ ਕਿਸ਼ਤੀ ਤੋਂ ਲੋਕਾਂ ਦੀ ਜਾਨ ਬਚਾਉਣ ਲਈ ਰੱਸੀਆਂ ਸੁੱਟੀਆਂ ਗਈਆਂ, ਜਿਨ੍ਹਾਂ ਦੀ ਮਦਦ ਨਾਲ ਕੁਝ ਲੋਕਾਂ ਨੂੰ ਸੁਰੱਖਿਅਤ ਬਾਹਰ ਕੱਢਿਆ ਗਿਆ। ਇਸ ਹਾਦਸੇ ਤੋਂ ਬਾਅਦ ਪੀੜਤ ਪਰਿਵਾਰਾਂ ਦਾ ਬੁਰਾ ਹਾਲ ਹੈ, ਜਿਨ੍ਹਾਂ ਘਰਾਂ ਦੇ ਚਿਰਾਗ ਬੁੱਝ ਗਏ ਹਨ, ਉੱਥੇ ਮਾਤਮ ਪਸਰਿਆ ਹੋਇਆ ਹੈ ਅਤੇ ਪਰਿਵਾਰਕ ਮੈਂਬਰ ਰੋ-ਰੋ ਕੇ ਬੇਸੁੱਧ ਹਨ।

## ਦੇਸ਼ 'ਚ 25 ਫੀਸਦੀ ਤੱਕ ਦਵਾਈਆਂ ਨਕਲੀ, ਕਮਜ਼ੋਰ ਕਾਨੂੰਨ ਕਾਰਨ ਨਹੀਂ ਰੁਕ ਰਿਹਾ ਕਾਰੋਬਾਰ

ਨਵੀਂ ਦਿੱਲੀ 12 ਅਪ੍ਰੈਲ (ਪ੍ਰਤੀਨਿਧੀ): - ਦੇਸ਼ 'ਚ ਨਕਲੀ ਦਵਾਈਆਂ ਦਾ ਕਾਰੋਬਾਰ ਲਗਾਤਾਰ ਵਧਦਾ ਜਾ ਰਿਹਾ ਹੈ ਅਤੇ ਇਸ ਨੂੰ ਰੋਕਣ 'ਚ ਕਾਨੂੰਨ ਦੀਆਂ ਖਾਮੀਆਂ ਵੱਡੀ ਰੁਕਾਵਟ ਬਣ ਰਹੀਆਂ ਹਨ। ਹਾਲਾਤ ਇੰਨੇ ਚਿੰਤਾਜਨਕ ਹੋ ਚੁੱਕੇ ਹਨ ਕਿ ਘਰੇਲੂ ਫਾਰਮਾ ਬਾਜ਼ਾਰ 'ਚ ਲੱਗਭਗ 25 ਫੀਸਦੀ ਤੱਕ ਦਵਾਈਆਂ ਨਕਲੀ ਜਾਂ ਘਟੀਆ ਮਿਆਰ ਦੀਆਂ ਦੱਸੀਆਂ ਜਾ ਰਹੀਆਂ ਹਨ। ਮਾਹਿਰਾਂ ਦਾ ਮੰਨਣਾ ਹੈ ਕਿ ਸਖ਼ਤ ਕਾਨੂੰਨ ਅਤੇ ਵਸੀਲਿਆਂ ਦੀ ਕਮੀ ਕਾਰਨ ਇਸ ਗੈਰ-ਕਾਨੂੰਨੀ ਕਾਰੋਬਾਰ 'ਤੇ ਪ੍ਰਭਾਵਸ਼ਾਲੀ ਕੰਟਰੋਲ ਨਹੀਂ ਹੋ ਰਿਹਾ। ਸੂਤਰਾਂ ਅਨੁਸਾਰ ਕੋਰੋਨਾ ਮਹਾਮਾਰੀ ਤੋਂ ਬਾਅਦ ਨਕਲੀ ਦਵਾਈਆਂ ਦਾ ਨੈੱਟਵਰਕ ਤੇਜ਼ੀ ਨਾਲ ਫੈਲ ਗਿਆ ਹੈ। ਦੇਸ਼ ਦੇ ਕਈ ਹਿੱਸਿਆਂ 'ਚ ਇਹ ਧੰਦਾ ਸੰਗਠਿਤ ਰੂਪ ਲੈ ਚੁੱਕਾ ਹੈ, ਜਿੱਥੇ ਦਵਾਈਆਂ ਦੇ ਨਾਂ 'ਤੇ ਲੋਕਾਂ ਦੀ ਸਿਹਤ ਨਾਲ ਖਿਲਵਾੜ ਕੀਤਾ ਜਾ ਰਿਹਾ ਹੈ। ਖ਼ਾਸ ਕਰ ਕੇ ਉੱਤਰ ਭਾਰਤ ਦੇ ਕੁਝ ਸੂਬਿਆਂ 'ਚ ਇਸ ਦਾ ਉਤਪਾਦਨ ਅਤੇ ਵੰਡ ਵਧੇਰੇ ਸਰਗਰਮ ਦੱਸੀ ਜਾ ਰਹੀ ਹੈ। ਅੰਕੜਿਆਂ ਮੁਤਾਬਕ ਨਕਲੀ ਦਵਾਈਆਂ ਦਾ ਕਾਰੋਬਾਰ ਸਾਲਾਨਾ 15 ਹਜ਼ਾਰ ਕਰੋੜ ਰੁਪਏ ਤੋਂ ਵੱਧ ਦਾ ਹੋ ਚੁੱਕਾ ਹੈ ਅਤੇ ਹਰ ਸਾਲ ਇਸ 'ਚ 20 ਤੋਂ 25 ਫੀਸਦੀ ਤੱਕ ਦਾ ਵਾਧਾ ਦਰਜ ਕੀਤਾ ਜਾ ਰਿਹਾ ਹੈ। ਇਹ ਨਾ ਸਿਰਫ਼ ਅਰਥਵਿਵਸਥਾ ਨੂੰ ਨੁਕਸਾਨ ਪਹੁੰਚਾ ਰਿਹਾ ਹੈ, ਸਗੋਂ ਮਰੀਜ਼ਾਂ ਦੀ ਜਾਨ ਲਈ ਵੀ ਵੱਡਾ ਖ਼ਤਰਾ ਬਣ ਚੁੱਕਾ ਹੈ। ਮਾਹਿਰਾਂ ਦਾ ਕਿਹਾ ਹੈ ਕਿ ਮੌਜੂਦਾ ਕਾਨੂੰਨਾਂ 'ਚ ਕਈ ਖਾਮੀਆਂ ਹਨ, ਜਿਨ੍ਹਾਂ ਕਾਰਨ ਜਾਂਚ ਏਜੰਸੀਆਂ ਅਤੇ ਡਰੱਗ ਇੰਸਪੈਕਟਰਾਂ ਨੂੰ ਸਖ਼ਤ ਕਾਰਵਾਈ ਕਰਨ 'ਚ ਦਿੱਕਤ ਆਉਂਦੀ ਹੈ।




## ਬਿਹਾਰ ਦੇ ਨਵੇਂ ਮੁੱਖ ਮੰਤਰੀ ਦੀ ਚੋਣ ਲਈ ਸ਼ਿਵਰਾਜ ਚੌਹਾਨ ਕੇਂਦਰੀ ਆਬਜ਼ਰਵਰ ਨਿਯੁਕਤ



ਨਵੀਂ ਦਿੱਲੀ 12 ਅਪ੍ਰੈਲ (ਪ੍ਰਤੀਨਿਧੀ): - ਭਾਜਪਾ ਨੇ ਕੇਂਦਰੀ ਖੇਤੀਬਾੜੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੂੰ ਬਿਹਾਰ ਵਿੱਚ ਪਾਰਟੀ ਦੇ ਵਿਧਾਇਕ ਦਲ ਦੇ ਆਗੂ ਦੀ ਚੋਣ ਲਈ ਕੇਂਦਰੀ ਆਬਜ਼ਰਵਰ ਨਿਯੁਕਤ ਕੀਤਾ ਹੈ, ਜਿਸ ਨਾਲ ਸੂਬੇ ਦੇ ਮੁੱਖ ਮੰਤਰੀ ਦੀ ਚੋਣ ਦਾ ਰਸਤਾ ਸਾਫ਼ ਹੋ ਗਿਆ ਹੈ। ਪੂਰਬੀ ਸੂਬੇ (ਬਿਹਾਰ) ਵਿੱਚ ਭਾਜਪਾ ਦਾ ਇਹ ਪਹਿਲਾ ਮੁੱਖ ਮੰਤਰੀ ਹੋਵੇਗਾ। ਇਸ ਤੋਂ ਪਹਿਲਾਂ ਨੀਤੀਸ਼ ਕੁਮਾਰ ਨੇ 10 ਅਪਰੈਲ ਨੂੰ ਰਾਜ ਸਭਾ ਮੈਂਬਰ ਵਜੋਂ ਸਹੁੰ ਚੁੱਕੀ ਸੀ ਅਤੇ ਹੁਣ ਉਹ ਕੇਂਦਰ ਵਿੱਚ ਜਾਣਗੇ। ਇੱਕ ਵਾਰ ਜਦੋਂ ਭਾਜਪਾ ਦਾ ਆਪਣਾ ਮੁੱਖ ਮੰਤਰੀ ਬਣ ਜਾਵੇਗਾ ਤਾਂ ਸੂਬੇ ਦੀ ਕੈਬਨਿਟ ਵਿੱਚ ਫੇਰਬਦਲ ਵੀ ਹੋਵੇਗਾ, ਜਿਸ ਵਿੱਚ ਕੁਝ ਨਵੇਂ ਚਿਹਰੇ ਸ਼ਾਮਲ ਕੀਤੇ ਜਾਣ ਦੀ ਉਮੀਦ ਹੈ। ਹਾਲਾਂਕਿ ਆਮ ਚਰਚਾ ਇਹ ਹੈ ਕਿ ਭਾਜਪਾ ਦੇ ਦੋ ਉਪ ਮੁੱਖ ਮੰਤਰੀਆਂ ਵਿੱਚੋਂ ਇੱਕ, ਸਮਰਾਟ ਚੌਧਰੀ ਜਾਂ ਵਿਜੇ ਸਿਨਹਾ ਨੂੰ ਮੁੱਖ ਮੰਤਰੀ ਦਾ ਅਹੁਦਾ ਦਿੱਤਾ ਜਾ ਸਕਦਾ ਹੈ ਪਰ ਅੰਦਰੂਨੀ ਸੂਤਰਾਂ ਦਾ ਕਹਿਣਾ ਹੈ ਕਿ ਕੋਈ ਨਵਾਂ ਚਿਹਰਾ ਵੀ ਸਾਹਮਣੇ ਆ ਸਕਦਾ ਹੈ, ਠੀਕ ਉਸੇ ਤਰ੍ਹਾਂ ਜਿਵੇਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਜੇਪੀ ਨੱਡਾ ਦੀ ਥਾਂ ਬਿਹਾਰ ਦੇ ਮੰਤਰੀ ਅਤੇ ਵਿਧਾਇਕ ਨਿਤਿਨ ਨਬੀਨ ਨੂੰ ਪਾਰਟੀ ਦਾ ਕੌਮੀ ਪ੍ਰਧਾਨ ਬਣਾ ਕੇ ਸਭ ਨੂੰ ਹੈਰਾਨ ਕਰ ਦਿੱਤਾ ਸੀ।

## ਕਾਂਗਰਸ ਪ੍ਰਧਾਨ ਮਲਿਕਾਅਰਜੁਨ ਖੜਗੇ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਲਿਖ਼ਿਆ ਪੱਤਰ

ਨਵੀਂ ਦਿੱਲੀ 12 ਅਪ੍ਰੈਲ (ਪ੍ਰਤੀਨਿਧੀ): - : ਕਾਂਗਰਸ ਪ੍ਰਧਾਨ ਅਤੇ ਰਾਜ ਸਭਾ ਦੇ ਵਿਰੋਧੀ ਧਿਰ ਦੇ ਨੇਤਾ ਮਲਿਕਾਅਰਜੁਨ ਖੜਗੇ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਲਿਖਿਆ ਹੈ, ਮੈਨੂੰ 16 ਅਪ੍ਰੈਲ ਤੋਂ ਨਾਰੀ ਸ਼ਕਤੀ ਵੰਦਨ ਅਧਿਨਿਯਮ 'ਤੇ ਚਰਚਾ ਲਈ ਸੰਸਦ ਦੇ ਵਿਸ਼ੇਸ਼ ਇਜਲਾਸ ਬਾਰੇ ਤੁਹਾਡਾ ਪੱਤਰ ਹੁਣੇ ਹੀ ਮਿਲਿਆ ਹੈ... ਇਹ ਵਿਸ਼ੇਸ਼ ਇਜਲਾਸ ਸਾਨੂੰ ਵਿਸ਼ਵਾਸ ਵਿਚ ਲਏ ਬਿਨਾਂ ਬੁਲਾਇਆ ਗਿਆ ਹੈ ਅਤੇ ਤੁਹਾਡੀ ਸਰਕਾਰ ਹੋਣ ਵਾਲੀ ਹੱਦਬੰਦੀ ਬਾਰੇ ਕੋਈ ਵੀ ਵੇਰਵਾ ਦੱਸੇ ਬਿਨਾਂ ਦੁਬਾਰਾ ਸਾਡਾ ਸਹਿਯੋਗ ਮੰਗ ਰਹੀ ਹੈ। ਤੁਸੀਂ ਇਸ ਗੱਲ ਦੀ ਕਦਰ ਕਰੋਗੇ ਕਿ ਹੱਦਬੰਦੀ ਅਤੇ ਹੋਰ ਪਹਿਲੂਆਂ ਦੇ ਵੇਰਵਿਆਂ ਤੋਂ ਬਿਨਾਂ, ਇਸ ਇਤਿਹਾਸਕ ਕਾਨੂੰਨ 'ਤੇ ਕੋਈ ਲਾਭਦਾਇਕ ਚਰਚਾ ਕਰਨਾ ਅਸੰਭਵ ਹੋਵੇਗਾ । ਤੁਸੀਂ ਆਪਣੇ ਪੱਤਰ ਵਿਚ ਜ਼ਿਕਰ ਕਰਦੇ ਹੋ ਕਿ ਤੁਹਾਡੀ ਸਰਕਾਰ ਇਸ ਬਾਰੇ ਰਾਜਨੀਤਿਕ ਪਾਰਟੀਆਂ ਨਾਲ ਗੱਲਬਾਤ ਕਰ ਰਹੀ ਹੈ। ਹਾਲਾਂਕਿ, ਮੈਨੂੰ ਇਹ ਦੱਸਦੇ ਹੋਏ ਦੁੱਖ ਹੋ ਰਿਹਾ ਹੈ ਕਿ ਇਹ ਸੱਚਾਈ ਦੇ ਵਿਰੁੱਧ ਹੈ ਕਿਉਂਕਿ ਸਾਰੀਆਂ ਵਿਰੋਧੀ ਪਾਰਟੀਆਂ ਸਰਕਾਰ ਨੂੰ 29 ਅਪ੍ਰੈਲ 2026 ਨੂੰ ਮੌਜੂਦਾ ਦੌਰ ਦੀਆਂ ਚੋਣਾਂ ਖ਼ਤਮ ਹੋਣ ਤੋਂ ਬਾਅਦ ਸੰਵਿਧਾਨ ਸੋਧਾਂ 'ਤੇ ਵਿਚਾਰ ਕਰਨ ਲਈ ਸਰਬ-ਪਾਰਟੀ ਮੀਟਿੰਗ ਬੁਲਾਉਣ ਦੀ ਅਪੀਲ ਕਰ ਰਹੀਆਂ ਹਨ। ਚੱਲ ਰਹੀਆਂ ਰਾਜ ਚੋਣਾਂ ਦੌਰਾਨ ਇਕ ਵਿਸ਼ੇਸ਼ ਇਜਲਾਸ ਬੁਲਾਉਣ ਨਾਲ ਸਾਡੇ ਵਿਸ਼ਵਾਸ ਨੂੰ ਹੋਰ ਮਜ਼ਬੂਤੀ ਮਿਲਦੀ ਹੈ ਕਿ ਤੁਹਾਡੀ ਸਰਕਾਰ ਔਰਤਾਂ ਨੂੰ ਸੱਚਮੁੱਚ ਸਸ਼ਕਤ ਬਣਾਉਣ ਦੀ ਬਜਾਏ ਰਾਜਨੀਤਿਕ ਲਾਭ ਪ੍ਰਾਪਤ ਕਰਨ ਲਈ ਬਿੱਲ ਨੂੰ ਲਾਗੂ ਕਰਨ ਵਿਚ ਜਲਦੀ ਕਰ ਰਹੀ ਹੈ। ਜੇਕਰ ਵਿਸ਼ੇਸ਼ ਬੈਠਕ ਦਾ ਮਕਸਦ ਸਾਡੇ ਲੋਕਤੰਤਰ ਨੂੰ ਮਜ਼ਬੂਤ ਕਰਨਾ ਅਤੇ ਸਾਰਿਆਂ ਨੂੰ ਨਾਲ ਲੈ ਕੇ ਅੱਗੇ ਵਧਣਾ ਹੈ ਜਿਵੇਂ ਕਿ ਤੁਸੀਂ ਪੱਤਰ ਵਿੱਚ ਲਿਖਿਆ ਹੈ, ਤਾਂ ਮੈਂ ਸੁਝਾਅ ਦੇਵਾਂਗਾ ਕਿ ਸਰਕਾਰ 29 ਅਪ੍ਰੈਲ ਤੋਂ ਬਾਅਦ ਕਿਸੇ ਵੀ ਸਮੇਂ ਇਕ ਸਰਬ-ਪਾਰਟੀ ਮੀਟਿੰਗ ਬੁਲਾਵੇ ਤਾਂ ਜੋ ਹੱਦਬੰਦੀ ਮੁੱਦੇ 'ਤੇ ਚਰਚਾ ਕੀਤੀ ਜਾ ਸਕੇ ਜਿਸ ਨੂੰ ਨਾਰੀ ਸ਼ਕਤੀ ਵੰਦਨ ਅਧਿਨੀਅਮ, 2023 ਵਿੱਚ ਸੋਧ ਨਾਲ ਜੋੜਿਆ ਜਾ ਰਿਹਾ ਹੈ।

## ਬਾਲੀਵੁੱਡ ਗਾਇਕਾ ਆਸ਼ਾ ਭੋਸਲੇ ਦਾ ਹੋਇਆ ਦੇਹਾਂਤ



ਮੁੰਬਈ 12 ਅਪ੍ਰੈਲ (ਪ੍ਰਤੀਨਿਧੀ): ਬਾਲੀਵੁੱਡੀ ਗਾਇਕਾ ਅਤੇ ਪਦਮ ਵਿਭੂਸ਼ਣ ਪੁਰਸਕਾਰ ਜੇਤੂ ਆਸ਼ਾ ਭੋਸਲੇ ਦਾ 93 ਸਾਲ ਦੀ ਉਮਰ ਵਿੱਚ ਦੇਹਾਂਤ ਹੋ ਗਿਆ। ਮਹਾਰਾਸ਼ਟਰ ਦੇ ਸੱਭਿਆਚਾਰਕ ਮੰਤਰੀ ਆਸ਼ੀਸ਼ ਸ਼ੇਲਾਰ ਨੇ ਇਸ ਦੀ ਪੁਸ਼ਟੀ ਕੀਤੀ, ਇਸ ਮੌਕੇ ਡਾਕਟਰ ਪ੍ਰਤੀਤ ਸਮਦਾਨੀ ਵੀ ਉਨ੍ਹਾਂ ਦੇ ਨਾਲ ਮੌਜੂਦ ਸਨ। ਉਨ੍ਹਾਂ ਦਾ ਅੰਤਿਮ ਸੰਸਕਾਰ ਭਲਕੇ ਸ਼ਾਮ 4:00 ਵਜੇ ਸ਼ਿਵਾਜੀ ਪਾਰਕ ਵਿਖੇ ਕੀਤਾ ਜਾਵੇਗਾ।

## 3 ਜੁਲਾਈ ਤੋਂ ਸ਼ੁਰੂ ਹੋਵੇਗੀ ਅਮਰਨਾਥ ਯਾਤਰਾ, 57 ਦਿਨ ਚੱਲੇਗੀ



ਹਰਿਦੁਆਰ 12 ਅਪ੍ਰੈਲ (ਪ੍ਰਤੀਨਿਧੀ): ਅਮਰਨਾਥ ਯਾਤਰਾ ਦੀਆਂ ਤਰੀਕਾਂ ਦਾ ਐਲਾਨ ਕਰ ਦਿੱਤਾ ਗਿਆ ਹੈ। ਜੰਮੂ-ਕਸ਼ਮੀਰ ਦੇ ਉਪ ਰਾਜਪਾਲ ਮਨੋਜ ਸਿਨਹਾ ਨੇ ਕਿਹਾ ਕਿ ਇਸ ਸਾਲ ਇਹ ਯਾਤਰਾ 3 ਜੁਲਾਈ ਤੋਂ 28 ਅਗਸਤ ਤੱਕ ਚੱਲੇਗੀ। ਇਸ 57 ਦਿਨਾਂ ਦੀ ਯਾਤਰਾ ਲਈ ਪਹਿਲਾ ਜੱਥਾ ਜੰਮੂ ਦੇ ਭਗਵਤੀ ਨਗਰ ਬੇਸ ਕੈਂਪ ਤੋਂ ਰਵਾਨਾ ਹੋਵੇਗਾ। ਯਾਤਰਾ ਲਈ ਰਜਿਸਟਰੇਸ਼ਨ 15 ਅਪ੍ਰੈਲ ਤੋਂ ਸ਼ੁਰੂ ਹੋਵੇਗੀ। ਐਲਜੀ ਸਿਨਹਾ ਨੇ ਤੀਰਥ ਯਾਤਰਾ ਬਾਰੇ ਜਾਣਕਾਰੀ ਦਿੰਦੇ ਹੋਏ ਮੀਡੀਆ ਨੂੰ ਦੱਸਿਆ ਕਿ 13 ਤੋਂ 70 ਸਾਲ ਦੀ ਉਮਰ ਦਾ ਕੋਈ ਵੀ ਵਿਅਕਤੀ ਤੀਰਥ ਯਾਤਰਾ ਕਰ ਸਕਦਾ ਹੈ। ਗੁਫਾ ਵਿੱਚ ਪਹਿਲੀ ਪੂਜਾ 19 ਜੂਨ, ਜੇਠ ਦੀ ਪੂਰਨਮਾਸ਼ੀ ਵਾਲੇ ਦਿਨ ਕੀਤੀ ਜਾਵੇਗੀ। ਅਨੰਤਨਾਗ ਤੋਂ ਰਵਾਇਤੀ 48 ਕਿਲੋਮੀਟਰ ਲੰਬਾ ਨੂਨਵਾਨ-ਪਹਿਲਗਾਮ ਰਸਤਾ ਅਤੇ ਗੰਦਰਬਲ ਤੋਂ 14 ਕਿਲੋਮੀਟਰ ਲੰਬਾ ਬਾਲਟਾਲ ਰਸਤਾ ਯਾਤਰਾ ਲਈ ਖੁੱਲ੍ਹਾ ਰਹੇਗਾ। ਐਲਜੀ ਸਿਨਹਾ ਨੇ ਕਿਹਾ ਕਿ ਯਾਤਰਾ ਲਈ ਰਜਿਸਟ ?ਰੇਸ਼ਨ ਦੇਸ਼ ਭਰ ਵਿੱਚ ਲਗਭਗ 556 ਨਿਰਧਾਰਤ ਬੈਂਕ ਸ਼ਾਖਾਵਾਂ ਰਾਹੀਂ ਕੀਤੀ ਜਾ ਸਕਦੀ ਹੈ, ਜਦੋਂ ਕਿ ਆਨਲਾਈਨ ਰਜਿਸਟ ?ਰੇਸ਼ਨ ਸ਼੍ਰੀ ਅਮਰਨਾਥਜੀ ਸ਼ਰਾਈਨ ਬੋਰਡ ਦੀ ਅਧਿਕਾਰਤ ਵੈੱਬਸਾਈਟ ਰਾਹੀਂ ਵੀ ਕੀਤੀ ਜਾਵੇਗੀ। ਰਜਿਸਟ ?ਰੇਸ਼ਨ ਲਈ, ਯਾਤਰਾ ਰਜਿਸਟ ?ਰੇਸ਼ਨ ਫਾਰਮ ਯੈੱਸ ਬੈਂਕ, ਆਈਸੀਆਈਸੀਆਈ ਬੈਂਕ, ਪੰਜਾਬ ਨੈਸ਼ਨਲ ਬੈਂਕ, ਸਟੇਟ ਬੈਂਕ ਆਫ਼ ਇੰਡੀਆ ਅਤੇ ਐਕਸਿਸ ਬੈਂਕ ਦੀਆਂ ਸ਼ਾਖਾਵਾਂ 'ਤੇ ਉਪਲਬਧ ਹੋਣਗੇ।

## ਭਾਜਪਾ ਦਾ ਆਪਣੇ ਸੰਸਦ ਮੈਂਬਰਾਂ ਲਈ ਵਹਿਪ ਜਾਰੀ; ਵਿਸ਼ੇਸ਼ ਸੈਸ਼ਨ 'ਚ ਹਾਜ਼ਰ ਹੋਣ ਦੇ ਨਿਰਦੇਸ਼

ਨਵੀਂ ਦਿੱਲੀ, 12 ਅਪ੍ਰੈਲ (ਪ੍ਰਤੀਨਿਧੀ) ਭਾਰਤੀ ਜਨਤਾ ਪਾਰਟੀ ਨੇ ਐਤਵਾਰ ਨੂੰ ਲੋਕ ਸਭਾ ਅਤੇ ਰਾਜ ਸਭਾ ਵਿੱਚ ਆਪਣੇ ਸਾਰੇ ਸੰਸਦ ਮੈਂਬਰਾਂ ਨੂੰ 'ਥਰੀ-ਲਾਈਨ ਵਹਿਪ' ਜਾਰੀ ਕੀਤਾ ਹੈ। ਇਸ ਵਿੱਚ ਉਨ੍ਹਾਂ ਨੂੰ 16 ਤੋਂ 18 ਅਪਰੈਲ ਤੱਕ ਹੋਣ ਵਾਲੇ ਸੰਸਦ ਦੇ ਵਿਸ਼ੇਸ਼ ਸੈਸ਼ਨ ਦੌਰਾਨ ਸਦਨ ਵਿੱਚ ਹਾਜ਼ਰ ਰਹਿਣ ਦੇ ਨਿਰਦੇਸ਼ ਦਿੱਤੇ ਗਏ ਹਨ। ਪਾਰਟੀ ਨੇ ਸਪੱਸ਼ਟ ਕੀਤਾ ਹੈ ਕਿ ਇਸ ਦੌਰਾਨ ਸਦਨ ਵਿੱਚ ਹਾਜ਼ਰੀ ਲਾਜ਼ਮੀ ਹੈ ਅਤੇ ਕਿਸੇ ਨੂੰ ਵੀ ਛੁੱਟੀ ਨਹੀਂ ਮਿਲੇਗੀ।

ਪੱਤਰ ਵਿੱਚ ਲਿਖਿਆ ਗਿਆ ਹੈ, ਵੀਰਵਾਰ ਤੋਂ ਸ਼ਨਿਚਰਵਾਰ, 16 ਤੋਂ 18 ਅਪਰੈਲ 2026 ਤੱਕ ਲੋਕ ਸਭਾ ਅਤੇ ਰਾਜ ਸਭਾ ਦੇ ਸਾਰੇ ਭਾਜਪਾ ਮੈਂਬਰਾਂ ਨੂੰ 'ਥਰੀ-ਲਾਈਨ ਵਹਿਪ' ਜਾਰੀ ਕੀਤਾ ਜਾ ਰਿਹਾ ਹੈ। ਸਾਰੇ ਮਾਣਯੋਗ ਕੇਂਦਰੀ ਮੰਤਰੀਆਂ ਅਤੇ ਮੈਂਬਰਾਂ ਨੂੰ ਬੇਨਤੀ ਹੈ ਕਿ ਉਹ ਉਪਰੋਕਤ ਤਿੰਨ ਦਿਨਾਂ ਦੌਰਾਨ ਸਦਨ ਵਿੱਚ ਹਾਜ਼ਰ ਰਹਿਣ। ਸਦਨ ਵਿੱਚ ਹਾਜ਼ਰੀ ਲਾਜ਼ਮੀ ਹੈ। ਕੋਈ ਛੁੱਟੀ ਨਹੀਂ ਮਿਲੇਗੀ। ਮੈਂਬਰਾਂ ਨੂੰ ਵ ?ਹਿਪ ਦੀ ਸਖ਼ਤੀ ਨਾਲ ਪਾਲਣਾ ਕਰਨ ਅਤੇ ਸਦਨ ਵਿੱਚ ਆਪਣੀ ਨਿਰੰਤਰ ਹਾਜ਼ਰੀ ਯਕੀਨੀ ਬਣਾਉਣ ਦੀ ਬੇਨਤੀ ਕੀਤੀ ਜਾਂਦੀ ਹੈ। ਇਹ ਸੈਸ਼ਨ ਮਹਿਲਾ ਰਾਖਵਾਂਕਰਨ ਸੋਧ ਬਿੱਲ 'ਤੇ ਕੇਂਦਰਿਤ ਹੋਵੇਗਾ। ਇਸ ਦੌਰਾਨ ਸਰਕਾਰ ਵੱਲੋਂ ਦੋ ਵੱਡੀਆਂ ਸੋਧਾਂ ਕਰਨ ਦੀ ਯੋਜਨਾ ਬਣਾਈ ਗਈ ਹੈ। ਸਾਲ 2023 ਦਾ 'ਨਾਰੀ ਸ਼ਕਤੀ ਵੰਦਨ ਐਕਟ' ਮਹਿਲਾ ਰਾਖਵਾਂਕਰਨ ਨੂੰ ਨਵੀਂ ਮਰਦਮਸ਼ੁਮਾਰੀ ਅਤੇ ਹੱਦਬੰਦੀ (ਡੀਲਿਮੀਟੇਸ਼ਨ) ਤੋਂ ਬਾਅਦ ਲਾਗੂ ਕਰਨ ਨਾਲ ਜੋੜਦਾ ਸੀ ਪਰ ਹੁਣ ਮਰਦਮਸ਼ੁਮਾਰੀ ਵਿੱਚ ਹੋ ਰਹੀ ਦੇਰੀ ਨੂੰ ਦੇਖਦੇ ਹੋਏ, ਸਰਕਾਰ ਨੇ ਸਾਲ 2011 ਦੇ ਅੰਕੜਿਆਂ ਮੁਤਾਬਕ ਹੀ ਇਸ ਪ੍ਰਕਿਰਿਆ ਨੂੰ ਅੱਗੇ ਵਧਾਉਣ ਦੀ ਤਿਆਰੀ ਕਰ ਲਈ ਹੈ।

## ਗੁਰਦੁਆਰਾ ਬੰਗਲਾ ਸਾਹਿਬ 'ਚ ਲੈਂਟਰ ਦੀ ਕਾਰ ਸੇਵਾ 'ਚ ਹਜ਼ਾਰਾਂ ਸੰਗਤਾਂ ਹੋਈਆਂ ਸ਼ਾਮਲ

### ਕਾਰ ਸੇਵਾ 'ਚ ਸ਼ਾਮਲ ਹੋ ਕੇ ਸੇਵਾ ਕਰਨਾ ਸਾਡਾ ਸੁਭਾਗ: ਕਾਲਕਾ, ਕਾਹਲੋਂ



ਨਵੀਂ ਦਿੱਲੀ, 12 ਅਪ੍ਰੈਲ (ਪ੍ਰਤੀਨਿਧੀ): ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਸਰਦਾਰ ਜਗਦੀਪ ਸਿੰਘ ਕਾਹਲੋਂ ਅਗਵਾਈ ਹੇਠ ਕਮੇਟੀ ਦੇ ਅਹੁਦੇਦਾਰਾਂ ਤੇ ਮੈਂਬਰਾਂ ਨੇ ਅੱਜ ਗੁਰਦੁਆਰਾ ਬੰਗਲਾ ਸਾਹਿਬ ਕੰਪਲੈਕਸ ਵਿਚ ਲੈਂਟਰ ਪਾਉਣ ਦੀ ਕਾਰ ਸੇਵਾ ਵਿਚ ਸ਼ਮੂਲੀਅਤ ਕੀਤੀ। ਇਸ ਮੌਕੇ ਗੱਲਬਾਤ ਕਰਦਿਆਂ ਸਰਦਾਰ ਕਾਲਕਾ ਤੇ ਸਰਦਾਰ ਕਾਹਲੋਂ ਨੇ ਕਿਹਾ ਕਿ ਬਾਬਾ ਬਚਨ ਸਿੰਘ ਜੀ ਕਾਰ ਸੇਵਾ ਵਾਲਿਆਂ ਦੇ ਆਸ਼ੀਰਵਾਦ ਨਾਲ ਤੇ ਬਾਬਾ ਸੁਰਿੰਦਰ ਸਿੰਘ ਜੀ, ਬਾਬਾ ਸਤਨਾਮ ਸਿੰਘ ਜੀ ਤੇ ਬਾਬਾ ਰਵੀ ਸਿੰਘ ਜੀ ਦੀ ਅਗਵਾਈ ਹੇਠ ਇਹ ਕਾਰ ਸੇਵਾ ਚਲ ਰਹੀ ਹੈ ਜਿਸ ਵਿਚ ਦਿੱਲੀ ਦੀਆਂ ਸੰਗਤਾਂ ਵੱਧ ਚੜ੍ਹ ਕੇ ਉਤਸ਼ਾਹ ਨਾਲ ਸ਼ਮੂਲੀਅਤ ਕਰ ਰਹੇ ਹਨ। ਉਹਨਾਂ ਕਿਹਾ ਕਿ ਬਾਬਾ ਬਚਨ ਸਿੰਘ ਜੀ ਦੇ ਆਸ਼ੀਰਵਾਦ ਨਾਲ ਕਮੇਟੀ ਦੇ ਅਨੇਕਾਂ ਕਾਰਜਾਂ ਦੀ ਕਾਰ ਸੇਵਾ ਉਹਨਾਂ ਦੀ ਟੀਮ ਕਰ ਰਹੀ ਹੈ ਜਿਸ ਵਾਸਤੇ ਦਿੱਲੀ ਗੁਰਦੁਆਰਾ ਕਮੇਟੀ ਵੱਡਮੁੱਲਾ ਸਹਿਯੋਗ ਦੇ ਰਹੀ ਹੈ। ਉਹਨਾਂ ਕਿਹਾ ਕਿ ਇਹ ਗੁਰੂ ਸਾਹਿਬ ਦਾ ਆਸ਼ੀਰਵਾਦ ਹੈ ਕਿ ਸਾਨੂੰ ਇਸ ਕਾਰ ਸੇਵਾ ਵਿਚ ਯੋਗਦਾਨ ਪਾਉਣ ਦਾ ਸੁਭਾਗ ਪ੍ਰਾਪਤ ਹੋਇਆ ਹੈ। ਉਹਨਾਂ ਕਿਹਾ ਕਿ ਗੁਰੂ ਘਰ ਵਿਚ ਕਾਰ ਸੇਵਾ ਵਿਚ ਹਿੱਸਾ ਲੈਣਾ ਵਡਭਾਗੇ ਲੋਕਾਂ ਦੇ ਹਿੱਸੇ ਆਉਂਦਾ ਹੈ। ਉਹਨਾਂ ਕਿਹਾ ਕਿ ਪਿਛਲੇ ਚਾਰ ਸਾਲਾਂ ਵਿਚ ਕਮੇਟੀ ਦੀ ਮੌਜੂਦਾ ਟੀਮ ਵੱਲੋਂ ਕੀਤੀ ਯੋਜਨਾਬੰਦੀ ਦੀ ਬਹੁਤ ਸਾਰੇ ਪ੍ਰਾਜੈਕਟ ਸਿਰੇ ਚੜ੍ਹੇ ਹਨ ਤੇ ਬਹੁਤ ਸਾਰੇ ਪ੍ਰਾਜੈਕਟਾਂ ਦੀ ਕਾਰ ਸੇਵਾ ਚਲ ਰਹੀ ਹੈ ਜੋ ਵੱਖ-ਵੱਖ ਪੜਾਅ 'ਤੇ ਹੈ। ਉਹਨਾਂ ਕਿਹਾ ਕਿ ਸੰਗਤਾਂ ਦੇ ਸਹਿਯੋਗ ਨਾਲ ਇਹ ਕੰਮ ਜਲਦੀ ਹੀ ਨੇਪਰੇ ਚੜ੍ਹਨਗੇ।

## ਸ਼ਿਮਲਾ 'ਚ ਸਿੱਖ ਭਾਈਚਾਰੇ 'ਚ ਪੈਦਾ ਹੋਈ ਖਿੱਚੋਤਾਣ

### ਸ਼ਿਮਲਾ ਦੇ ਸੰਜੌਲੀ ਗੁਰਦੁਆਰਾ ਕਮੇਟੀ ਦੀ ਚੋਣ ਦਾ ਵਿਵਾਦ

ਸ਼ਿਮਲਾ 12 ਅਪ੍ਰੈਲ (ਪ੍ਰਤੀਨਿਧੀ): : ਸੰਜੌਲੀ ਗੁਰਦੁਆਰਾ ਕਮੇਟੀ ਚੋਣਾਂ ਨੂੰ ਲੈ ਕੇ ਦੋ ਸਿੱਖ ਸੰਗਠਨ ਆਪਸ ਵਿੱਚ ਉਲਝੇ ਹੋਏ ਹਨ, ਜਿਸ ਵਿੱਚ ਸਰਗਰਮ ਕਮੇਟੀ ਨੂੰ ਮਨਮਾਨੀ ਅਤੇ ਫੰਡਾਂ ਦੀ ਦੁਰਵਰਤੋਂ ਦੇ ਦੋਸ਼ਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸ਼ਿਮਲਾ ਵਿੱਚ ਸੰਜੌਲੀ ਗੁਰਦੁਆਰਾ ਕਮੇਟੀ ਦੀਆਂ ਚੋਣਾਂ ਨੂੰ ਲੈ ਕੇ ਦੋ ਸਿੱਖ ਸੰਗਠਨਾਂ ਵਿੱਚ ਟਕਰਾਅ ਹੋ ਇਆ ਹੈ। ਕਾਰਜਕਾਰੀ ਕਮੇਟੀ ਦੇ ਮੈਂਬਰਾਂ ਨੇ ਸ਼ਿਮਲਾ ਵਿੱਚ ਇੱਕ ਪ੍ਰੈਸ ਕਾਨਫਰੰਸ ਦੌਰਾਨ ਕਿਹਾ ਕਿ ਸੰਜੌਲੀ ਗੁਰਦੁਆਰਾ ਸਾਹਿਬ ਵਿੱਚ ਚੋਣਾਂ ਨਿਯਮਾਂ ਅਨੁਸਾਰ ਨਹੀਂ ਹੋ ਰਹੀਆਂ। ਸ਼ਿਮਲਾ ਦੇ ਐਸਡੀਐਮ, ਸ਼ਿਮਲਾ ਡੀਸੀ ਅਤੇ ਸ਼ਿਮਲਾ ਦੇ ਐਸਪੀ ਨੂੰ ਕਈ ਵਾਰ ਲਿਖਤੀ ਸ਼ਿਕਾਇਤਾਂ ਦਿੱਤੀਆਂ ਗਈਆਂ ਹਨ, ਪਰ ਰਾਜਨੀਤਿਕ ਦਬਾਅ ਕਾਰਨ ਮਾਮਲੇ ਨੂੰ ਨਜ਼ਰਅੰਦਾਜ਼ ਕਰ ਦਿੱਤਾ ਗਿਆ ਹੈ। ਹੁਣ, ਇਨਸਾਫ਼ ਦੀ ਮੰਗ ਲਈ ਕੋਆਪਰੇਟਿਵ ਸੋਸਾਇਟੀ ਅਤੇ ਹਾਈ ਕੋਰਟ ਵਿੱਚ ਸ਼ਿਕਾਇਤਾਂ ਦਾਇਰ ਕੀਤੀਆਂ ਗਈਆਂ ਹਨ। ਕਾਰਜਕਾਰੀ ਕਮੇਟੀ ਦੇ ਮੈਂਬਰਾਂ ਨੇ ਕਿਹਾ ਕਿ ਪਿਛਲੀ ਕਮੇਟੀ ਦੇ ਮੈਂਬਰਾਂ ਨੇ ਵੀ ਗੁਰਦੁਆਰੇ ਦੇ ਫੰਡਾਂ ਦੀ ਦੁਰਵਰਤੋਂ ਕੀਤੀ। ਪਿਛਲੇ ਸੀਸੀਟੀਵੀ ਕੈਮਰੇ ਹਟਾ ਦਿੱਤੇ ਗਏ ਸਨ ਅਤੇ ਨਵੇਂ ਲਗਾਏ ਗਏ ਸਨ। ਸੰਗਮਰਮਰ ਦੇ ਫਰਸ਼ ਉੱਤੇ ਨਵੀਆਂ ਟਾਈਲਾਂ ਵੀ ਲਗਾਈਆਂ ਗਈਆਂ ਸਨ, ਜੋ ਕਿ ਬੇਲੋੜੀਆਂ ਸਨ। ਸੰਗਤ ਦੇ ਪੈਸੇ ਨੂੰ ਲੋੜਵੰਦ ਲੋਕਾਂ ਦੀ ਸੇਵਾ ਲਈ ਵਰਤਿਆ ਜਾ ਸਕਦਾ ਹੈ ਪਰ ਇੱਥੇ ਕਾਰਜਕਾਰੀ ਕਮੇਟੀ ਨੇ ਇਸ ਨੂੰ ਕਿਤੇ ਹੋਰ ਵਰਤਿਆ ਹੈ ਜੋ ਨਿਯਮਾਂ ਦੇ ਵਿਰੁੱਧ ਹੈ।

## ਸੰਪਾਦਕੀ

# ਪੰਜਾਬ ਦੇ ਮਸਲਿਆਂ ਨੂੰ ਉਭਾਰੇ ਅਕਾਲੀ ਦਲ

ਸ਼੍ਰੋਮਣੀ ਅਕਾਲੀ ਦਲ ਦੀ ਬੜਕ ਕਦੇ ਦਿੱਲੀ ਤਖਤ ਦੀਆਂ ਚੂਲਾਂ ਹਿਲਾ ਦਿਆ ਕਰਦੀ ਸੀ ਪਰ 1996 ਤੋਂ ਭਾਰਤੀ ਜਨਤਾ ਪਾਰਟੀ ਨਾਲ ਕੀਤੀ ਸਾਂਝ ਭਿਆਲੀ ਅਕਾਲੀ ਦਲ ਨੂੰ ਏਨੀ ਮਹਿਗੀ ਪਵੇਗੀ ਕਿ ਅਕਾਲੀ ਦਲ ਦੇ ਦਿੱਗਜਾਂ ਨੂੰ ਖੁਦ ਨੂੰ ਵੀ ਇਹ ਇਲਮ ਨਹੀਂ ਸੀ। ਜਦੋਂ 1997 ਵਿਚ ਅਕਾਲੀ-ਭਾਜਪਾ ਗੱਠਜੋੜ ਦੀ ਪਹਿਲੀ ਵਾਰ ਸਰਕਾਰ ਬਣੀ ਤਾਂ ਉਸਦੇ ਸਮੁੱਚੀ ਕੈਬਨਿਟ ਵਿਚ ਦੋ ਮੰਤਰੀ ਸਨ। ਉਸ ਸਮੇਂ ਉਹ ਆਪਣੀ ਡਿਪਟੀ ਮੁੱਖ ਮੰਤਰੀ ਬਣਾਉਣ ਦੀ ਹਸਰਤ ਤਾਂ ਅੰਦਰਖਾਤ ਪਾਲਦੇ ਸਨ ਪਰ ਇਸ ਬਾਰੇ ਨਾ ਹੀ ਉਨ੍ਹਾਂ ਖੁੱਲਕੇ ਮੰਗ ਕੀਤੀ ਅਤੇ ਨਾ ਹੀ ਇਸਨੂੰ ਕਦੇ ਮੁੱਦਾ ਬਣਾਇਆ। 2017 ਵਿਚ ਅਕਾਲੀ ਭਾਜਪਾ ਗੱਠਜੋੜ ਸੱਤਾ ਤੋਂ ਬਾਹਰ ਹੋ ਗਿਆ। ਦੋਵਾਂ ਪਾਰਟੀਆਂ ਵਿਚ ਅੰਦਰਖਾਤੇ ਖੁਸਰ ਫੁਸਰ ਹੋਣੀ ਸ਼ੁਰੂ ਹੋ ਗਈ। ਇਸੇ ਦੌਰਾਨ ਬੇਅਦਬੀ ਦੀਆਂ ਘਟਨਾਵਾਂ ਮੌਕੇ ਵੀ ਭਾਜਪਾ ਨੇ ਚੁੱਪ ਧਾਰੀ ਰੱਖੀ ਅਤੇ ਕਿਸੇ ਕਿਸਮ ਦੀ ਬਿਆਨਬਾਜੀ ਕਰਨ ਤੋਂ ਗੁਰੇਜ਼ ਹੀ ਕੀਤਾ। ਅਕਾਲੀ ਦਲ ਇਕੱਲਾ ਇਸ ਮਸਲੇ 'ਤੇ ਘਿਰਦਾ ਚਲਾ ਗਿਆ। ਇਸ ਉਪਰੰਤ ਕੇਂਦਰ ਦੀ ਮੋਦੀ ਸਰਕਾਰ ਨੇ ਤਿੰਨ ਖੇਤੀ ਬਿਲ ਲਿਆਂਦੇ ਅਤੇ ਉਨ੍ਹਾਂ ਵਿਰੁੱਧ ਇਤਿਹਾਸਕ ਵਿਰੋਧ ਉਭਰ ਕੇ ਸਾਹਮਣੇ ਆਇਆ। ਅਕਾਲੀ ਦਲ ਸ਼ੁਰੂ ਵਿਚ ਤਾਂ ਇਸ ਦੇ ਹੱਕ ਵਿਚ ਭੁਗਤਦਾ ਰਿਹਾ ਪਰ ਜਦੋਂ ਵਿਰੋਧ ਸਾਰੇ ਹੱਦਾਂ ਬੰਨੇ ਟੱਪ ਗਿਆ ਤਾਂ ਅਕਾਲੀ ਦਲ ਨੂੰ ਯੂ ਟਰਨ ਲੈਣ ਲਈ ਮਜਬੂਰ ਹੋਣਾ ਪਿਆ ਪਰ ਉਦੋਂ ਤਕ ਲੋਕਾਂ ਦੀ ਕਚਿਹਰੀ ਵਿਚ ਅਕਾਲੀ ਦਲ ਕਟਿਹਰੇ ਵਿਚ ਖੜ੍ਹਾ ਕੀਤਾ ਜਾ ਚੁੱਕਾ ਸੀ। ਭਾਵੇਂ ਉਸ ਤੋਂ ਉਪਰੰਤ ਆਪਣੀ ਕੇਂਦਰ ਵਿਚ ਫੂਡ ਪ੍ਰੋਸੈਸਿੰਗ ਰਾਜ ਮੰਤਰੀ ਬੀਬਾ ਹਰਸਿਮਰਤ ਕੌਰ ਬਾਦਲ ਤੋਂ ਅਸਤੀਫਾ ਵੀ ਦਵਾਇਆ ਪਰ ਇਸ ਨਾਲ ਵੀ ਲੋਕਾਂ ਖਾਸ ਤੌਰ 'ਤੇ ਸੰਘਰਸ਼ ਵਿਚ ਕੁੱਦੇ ਕਿਸਾਨਾਂ ਉਪਰ ਕੋਈ ਹਾਂ-ਪੱਖੀ ਪ੍ਰਭਾਵ ਨਾ ਪਿਆ। ਇਸ ਤੋਂ ਉਪਰੰਤ ਅਕਾਲੀ ਦਲ ਦਾ ਵੱਕਾਰ ਲਗਾਤਾਰ ਹਾਸ਼ੀਏ ਵੱਲ ਖਿਸਕਦਾ ਰਿਹਾ। ਹੈਰਾਨੀ ਤਾਂ ਉਦੋਂ ਹੋਈ ਜਦੋਂ 2022 ਦੀਆਂ ਵਿਧਾਨ ਸਭਾ ਚੋਣਾਂ ਵਿਚ ਅਕਾਲੀ ਦਲ ਦੋ ਦੇ ਹਿਦਸ਼ੇ ਤਕ ਵੀ ਨਾ ਪਹੁੰਚ ਸਕਿਆ। ਇਸ ਉਪਰੰਤ ਭਾਵੇਂ ਉਸਨੇ ਪ੍ਰਸਥਿਤੀਆਂ ਵਿਚੋਂ ਉਭਰਨ ਦੀਆਂ ਲਗਾਤਾਰ ਕੋਸ਼ਿਸ਼ਾਂ ਕੀਤੀਆਂ ਹਨ ਪਰ ਹਾਲੇ ਤਕ ਉਹ ਜਨਤਾ ਵਿਚ ਆਪਣੀ ਪੁਰਾਣੀ ਪੈਠ ਹਾਸਲ ਕਰਨ ਵਿਚ ਨਾਕਾਮਯਾਬ ਹੀ ਰਿਹਾ ਹੈ। ਜੇਕਰ ਅਕਾਲੀ ਦਲ ਦੇ ਪਿਛੋਕੜ 'ਤੇ ਝਾਤ ਮਾਰੀਏ ਤਾਂ ਉਸਦਾ ਪੰਜਾਬੀ ਸੂਬੇ ਬਾਰੇ ਕੀਤਾ ਸੰਘਰਸ਼, ਧਰਮ ਯੁੱਧ ਮੋਰਚਾ, ਕਦੇ ਚੰਡੀਗੜ੍ਹ, ਕਦੇ ਪੰਜਾਬੀ ਬੋਲਦੇ ਇਲਾਕਿਆਂ ਅਤੇ ਕਦੇ ਪੰਜਾਬ ਦੇ ਪਾਣੀਆਂ ਬਾਰੇ ਕੇਂਦਰ ਨੂੰ ਦਿੱਤੀ ਘੁਰਕੀ ਬਹੁਤ ਰੰਗ ਲਿਆਉਂਦੀ ਸੀ। ਅਸਲੀਅਤ ਬਾਰੇ ਗੱਲ ਕਰੀਏ ਤਾਂ ਉਦੋਂ ਪੁਰਾਣੇ ਟਕਸਾਲੀ ਆਗੂ ਵਿਚਾਰਧਾਰਕ ਵਖਰੇਵਿਆਂ ਦੇ ਬਾਵਜੂਦ ਵੀ ਅਕਾਲੀ ਦਲ ਦੀ ਮੂਲ ਹੋਂਦ ਨਾਲ ਬੱਝੇ ਹੋਏ ਸਨ ਪਰ ਮਰਹੂਮ ਪਰਕਾਸ਼ ਸਿੰਘ ਬਾਦਲ ਦੇ ਅਕਾਲ ਚਲਾਣੇ ਪਿੱਛੋਂ ਤਾਂ ਜਿਵੇਂ ਅਕਾਲੀ ਦਲ ਅਨਾਥ ਹੀ ਹੋ ਗਿਆ। ਇਕਸੁਰ ਹੋ ਕੇ ਫੈਸਲੇ ਲੈਣ ਅਤੇ ਕੇਂਦਰ ਨਾਲ ਮੜਿੱਕਣ ਦਾ ਉਸਦਾ ਹੌਸਲਾ ਹੀ ਪਸਤ ਹੋ ਕੇ ਰਹਿ ਗਿਆ। ਅਕਾਲੀ ਦਲ ਨੇ ਪਿਛਲੇ ਸਮੇਂ ਬੰਦੀ ਸਿੰਘਾਂ ਦੀ ਰਿਹਾਈ ਲਈ ਦਸਤਖਤ ਮੁਹਿੰਮ ਵੀ ਚਲਾਈ ਪਰ ਪੰਜਾਬ ਦੇ ਲੋਕ ਉਸ ਤੋਂ ਵੀ ਕੋਈ ਖਾਸ ਪ੍ਰਭਾਵਿਤ ਨਹੀਂ ਹੋਏ। ਉਹ ਸਵਾਲ ਕਰਦੇ ਹਨ ਕਿ ਜਦੋਂ ਕੇਂਦਰ ਵਿਚ ਵਾਜਪਾਈ ਅਤੇ ਮੋਦੀ ਦੀ ਸਰਕਾਰ ਵੇਲੇ ਅਕਾਲੀ ਦਲ ਨੇ ਇਸ ਗੰਭੀਰ ਮੁੱਦੇ ਸਬੰਧੀ ਕੋਈ ਚਾਰਾਜੋਈ ਨਹੀਂ ਕੀਤੀ ਤਾਂ ਫਿਰ ਹੁਣ ਤਾਕਤ ਖੁੱਸਣ ਉਪਰੰਤ ਅਕਾਲੀ ਦਲ ਨੂੰ ਬੰਦੀ ਸਿੰਘਾਂ ਦਾ ਹੇਜ ਕਿਉਂ ਆਉਣ ਲੱਗਾ ਹੈ। ਪ੍ਰਸਥਿਤੀਆਂ ਦਾ ਅਧਿਐਨ ਕਰੀਏ ਤਾਂ ਅਕਾਲੀ ਦਲ ਨੂੰ ਸਾਹਮਣੇ ਦੀਵਾਰ 'ਤੇ ਉਕਰਿਆ ਹੋਇਆ ਸਾਫ-ਸਾਫ ਪੜ੍ਹਨਾ ਹੋਵੇਗਾ। ਪਿਛਲੇ ਸਮੇਂ ਲੰਘੀਆਂ ਜ਼ਿਲ੍ਹਾ ਪ੍ਰੀਸ਼ਦ ਅਤੇ ਪੰਚਾਇਤ ਸੰਮਤੀ ਚੋਣਾਂ ਵਿਚ ਉਸਦਾ ਪ੍ਰਦਰਸ਼ਨ ਕਾਫੀ ਸੰਤੋਸ਼ਜਨਕ ਰਿਹਾ ਹੈ। ਹੁਣ ਵਕਤ ਆ ਗਿਆ ਹੈ ਕਿ ਉਸਨੂੰ ਆਤਮ ਮੰਥਨ ਕਰਦੇ ਹੋਏ ਪ੍ਰਭਾਵੀ ਲੀਡਰਸ਼ਿਪ ਨੂੰ ਅੱਗੇ ਕਰਨਾ ਹੋਵੇਗਾ। ਟਕਸਾਲੀ ਅਕਾਲੀ ਆਗੂਆਂ ਨੂੰ ਮੁੜ ਤੋਂ ਪਾਰਟੀ ਦੀਆਂ ਮੂਹਰਲੀਆਂ ਸਫਾਂ ਵਿਚ ਸ਼ਾਮਲ ਕਰਕੇ ਅਹਿਮ ਜ਼ਿੰਮੇਵਾਰੀਆਂ ਸੌਂਪਣੀਆਂ ਹੋਣਗੀਆਂ। ਘਰ-ਘਰ ਅਤੇ ਪਿੰਡ-ਪਿੰਡ ਪਹੁੰਚ ਬਣਾਉਣੀ ਹੋਵੇਗੀ। ਪੁਰਾਣੀਆਂ ਗਲਤੀਆਂ ਤੋਂ ਸਬਕ ਲੈ ਕੇ ਜਨਤਾ ਵਿਚ ਆਪਣੀ ਪੁਰਾਣੀ ਭਲ ਦੁਬਾਰਾ ਉਭਾਰਨੀ ਹੋਵੇਗੀ ਨਹੀਂ ਤਾਂ 2027 ਦੀਆਂ ਆ ਰਹੀਆਂ ਵਿਧਾਨ ਸਭਾ ਚੋਣਾਂ ਵਿਚ ਅਕਾਲੀ ਦਲ ਦੇ ਪ੍ਰਭਾਵਸ਼ਾਲੀ ਪ੍ਰਦਰਸ਼ਨ ਦਾ ਕਿਆਸ ਨਹੀਂ ਕੀਤਾ ਜਾ ਸਕਦਾ।

-ਜਗਜੀਤ ਸਿੰਘ ਦਰਦੀ

# ਵਿਸਾਖੀ: ਹੁਣ ਪੰਜਾਬ ਦੀ ਵਿਰਾਸਤੀ ਆਤਮਾ ਅਤੇ ਬਦਲਦੀ ਪਹਿਚਾਣ

## ਅੱਜ ਨਵੀਂ ਪੰਜਾਬੀ ਚੇਤਨਾ ਦੀ ਲੋੜ-ਜੋ ਧਰਮ, ਖੇਤੀ ਅਤੇ ਆਧੁਨਿਕਤਾ ਨੂੰ ਇੱਕਠਾ ਲੈ ਕੇ ਚੱਲੇ



ਪ੍ਰੋ . ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

ਇਹ ਸਿਰਫ਼ ਇੱਕ ਤਿਉਹਾਰ ਨਹੀਂ, ਇੱਕ ਭਾਵਨਾ ਹੈ, ਇੱਕ ਇਤਿਹਾਸ ਹੈ, ਇੱਕ ਸੱਭਿਆਚਾਰਕ ਵਿਰਾਸਤ ਹੈ ਅਤੇ ਇੱਕ ਧਾਰਮਿਕ ਮਹਾਨ ਘਟਨਾ ਵੀ ਹੈ। ਪੰਜਾਬੀਆਂ ਲਈ ਇਹ ਰਬੀ ਫਸਲਾਂ ਦੀ ਵਾਢੀ, ਨਵੀਂ ਉਮੀਦ ਅਤੇ ਖਾਲਸਾ ਪੰਥ ਦੀ ਸਿਰਜਣਾ ਦਾ ਪਰਵ ਹੈ। ਅੱਜ ਦੇ ਇਸ ਦਿਨ ਧਰਤੀ ਸੋਨੇ ਵਾਂਗ ਲਹਿਰਾਉਂਦੀ ਹੈ, ਝੋਨੇ ਅਤੇ ਗੰਨੇ ਦੀਆਂ ਖੇਤੀਆਂ ਹਰਿਆਵਲ ਨਾਲ ਭਰੀਆਂ ਹੁੰਦੀਆਂ ਹਨ ਅਤੇ ਲੋਕ ਗੀਤ-ਗਾਇਕੀ, ਭੰਗੜਾ-ਗਿੱਧੇ ਅਤੇ ਨਗਰ ਕੀਰਤਨਾਂ ਨਾਲ ਖੁਸ਼ੀ ਮਨਾਉਂਦੇ ਹਨ। ਪਰ ਸਮੇਂ ਦੀ ਰਫ਼ਤਾਰ ਨੇ ਇਸ ਤਿਉਹਾਰ ਦੇ ਅਰਥਾਂ ਨੂੰ ਬਦਲ ਦਿੱਤਾ ਹੈ। ਇੱਕ ਵਾਰ ਜੋ ਖੇਤੀ ਅਤੇ ਧਰਮ ਨਾਲ ਜੁੜਿਆ ਸੀ, ਉਹ ਹੁਣ ਰਾਜਨੀਤੀ, ਆਰਥਿਕਤਾ, ਵਾਤਾਵਰਣੀ ਤਬਦੀਲੀ ਅਤੇ ਨਵੀਂ ਸੱਭਿਆਚਾਰਕ ਪਛਾਣ ਦਾ ਆਈਨਾ ਬਣ ਗਿਆ ਹੈ।

ਅੱਜ ਵਿਸਾਖੀ ਦੀ ਇਤਿਹਾਸਕ, ਧਾਰਮਿਕ ਅਤੇ ਸੱਭਿਆਚਾਰਕ ਜੜ੍ਹਾਂ ਤੋਂ ਲੈ ਕੇ ਆਧੁਨਿਕ ਪੰਜਾਬ ਵਿੱਚ ਇਸ ਦੀ ਬਦਲਦੀ ਪਹਿਚਾਣ ਤੱਕ ਦੀ ਯਾਤਰਾ ਨੂੰ ਵਿਸਥਾਰ ਨਾਲ ਵਿਚਾਰਾਂਗੇ। ਰਾਜਨੀਤੀ, ਆਰਥਿਕਤਾ, ਸੱਭਿਆਚਾਰ ਅਤੇ ਵਾਤਾਵਰਣੀ ਚੁਣੌਤੀਆਂ ਦੇ ਪ੍ਰਸੰਗ ਵਿੱਚ ਵਿਸਾਖੀ ਦੇ ਨਵੀਂ ਅਰਥਾਂ ਅਤੇ ਮਹੱਤਵ ਨੂੰ ਸਮਝਣ ਦੀ ਕੋਸ਼ਿਸ਼ ਕਰਾਂਗੇ।

ਅੱਜ ਪੰਜਾਬ ਦੀ ਆਤਮਾ ਨੂੰ ਛੂਹਣ ਵਾਲਾ ਅਤੇ ਭਵਿੱਖ ਵੱਲ ਇੱਕ ਚਿੰਤਨਸ਼ੀਲ ਨਜ਼ਰ ਹੈ। ਵਿਸਾਖੀ ਦੀ ਇਤਿਹਾਸਕ ਅਤੇ ਧਾਰਮਿਕ ਜੜ੍ਹਾਂਵਿਸਾਖੀ ਦਾ ਤਿਉਹਾਰ ਬਹੁਤ ਪੁਰਾਣਾ ਹੈ। ਇਹ ਵਿਕਰਮੀ ਸੰਮਤ ਦੇ ਵੈਸਾਖ ਮਹੀਨੇ ਦਾ ਪਹਿਲਾ ਦਿਨ ਹੈ, ਜੋ ਆਮ ਤੌਰ ਤੇ 13 ਅਪ੍ਰੈਲ ਨੂੰ ਆਉਂਦਾ ਹੈ। ਇਸ ਤੋਂ ਪਹਿਲਾਂ ਇਹ ਇੱਕ ਖੇਤੀਬਾੜੀ ਤਿਉਹਾਰ ਸੀ — ਰਬੀ ਫਸਲਾਂ (ਖਾਸ ਕਰਕੇ ਗੰਨੇ) ਦੀ ਬਾਢ ਦਾ ਸਮਾਂ। ਪੰਜਾਬ ਦੇ ਕਿਸਾਨ ਇਸ ਦਿਨ ਧੰਨਵਾਦੀ ਭਾਵਨਾ ਨਾਲ ਖੁਸ਼ੀ ਮਨਾਉਂਦੇ ਸਨ ਕਿਉਂਕਿ ਧਰਤੀ ਨੇ ਉਨ੍ਹਾਂ ਨੂੰ ਫਸਲਾਂ ਦਾ ਤੋਹਫ਼ਾ ਦਿੱਤਾ ਹੁੰਦਾ ਸੀ। ਇਸ ਨੂੰ ਹਿੰਦੂ ਭਾਈਚਾਰਾ ਵੀ ਬਸੋਆ ਜਾਂ ਮੇਸਾਦੀ ਵਜੋਂ ਮਨਾਉਂਦਾ ਸੀ ਪਰ 1699 ਵਿੱਚ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਤਿਉਹਾਰ ਨੂੰ ਇੱਕ ਨਵੀਂ ਧਾਰਮਿਕ ਅਤੇ ਇਤਿਹਾਸਕ ਉਚਾਈ ਬਖ਼ਸ਼ੀ। ਆਨੰਦਪੁਰ ਸਾਹਿਬ ਵਿਖੇ ਉਨ੍ਹਾਂ ਨੇ ਖਾਲਸਾ ਪੰਥ ਦੀ ਸਿਰਜਣਾ ਕੀਤੀ। ਪੰਜ ਪਿਆਰਿਆਂ (ਭਾਈ ਦਇਆ ਸਿੰਘ, ਧਰਮ ਸਿੰਘ, ਹਿਮਤ ਸਿੰਘ, ਮੁਹਕਮ ਸਿੰਘ ਅਤੇ ਸਾਹਿਬ ਸਿੰਘ) ਨੂੰ ਅੰਮ੍ਰਿਤ ਛੱਕ ਕੇ ਖਾਲਸਾ ਬਣਾਇਆ ਅਤੇ ਉਨ੍ਹਾਂ ਨੂੰ ਸਿੰਘ ਅਤੇ ਕੌਰ ਦੀ ਉਪਾਧੀ ਦਿੱਤੀ।

ਇਸ ਘਟਨਾ ਨੇ ਸਿੱਖ ਧਰਮ ਨੂੰ ਇੱਕ ਨਵੀਂ ਪਛਾਣ ਦਿੱਤੀ — ਬਰਾਬਰੀ, ਬਹਾਦਰੀ, ਨਿਆਂ ਅਤੇ ਗੁਰੂ ਦੀ ਆਗਿਆਕਾਰੀ ਦੀ ਪਛਾਣ। ਖਾਲਸਾ ਇੱਕ ਐਸੀ ਫੌਜ ਸੀ ਜੋ ਸੰਤ-ਸਿਪਾਹੀ ਦਾ ਆਦਰਸ਼ ਸੀ — ਧਰਮ ਦੀ ਰੱਖਿਆ ਲਈ ਤਿਆਰ ਅਤੇ ਅੰਦਰੋਂ ਪਵਿੱਤਰ।ਗੁਰੂ ਅਮਰ ਦਾਸ ਜੀ ਨੇ ਵੀ ਵਿਸਾਖੀ ਨੂੰ ਸਿੱਖਾਂ ਲਈ ਇੱਕ ਇਕੱਠ ਦਾ ਮੌਕਾ ਬਣਾਇਆ ਸੀ ਤਾਂ ਜੋ ਦੂਰ-ਦੁਰਾਡੇ ਵੱਸਦੇ ਸਿੱਖ ਇੱਕਠੇ ਹੋ ਸਕਣ। ਇਸ ਤਰ੍ਹਾਂ ਵਿਸਾਖੀ ਧਰਮ ਅਤੇ ਖੇਤੀ ਨੂੰ ਜੋੜਦਾ ਇੱਕ ਪੁਲ ਬਣ ਗਈ। ਇਸ ਦਿਨ ਗੁਰੂਦੁਆਰਿਆਂ ਵਿੱਚ ਅਖੰਡ ਪਾਠ, ਕੀਰਤਨ, ਨਗਰ ਕੀਰਤਨ, ਗਤਕਾ ਅਤੇ ਲੰਗਰ ਦਾ ਪ੍ਰਬੰਧ ਹੁੰਦਾ ਹੈ। ਲੋਕ ਨਵੀਂ ਉਮੀਦ ਨਾਲ ਆਪਣੀਆਂ ਫਸਲਾਂ ਲਈ ਅਰਦਾਸ ਕਰਦੇ ਹਨ।

ਵਿਸਾਖੀ ਅਤੇ ਪੰਜਾਬੀ ਸੱਭਿਆਚਾਰ ਦੇ ਨਰੋਏ ਪੱਖ ਨੂੰ ਵਿਚਾਰਦੇ ਪੰਜਾਬੀ ਸੱਭਿਆਚਾਰ ਵਿੱਚ ਵਿਸਾਖੀ ਇੱਕ ਵੱਡਾ ਉਤਸਵ ਹੈ। ਖੇਤਾਂ ਵਿੱਚ ਲਹਿਰਾਉਂਦੀਆਂ ਝੱਲੀਆਂ, ਭੰਗੜਾ-ਗਿੱਧੇ, ਟੱਕਰੀਆਂ, ਲੱਸੀ-ਪਿੰਡੀਆਂ ਅਤੇ ਤਾਜ਼ੀਆਂ ਫਸਲਾਂ ਦੀਆਂ ਖੁਸ਼ਬੂਆਂ — ਇਹ ਸਭ ਵਿਸਾਖੀ ਦੀ ਖਾਸੀਅਤ ਹਨ। ਇਸ ਦਿਨ ਲੋਕ ਆਪਣੇ ਰਿਸ਼ਤੇਦਾਰਾਂ ਨਾਲ ਮਿਲਦੇ ਹਨ, ਨਵੀਆਂ ਕੱਪੜਿਆਂ ਵਿੱਚ ਸਜਦੇ ਹਨ ਅਤੇ ਖੁਸ਼ੀਆਂ ਵੰਡਦੇ ਹਨ। ਇਹ ਤਿਉਹਾਰ ਪੰਜਾਬੀਆਂ ਦੀ ਉਮੰਗ, ਊਰਜਾ ਅਤੇ ਇਕੱਤਰਤਾ ਨੂੰ ਦਰਸਾਉਂਦਾ ਹੈ।ਪਰ ਇਸ ਤਿਉਹਾਰ ਨੇ ਸੱਭਿਆਚਾਰਕ ਤੌਰ ਤੇ ਵੀ ਬਹੁਤ ਵਿਕਾਸ ਕੀਤਾ ਹੈ।

ਅੱਜ ਵਿਦੇਸ਼ਾਂ ਵਿੱਚ ਵੱਸਦੇ ਪੰਜਾਬੀ ਵੀ ਵੱਡੀ ਗਿਣਤੀ ਵਿੱਚ ਵਿਸਾਖੀ ਮਨਾਉਂਦੇ ਹਨ — ਟੋਰਾਂਟੋ, ਵੈਨਕੂਵਰ, ਲੰਡਨ ਅਤੇ ਨਿਊਯਾਰਕ ਵਿੱਚ ਵੱਡੀਆਂ ਪਰੇਡਾਂ ਅਤੇ ਮੇਲੇ ਲੱਗਦੇ ਹਨ। ਇਹ ਪੰਜਾਬੀ ਪਛਾਣ ਨੂੰ ਵਿਸ਼ਵ ਪੱਧਰ ਤੱਕ ਲੈ ਕੇ ਜਾਂਦਾ ਹੈ।ਬਦਲਦਾ ਪੰਜਾਬ ਅਤੇ ਵਿਸਾਖੀ ਦੀ ਨਵੀਂ ਪਹਿਚਾਣਸਮੇਂ ਨਾਲ ਪੰਜਾਬ ਬਦਲਿਆ ਹੈ ਅਤੇ ਵਿਸਾਖੀ ਵੀ ਬਦਲੀ ਹੈ।

ਵਿਸਾਖੀ ਜੋ ਇੱਕ ਵਾਰ ਜੋ ਖੇਤੀਬਾੜੀ ਤਿਉਹਾਰ ਸੀ, ਉਹ ਹੁਣ ਰਾਜਨੀਤੀ ਦਾ ਵੱਡਾ ਮੀਡੀਆ ਇਵੈਂਟ ਬਣ ਗਿਆ ਹੈ। ਰਾਜਨੀਤਿਕ ਪਾਰਟੀਆਂ ਵਿਸਾਖੀ ਨੂੰ ਆਪਣੇ ਏਜੰਡੇ ਲਈ ਵਰਤਦੀਆਂ ਹਨ — ਚੋਣਾਂ ਤੋਂ ਪਹਿਲਾਂ ਵੱਡੀਆਂ ਰੈਲੀਆਂ, ਬਿਆਨਬਾਜ਼ੀ ਅਤੇ ਵਾਅਦੇ। ਖਾਲਸਾ ਪੰਥ ਦੀ ਬਰਾਬਰੀ ਅਤੇ ਇਨਸਾਫ਼ ਵਾਲਾ ਸੰਦੇਸ਼ ਅਕਸਰ ਰਾਜਨੀਤਿਕ ਭਾਸ਼ਣਾਂ ਵਿੱਚ ਗੂੰਜਦਾ ਹੈ। ਬਰਗਾੜੀ ਵਰਗੀਆਂ ਘਟਨਾਵਾਂ ਤੋਂ ਬਾਅਦ ਵਿਸਾਖੀ ਨੂੰ ਧਰਮੀ ਮੁੱਦਿਆਂ ਨਾਲ ਵੀ ਜੋੜਿਆ ਜਾਣ ਲੱਗਾ ਹੈ।

ਆਰਥਿਕ ਤੌਰ ਤੇ ਵੀ ਵਿਸਾਖੀ ਬਦਲੀ ਹੈ। ਗ੍ਰੀਨ ਰੈਵੋਲਿਊਸ਼ਨ ਨੇ ਪੰਜਾਬ ਨੂੰ ਭਾਰਤ ਦਾ ਅੰਨ-ਭੰਡਾਰ ਬਣਾਇਆ, ਪਰ ਹੁਣ ਖੇਤੀਬਾੜੀ ਸੰਕਟ ਵਿੱਚ ਹੈ। ਬਦਲਦਾ ਮੌਸਮ, ਭੂਗਰਭੀ ਜਲ ਦਾ ਘਾਟਾ, ਬਿਜਲੀ ਅਤੇ ਖਾਦਾਂ ਦੀਆਂ ਲਾਗਤਾਂ, ਕਰਜ਼ਾ ਅਤੇ ਆਤਮਹੱਤਿਆਵਾਂ ਨੇ ਕਿਸਾਨਾਂ ਦੀ ਜ਼ਿੰਦਗੀ ਨੂੰ ਚੁਣੌਤੀਪੂਰਨ ਬਣਾ ਦਿੱਤਾ ਹੈ। ਵਿਸਾਖੀ ਤੇ ਫਸਲਾਂ ਦੀ ਬਾਢ ਤੋਂ ਖੁਸ਼ੀ ਹੋਣੀ ਚਾਹੀਦੀ ਸੀ, ਪਰ ਅਕਸਰ ਇਹ ਚਿੰਤਾ ਅਤੇ ਅਨਿਸ਼ਚਿਤਤਾ ਵਾਲਾ ਦਿਨ ਬਣ ਗਿਆ ਹੈ।ਵਾਤਾਵਰਣੀ ਤਬਦੀਲੀ ਅਤੇ ਵਿਸਾਖੀਵਾਤਾਵਰਣੀ ਤਬਦੀਲੀ ਨੇ ਪੰਜਾਬੀ ਖੇਤੀਬਾੜੀ ਨੂੰ ਗੰਭੀਰ ਤੌਰ ਤੇ ਪ੍ਰਭਾਵਿਤ ਕੀਤਾ ਹੈ। ਗਰਮੀਆਂ ਵਧਣੀਆਂ, ਅਚਾਨਕ ਬਾਰਿਸ਼ਾਂ, ਹੜ੍ਹ ਅਤੇ ਸੋਕਾ — ਇਹ ਸਭ ਰਬੀ ਫਸਲਾਂ ਲਈ ਖ਼ਤਰਾ ਬਣ ਗਏ ਹਨ। ਪਿਛਲੇ ਸਾਲਾਂ ਵਿੱਚ ਹੜ੍ਹਾਂ ਨੇ ਵੱਡੀਆਂ ਫਸਲਾਂ ਤਬਾਹ ਕੀਤੀਆਂ ਹਨ।

ਅੱਜ ਇਸ ਨਾਲ ਵਿਸਾਖੀ ਦਾ ਖੇਤੀਬਾੜੀ ਪਹਿਲੂ ਕਮਜ਼ੋਰ ਹੋ ਰਿਹਾ ਹੈ। ਕਿਸਾਨ ਹੁਣ ਫਸਲਾਂ ਲਈ ਰੱਬ ਤੋਂ ਵਧ ਕੇ ਵਾਤਾਵਰਣੀ ਤਬਦੀਲੀ ਤੋਂ ਬਚਾਅ ਲਈ ਪ੍ਰਾਰਥਨਾ ਕਰਦੇ ਹਨ। ਇਸ ਨੇ ਵਿਸਾਖੀ ਨੂੰ ਇੱਕ ਨਵਾਂ ਅਰਥ ਦਿੱਤਾ ਹੈ — ਧਰਤੀ ਦੀ ਰੱਖਿਆ ਅਤੇ ਟਿਕਾਊ ਖੇਤੀਬਾੜੀ ਦਾ ਸੰਦੇਸ਼।ਆਰਥਿਕਤਾ ਅਤੇ ਨਵੀਂ ਸੱਭਿਆਚਾਰਕ ਪਛਾਣ ਆਧੁਨਿਕ ਪੰਜਾਬ ਵਿੱਚ ਵਿਸਾਖੀ ਆਰਥਿਕ ਤੌਰ ਤੇ ਵੀ ਮਹੱਤਵਪੂਰਨ ਹੈ। ਇਸ ਤਿਉਹਾਰ ਨਾਲ ਟੂਰਿਜ਼ਮ, ਰਿਟੇਲ, ਹੋਟਲਾਂ ਅਤੇ ਲੋਕਲ ਕਰਾਫਟਸ ਨੂੰ ਉਤਸ਼ਾਹ ਮਿਲਦਾ ਹੈ। ਵਿਦੇਸ਼ੀ ਪੰਜਾਬੀ ਵਾਪਸ ਆਉਂਦੇ ਹਨ ਅਤੇ ਆਰਥਿਕ ਗਤੀਵਿਧੀ ਵਧਦੀ ਹੈ ਪਰ ਇਸ ਦੇ ਨਾਲ ਹੀ ਖੇਤੀਬਾੜੀ ਤੋਂ ਇਲਾਵਾ ਹੋਰ ਖੇਤਰਾਂ ਵੱਲ ਵੀ ਧਿਆਨ ਦੇਣ ਦੀ ਲੋੜ ਹੈ।

ਅੱਜ ਸੱਭਿਆਚਾਰਕ ਤੌਰ ਤੇ ਵਿਸਾਖੀ ਹੁਣ ਯੁਵਕਾਂ ਲਈ ਇੱਕ ਫੈਸ਼ਨ ਅਤੇ ਐਂਟਰਟੇਨਮੈਂਟ ਵਾਲਾ ਇਵੈਂਟ ਵੀ ਬਣ ਰਿਹਾ ਹੈ। ਸੋਸ਼ਲ ਮੀਡੀਆ ਤੇ ਰੀਲਾਂ, ਡਾਂਸ ਅਤੇ ਫੋਟੋਆਂ ਨਾਲ ਇਸ ਨੂੰ ਗਲੋਬਲ ਬ੍ਰਾਂਡ ਬਣਾਇਆ ਜਾ ਰਿਹਾ ਹੈ। ਇਸ ਵਿੱਚ ਇੱਕ ਖੂਬਸੂਰਤੀ ਹੈ, ਪਰ ਇਸ ਨਾਲ ਇਸ ਦੀ ਧਾਰਮਿਕ ਅਤੇ ਇਤਿਹਾਸਕ ਗਹਿਰਾਈ ਘੱਟ ਨਾ ਹੋ ਜਾਵੇ ਇਸ ਲਈ ਚੇਤਾਵਨੀ ਵੀ ਜ਼ਰੂਰੀ ਹੈ। ਅੱਜ ਨਵੇਂ ਪੰਜਾਬ ਵਿੱਚ ਵਿਸਾਖੀ ਦਾ ਮਹੱਤਵ ਹੋਰ ਵਿਸਤਾਰ ਨਾਲ ਵੇਖਦਿਆਂ ਨਵੇਂ ਪੰਜਾਬ ਵਿੱਚ ਵਿਸਾਖੀ ਇੱਕ ਤਿਉਹਾਰ ਤੋਂ ਵਧ ਕੇ ਇੱਕ ਚਿੰਤਨ ਦਾ ਮੌਕਾ ਬਣ ਗਈ ਹੈ। ਇਹ ਸਾਨੂੰ ਯਾਦ ਦਿਵਾਉਂਦੀ ਹੈ ਕਿ ਅਸੀਂ ਖਾਲਸਾ ਦੀ ਵਿਰਾਸਤ ਦੇ ਵਾਰਸ ਹਾਂ — ਬਰਾਬਰੀ, ਇਨਸਾਫ਼ ਅਤੇ ਸੇਵਾ ਦੇ ਵਾਰਸ। ਇਸ ਵਿੱਚ ਰਾਜਨੀਤੀ ਨੂੰ ਧਰਮ ਤੋਂ ਵੱਖ ਰੱਖਣ, ਖੇਤੀਬਾੜੀ ਨੂੰ ਟਿਕਾਊ ਬਣਾਉਣ, ਯੁਵਕਾਂ ਨੂੰ ਰੋਜ਼ਗਾਰ ਦੇਣ ਅਤੇ ਵਾਤਾਵਰਣ ਦੀ ਰੱਖਿਆ ਕਰਨ ਦਾ ਸੰਦੇਸ਼ ਹੈ।ਵਿਸਾਖੀ ਹੁਣ ਸਿਰਫ਼ ਗਤੀ ਵਾਲੀ ਖੁਸ਼ੀ ਨਹੀਂ, ਬਲਕਿ ਇੱਕ ਗੰਭੀਰ ਚਿੰਤਨ ਵੀ ਹੈ — ਪੰਜਾਬ ਕਿਵੇਂ ਆਪਣੀ ਵਿਰਾਸਤ ਨੂੰ ਬਚਾਉਂਦਾ ਹੋਇਆ ਭਵਿੱਖ ਵੱਲ ਵਧੇ?

ਇਸ ਲਈ ਲੋੜ ਹੈ ਇੱਕ ਨਵੀਂ ਖਾਲਸਾਈ ਪੰਜਾਬੀ ਚੇਤਨਾ ਦੀ — ਜੋ ਧਰਮ, ਖੇਤੀ ਅਤੇ ਆਧੁਨਿਕਤਾ ਨੂੰ ਇੱਕਠਾ ਲੈ ਕੇ ਚੱਲੇ।ਅੰਤ ਵਿੱਚ, ਵਿਸਾਖੀ ਇੱਕ ਯਾਦ ਦਿਵਾਉਂਦੀ ਹੈ ਕਿ ਜਿਵੇਂ ਗੁਰੂ ਗੋਬਿੰਦ ਸਿੰਘ ਜੀ ਨੇ ਇੱਕ ਨਵੀਂ ਸਿਰਜਣਾ ਕੀਤੀ, ਉਸੇ ਤਰ੍ਹਾਂ ਅਸੀਂ ਵੀ ਨਵੇਂ ਪੰਜਾਬ ਦੀ ਸਿਰਜਣਾ ਕਰ ਸਕਦੇ ਹਾਂ — ਇੱਕ ਖੁਸ਼ਹਾਲ, ਇਨਸਾਫ਼ਪਸੰਦ ਅਤੇ ਵਾਤਾਵਰਣ-ਅਨੁਕੂਲ ਪੰਜਾਬ।
ਵਿਸਾਖੀ ਦੀਆਂ ਲਹਿਰਾਂ ਫਿਰ ਲਹਿਰਾਉਣ ।

ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ!

## ਦਸਤਾਰ ਦਿਵਸ 'ਤੇ ਵਿਸ਼ੇਸ਼

# ਸਿੱਖ ਦੇ ਪਹਿਰਾਵੇ ਦਾ ਅਹਿਮ ਅੰਗ ਦਸਤਾਰ



ਭਗਵਾਨ ਸਿੰਘ ਜੌਹਲ
ਮੋ. 98143-24040

ਅੱਜ ਸਿੱਖ ਧਰਮ ਵਿੱਚ ਵਿਸ਼ਵਾਸ ਰੱਖਣ ਵਾਲੇ ਦਸਤਾਰ ਧਾਰੀ ਲੋਕ ਸਮੁੱਚੇ ਵਿਸ਼ਵ ਵਿੱਚ ਫੈਲੇ ਹੋਏ ਹਨ । ਅਸਲ ਵਿੱਚ ਵਿਸ਼ਵ ਦੇ ਛੋਟੇ-ਵੱਡੇ ਧਰਮਾਂ ਵਿੱਚੋਂ ਸਿੱਖ ਧਰਮ ਸੰਸਾਰ ਦਾ ਵਿਲੱਖਣ ਅਤੇ ਵੱਖਰੀ ਪਹਿਚਾਨ ਰੱਖਣ ਵਾਲਾ ਧਰਮ ਹੈ । ਸਿੱਖ ਦੇ ਪਹਿਰਾਵੇ ਵਿੱਚ ਦਸਤਾਰ ਦਾ ਵਿਸ਼ੇਸ ਸਥਾਨ ਹੈ । ਅੱਜ ਜਦੋਂ ਸਿੱਖ ਧਰਮ ਵਿਸ਼ਵ ਵਿਆਪੀ ਹੋ ਚੁੱਕਾ ਹੈ ਤਾਂ ਵੱਖ-ਵੱਖ ਦੇਸ਼ਾਂ ਵਿੱਚ ਵੱਖ-ਵੱਖ ਚੁਣੌਤੀਆਂ ਵਿੱਚੋਂ ਸਾਡੀ ਦਸਤਾਰ ਲਈ ਪੈਦਾ ਹੋ ਰਹੀਆਂ ਸਮੱਸਿਆਵਾਂ ਕਰਕੇ ਸਮੁੱਚੀ ਦੁਨੀਆਂ ਦੇ ਮੀਡੀਆ ਵਿੱਚ ਵੱਖ-ਵੱਖ ਭਾਸ਼ਾਵਾਂ ਵਿੱਚ ਸਮੇਂ-ਸਮੇਂ ਖ਼ਬਰਾਂ ਛੱਪਦੀਆਂ ਰਹਿੰਦੀਆਂ ਹਨ, ਭਾਵੇਂ ਏਸ਼ੀਆ ਦੇ ਬਹੁਤ ਸਾਰੇ ਦੇਸ਼ਾਂ ਵਿੱਚ ਦੂਸਰੇ ਧਰਮਾਂ ਦੇ ਲੋਕ ਵੀ ਦਸਤਾਰ ਜਾਂ ਪਗੜੀ ਧਾਰਨ ਕਰਕੇ ਆਪਣੀ ਵੱਖਰੀ ਪਹਿਚਾਣ ਕਰਕੇ ਜਾਣੇ ਜਾਂਦੇ ਹਨ । ਗੁਰੂ ਕਾਲ ਵਿੱਚ ਸਾਰੇ ਗੁਰੂ ਸਾਹਿਬਾਨ ਅਤੇ ਗੁਰੂ ਨਾਨਕ ਲੇਵਾ ਸਿੱਖ ਦਸਤਾਰ ਧਾਰਨ ਕਰਦੇ ਸਨ । ਸਰਬੰਸਦਾਨੀ ਪਿਤਾ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 1699 ਈ: ਦੀ ਵੈਸਾਖੀ ਦੇ ਪਾਵਨ ਅਵਸਰ 'ਤੇ ਪੰਜਾਂ ਪਿਆਰਿਆਂ ਨੂੰ ਅੰਮ੍ਰਿਤ ਛਕਾਉਣ ਦੀ ਵਿਲੱਖਣ ਘਟਨਾ ਸਮੇਂ ਦਸਤਾਰ ਨੂੰ ਸਿੱਖਾਂ ਦੇ ਅਤਿ ਜ਼ਰੂਰੀ ਪਹਿਰਾਵੇ ਦਾ ਅੰਗ ਬਣਾ ਦਿੱਤਾ । ਦਸਤਾਰ ਹੀ ਹੈ, ਜਿਹੜੀ ਪੰਜਾਂ ਕਕਾਰਾਂ ਵਿੱਚੋਂ ਕੇਸਾਂ ਦੀ ਸੰਭਾਲ ਲਈ ਪਹਿਨਣ ਵਾਲੇ ਬਸਤਰਾਂ ਵਿੱਚ ਅਹਿਮ ਸਥਾਨ ਰੱਖਦੀ ਹੈ । ਇਸ ਦਸਤਾਰ ਤੋਂ ਬਿਨਾਂ ਸਿੱਖ ਦਾ ਸਰੂਪ ਕਿਆਸਿਆ ਵੀ ਨਹੀਂ ਜਾ ਸਕਦਾ । ਸੌਣ ਸਮੇਂ ਜਾਂ ਅਰਾਮ ਕਰਨ ਸਮੇਂ ਛੋਟੀ ਦਸਤਾਰ ਸਜਾਉਣਾ ਸਿੱਖ ਲਈ ਲਾਜ਼ਮੀ ਹੈ, ਜਿਸ ਨੂੰ ਕੇਸਕੀ ਦਾ ਨਾਂਅ ਦਿੱਤਾ ਗਿਆ ਹੈ । ਆਮ ਤੌਰ 'ਤੇ ਅੰਮ੍ਰਿਤਧਾਰੀ ਸਿੱਖ ਦਸਤਾਰ ਦੇ ਹੇਠਾਂ ਕੇਸਕੀ ਸਜਾਉਂਦੇ ਹਨ । ਭਾਵੇਂ ਇਸ ਖਿੱਤੇ ਦੇ ਕੁਝ ਦੇਸ਼ਾਂ ਵਿੱਚ ਸਿਰ ਨੂੰ ਢੱਕਣ ਲਈ ਮੁੱਢ-ਕਦੀਮ ਤੋਂ ਪਗੜੀ ਦੀ ਵਰਤੋਂ ਹੁੰਦੀ ਆਈ ਹੈ । ਪਰ ਆਰੀਆ ਸੱਭਿਅਤਾ ਦੇ ਲੋਕਾਂ ਵਿੱਚ ਪਗੜੀ ਬੰਨਣ ਦਾ ਰਿਵਾਜ਼ ਬਹੁਤ ਪੁਰਾਣਾ ਹੈ । ਪੰਜਾਬ ਦੀ ਸੱਭਿਅਤਾ ਵਿੱਚ ਦਸਤਾਰ ਧਾਰਨ ਕਰਨੀ ਸਾਡੇ ਸਮਾਜ ਅਤੇ ਸੱਭਿਆਚਾਰ ਦਾ ਹਿੱਸਾ ਰਿਹਾ ਹੈ । ਹਰ ਧਰਮ ਤੇ ਜਾਤ ਦੇ ਲੋਕ ਦਸਤਾਰ ਸਜਾਉਂਦੇ ਰਹੇ ਹਨ ।

ਸਾਡੀ ਪੰਜਾਬੀ ਭਾਸ਼ਾ ਦੇ ਮੁਹਾਵਰਿਆਂ, ਲੋਕ-ਅਖਾਣਾਂ ਅਤੇ ਵਿਰਾਸਤੀ ਲੋਕ ਗੀਤਾਂ, ਸ਼ੈਲੀਆਂ ਵਿੱਚ ਦਸਤਾਰ, ਪੱਗ, ਪਗੜੀ ਦੀ ਅਹਿਮੀਅਤ ਵੀ ਓਨੀ ਹੀ ਪੁਰਾਣੀ ਹੈ, ਜਿੰਨੀ ਸਾਡੀ ਭਾਸ਼ਾ ਅਤੇ ਮਾਂ-ਬੋਲੀ ਦੇ ਜਨਮ ਦੀ ਗਾਥਾ । ਜਦੋਂ ਅੰਗ੍ਰੇਜ਼ਾਂ ਨੇ ਭਾਰਤ ਵਿੱਚ ਪ੍ਰਵੇਸ਼ ਕੀਤਾ ਤਾਂ ਅੰਗ੍ਰੇਜ਼ੀ ਸੱਭਿਆਚਾਰ ਨੇ ਦਸਤਾਰ ਨੂੰ ਕੇਵਲ ਸਿੱਖ ਸਮਾਜ ਤੱਕ ਹੀ ਸੀਮਤ ਕਰ ਦਿੱਤਾ । ਅਸੀਂ ਅੱਜ ਵੀ ਦੇਖਦੇ ਹਾਂ ਕਿ ਹਿੰਦੂ ਸਮਾਜ ਵਿੱਚ ਖੁਸ਼ੀ ਜਾਂ ਗ਼ਮੀ ਦੇ ਸਮਾਗਮਾਂ ਵਿੱਚ ਪਗੜੀ ਬੰਨ੍ਹਣ ਦਾ ਰਿਵਾਜ਼ ਵੀ ਬਾ-ਦਸਤੂਰ ਚੱਲ ਰਿਹਾ ਹੈ । ਕਿਸੇ ਬਜ਼ੁਰਗ ਦੀ ਮੌਤ ਤੋਂ ਪਿੱਛੋਂ ਉਸ ਦੇ ਪੁੱਤਰ ਨੂੰ ਦਸਤਾਰ ਜਾਂ ਪਗੜੀ ਸਮਾਜਿਕ ਜ਼ਿੰਮੇਵਾਰੀ ਨੂੰ ਸੰਭਾਲਣ ਦੇ ਚਿੰਨ ਵਜੋਂ ਦਿੱਤੀ ਜਾਂਦੀ ਹੈ ।

ਦੂਜੇ ਵੱਡੇ ਸੰਸਾਰ ਯੁੱਧ (1939 ਤੋਂ 1944) ਸਮੇਂ ਅੰਗ੍ਰੇਜ਼ਾਂ ਦੇ ਅਧੀਨ ਲੜ



ਰਹੇ ਸਿੱਖ ਫੌਜੀਆਂ ਨੂੰ ਲੋਹ-ਟੋਪ ਪਾਉਣ ਦੇ ਆਦੇਸ਼ ਅੰਗ੍ਰੇਜ਼ੀ ਹਕੂਮਤ ਵੱਲੋਂ ਦਿੱਤੇ ਗਏ ਸਨ । ਵੱਡੀ ਗਿਣਤੀ ਵਿੱਚ ਜਾਨੀ ਨੁਕਸਾਨ ਨੂੰ ਘੱਟ ਕਰਨ ਦੇ ਡਰ ਵਜੋਂ ਅਜਿਹਾ ਲਾਜ਼ਮੀ ਕੀਤਾ ਗਿਆ ਸੀ । ਭਾਰਤ ਵਿੱਚ ਰਾਜ ਕਰ ਰਹੀ ਬਰਤਾਨਵੀ ਸਰਕਾਰ ਨੇ ਤਾਂ ਇਥੋਂ ਤੱਕ ਕਹਿ ਦਿੱਤਾ ਸੀ ਕਿ ਅਸੀਂ ਏਨਾ ਜਾਨੀ ਨੁਕਸਾਨ ਹੋਣ 'ਤੇ ਸਿੱਖ ਫੌਜੀਆਂ ਦੀਆਂ ਵਿਧਵਾਵਾਂ ਨੂੰ ਪੈਨਸ਼ਨ ਦੇਣ ਦਾ ਬੋਝ ਨਹੀਂ ਚੁੱਕ ਸਕਦੇ । ਪਰ ਇਸ ਤੋਂ ਉਲਟ ਸਾਡੇ ਸਾਰੇ ਸਿੱਖ ਫੌਜੀ ਜਵਾਨਾਂ ਅਤੇ ਅਫ਼ਸਰਾਂ ਨੇ ਇਸ ਗੱਲ ਨੂੰ ਪ੍ਰਵਾਨ ਕਰ ਲਿਆ ਕਿ ਜਦੋਂ ਕਿਸੇ ਦਸਤਾਰ ਧਾਰੀ ਜਵਾਨ ਦੀ ਮੌਤ ਸਿਰ ਵਿੱਚ ਗੋਲੀ ਲੱਗਣ ਨਾਲ ਹੋਵੇਗੀ ਤਾਂ ਉਸ ਦੀ ਵਿਧਵਾ ਤੇ ਪਰਿਵਾਰਕ ਪੈਨਸ਼ਨ ਨਹੀਂ ਲਈ ਜਾਵੇਗੀ । ਸਮੁੱਚਾ ਦੂਜਾ ਵਿਸ਼ਵ ਯੁੱਧ ਬਿਨਾਂ ਲੋਹ-ਟੋਪ ਪਹਿਨਣ ਤੋਂ ਦਸਤਾਰਾਂ ਸਜਾ ਕੇ ਲੜਿਆ । ਸਿੱਖੀ ਸਿਦਕ ਲਈ ਦਸਤਾਰ ਦੀ ਅਹਿਮੀਅਤ ਤੇ ਪਹਿਚਾਣ ਦੀ ਖ਼ਾਤਰ ਜ਼ਿੰਦਗੀ ਦਾ ਬਲੀਦਾਨ ਤੇ ਸ਼ਹਾਦਤ ਦਾ ਜਾਮ ਪੀਣ ਨੂੰ ਪਹਿਲ ਦਿੱਤੀ । ਪਰਿਵਾਰਾਂ ਦੀ ਆਰਥਿਕ ਤੰਗੀ ਨੂੰ ਤਾਂ ਜਰ ਲਵਾਂਗੇ, ਪਰ ਦਸਤਾਰ ਨੂੰ ਆਂਚ ਨਹੀਂ ਲੱਗਣ ਦੇਣੀ। ਸਾਡੇ ਸਿੱਖ ਜਵਾਨ ਇਹ ਭਲੀ ਭਾਂਤ ਇਸ ਗੱਲ ਨੂੰ ਸਮਝਦੇ ਸਨ ਕਿ ਵਿਸ਼ਵ ਭਰ ਦੇ ਦੇਸ਼ਾਂ ਵਿੱਚ ਸਾਡੀ ਪਹਿਚਾਣ ਦਸਤਾਰ ਕਰਕੇ ਹੀ ਬਣਦੀ ਹੈ ।

ਡਾ: ਰਤਨ ਸਿੰਘ ਜੱਗੀ ਸਿੱਖ ਵਿਸ਼ਵ ਕੋਸ਼ ਵਿੱਚ ਇਸ ਗੱਲ ਦੀ ਗਵਾਹੀ ਭਰਦੇ ਹਨ ਕਿ ਹੁਣ ਤੱਕ ਹੋਏ ਦੋਵਾਂ ਵਿਸ਼ਵ ਯੁੱਧਾਂ ਦੌਰਾਨ 83055 ਦਸਤਾਰ ਧਾਰੀ ਸਿੱਖਾਂ ਨੇ ਸ਼ਹਾਦਤ ਦਾ ਜਾਮ ਪੀਤਾ ਅਤੇ ਦੋਵਾਂ ਲੜਾਈਆਂ ਦੌਰਾਨ ਅੰਗ੍ਰੇਜ਼ੀ ਹਕੂਮਤ ਨੇ ਜੰਗ ਦੀ ਭੱਠੀ ਵਿੱਚ ਬਾਲਟ ਵਜੋਂ ਦਸਤਾਰਧਾਰੀ ਫੌਜੀਆਂ ਦੀ ਅਹੂਤੀ ਦਿੱਤੀ। ਦੋਵਾਂ ਵਿਸ਼ਵ ਯੁੱਧਾਂ ਦੌਰਾਨ 1,09,045 ਸਿੱਖ ਜਵਾਨ ਜ਼ਖਮੀ ਹੋਏ ਸਨ । ਸਾਡੇ ਪੁਰਖਿਆਂ ਦੀ ਇਹ ਗਾਥਾ ਦਸਤਾਰ ਪਹਿਨਣ ਵਾਲੇ ਸਿੱਖਾਂ ਲਈ ਮਾਣ ਵਾਲੀ ਗੱਲ ਨਹੀਂ । ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ ਮੁਤਾਬਿਕ ਵਰਤਮਾਨ ਸਮੇਂ ਵਿੱਚ ਖ਼ਾਲਸਾ ਸਾਜਨਾ ਦਿਵਸ ਨੂੰ ਸਿੱਖ ਦਸਤਾਰ ਦਿਵਸ ਵਜੋਂ ਮਨਾਉਣਾ ਦਸਤਾਰ ਸਿੱਖ ਦੇ ਪਹਿਰਾਵੇ ਦੇ ਅਹਿਮ ਅੰਗ ਦਾ ਸੁਨੇਹਾ ਦਿੰਦਾ ਹੈ । ਅਸੀਂ ਰੋਜ਼ਾਨਾ ਪੜ੍ਹਦੇ ਸੁਣਦੇ ਹਾਂ, ਸਾਡੇ ਪ੍ਰਵਾਸੀ ਭਾਰਤੀ ਸਿੱਖ ਵੀਰਾਂ ਨੂੰ ਅੱਜ ਵੀ ਦਸਤਾਰ ਸਿੱਖੀ ਦੇ ਵੱਕਾਰ ਦਾ ਮਸਲਾ ਬਣ ਜਾਂਦਾ ਹੈ । ਬਹੁਤ ਸਾਰੇ ਦੇਸ਼ਾਂ ਵਿੱਚ ਸਿੱਖਾਂ ਨੂੰ ਦਸਤਾਰ ਸਜਾ ਕੇ ਨੌਕਰੀ ਜਾਂ ਹੋਰ ਕਾਰੋਬਾਰ ਕਰਨ ਦੀ ਇਜਾਜ਼ਤ ਮਿਲੀ ਹੋਈ ਹੈ । ਪਰ ਦਸਤਾਰ ਲਈ ਸੰਘਰਸ਼ ਅਜੇ ਵੀ ਜਾਰੀ ਹੈ ।

ਬਹੁਤ ਸਾਰੇ ਦੇਸ਼ਾਂ ਵਿੱਚ ਸਿੱਖ ਭੈਣਾਂ-ਵੀਰਾਂ ਨੂੰ ਦੋਪਹੀਆ ਸਵਾਰੀ ਨੂੰ ਚਲਾਉਣ ਸਮੇਂ ਲੋਹ-ਟੋਪ ਪਹਿਨਣ ਤੋਂ ਛੋਟ ਮਿਲੀ ਹੋਈ ਹੈ । ਪਰ ਇਸ ਚੱਲ ਰਹੇ ਸੰਘਰਸ਼ ਦੌਰਾਨ ਦਸਤਾਰ ਦੀ ਸਰਵਉੱਚਤਾ ਨੂੰ ਪ੍ਰਵਾਨ ਕਰਕੇ ਹਰ ਸਿੱਖ ਨੂੰ ਆਪਣੇ ਫਰਜ਼ਾਂ ਤੇ ਕਰਤਵਾਂ ਨੂੰ ਸਮਝਣਾ ਪਵੇਗਾ । ਸਿੱਖ ਦਸਤਾਰ ਦਿਵਸ ਸਮੇਂ ਸੁੰਦਰ ਦਸਤਾਰ-ਦੁਮਾਲਾ ਮੁਕਾਬਲੇ ਕਰਵਾ ਰਹੀਆਂ ਸੰਸਥਾਵਾਂ, ਸਭਾ, ਸੁਸਾਇਟੀਆਂ ਨੂੰ ਹੋਰ ਵਧੇਰੇ ਉਤਸ਼ਾਹ ਤੇ ਲਗਨ ਨਾਲ ਦਸਤਾਰ ਦੀ ਪਹਿਚਾਣ ਲਈ ਗਹਿਰ ਗੰਭੀਰ ਯਤਨ ਕਰਨੇ ਪੈਣਗੇ ।

## ਜਲਿਆਂਵਾਲਾ ਬਾਗ ਸਾਕਾ

# ਭਾਰਤੀ ਅਣਖ, ਬਰਤਾਨਵੀ ਜ਼ੁਲਮ ਅਤੇ ਆਜ਼ਾਦੀ ਦੇ ਸੰਕਲਪ ਦਾ ਸਭ ਤੋਂ ਖ਼ੂਨੀ ਤੇ ਨਿਰਣਾਇਕ ਮੋੜ



ਵਿੰਕਲਜੀਤ ਸਿੰਘ ਸਰਾ
9501477889

ਭਾਰਤੀ ਰਾਸ਼ਟਰਵਾਦ ਦਾ ਉਦੈ ਅਤੇ ਬਰਤਾਨਵੀ ਸਾਮਰਾਜ ਦੀਆਂ ਚੁਣੌਤੀਆਂ : ਵੀਹਵੀਂ ਸਦੀ ਦੇ ਸ਼ੁਰੂਆਤੀ ਦਹਾਕਿਆਂ ਵਿੱਚ ਭਾਰਤੀ ਉਪ-ਮਹਾਂਦੀਪ ਅੰਦਰ ਇੱਕ ਅਜਿਹੀ ਰਾਜਨੀਤਿਕ ਚੇਤਨਾ ਪੈਦਾ ਹੋ ਰਹੀ ਸੀ ਜਿਸ ਨੇ ਅੰਗਰੇਜ਼ੀ ਹਕੂਮਤ ਦੀਆਂ ਨੀਂਹਾਂ ਹਿਲਾ ਦਿੱਤੀਆਂ ਸਨ। ਸੰਨ 1857 ਦੇ ਗਦਰ ਤੋਂ ਬਾਅਦ ਅੰਗਰੇਜ਼ਾਂ ਨੇ ਭਾਵੇਂ ਸੱਤਾ @ਤੇ ਪਕੜ ਮਜ਼ਬੂਤ ਕਰ ਲਈ ਸੀ ਪਰ ਲੋਕਾਂ ਦੇ ਮਨਾਂ ਵਿੱਚ ਦਬੀ ਹੋਈ ਆਜ਼ਾਦੀ ਦੀ ਚਿਣਗ ਪੂਰੀ ਤਰ੍ਹਾਂ ਬੁਝੀ ਨਹੀਂ ਸੀ। 1885 ਵਿੱਚ ਇੰਡੀਅਨ ਨੈਸ਼ਨਲ ਕਾਂਗਰਸ ਦੀ ਸਥਾਪਨਾ ਨੇ ਇਸ ਚੇਤਨਾ ਨੂੰ ਇੱਕ ਸੰਸਥਾਗਤ ਰੂਪ ਦਿੱਤਾ। ਜਿਵੇਂ-ਜਿਵੇਂ ਸਮਾਂ ਬੀਤਿਆ, ਬਾਲ ਗੰਗਾਧਰ ਤਿਲਕ ਵਰਗੇ ਗਰਮ ਦਲ ਦੇ ਨੇਤਾਵਾਂ ਅਤੇ ਬਾਅਦ ਵਿੱਚ ਮਹਾਤਮਾ ਗਾਂਧੀ ਦੇ ਆਗਮਨ ਨੇ ਆਮ ਜਨਤਾ ਨੂੰ ਅੰਦੋਲਨਾਂ ਨਾਲ ਜੋੜਨਾ ਸ਼ੁਰੂ ਕਰ ਦਿੱਤਾ। ਬਰਤਾਨਵੀ ਸਰਕਾਰ ਜੋ ਪਹਿਲਾਂ ਹੀ ਯੂਰਪ ਵਿੱਚ ਉੱਠ ਰਹੀਆਂ ਜੰਗੀ ਸਥਿਤੀਆਂ ਕਾਰਨ ਚਿੰਤਤ ਸੀ ਭਾਰਤ ਵਿੱਚ ਉੱਠ ਰਹੀ ਇਸ ਜਨ-ਲਹਿਰ ਨੂੰ ਸ਼ੱਕ ਅਤੇ ਡਰ ਦੀ ਨਜ਼ਰ ਨਾਲ ਦੇਖਣ ਲੱਗੀ ਸੀ। ਉਨ੍ਹਾਂ ਨੇ @ਪਾੜੋ ਤੇ ਰਾਜ ਕਰੋ@ ਦੀ ਨੀਤੀ ਨੂੰ ਹੋਰ ਤਿੱਖਾ ਕੀਤਾ ਤਾਂ ਜੋ ਹਿੰਦੂਆਂ ਅਤੇ ਮੁਸਲਮਾਨਾਂ ਦੀ ਵਧ ਰਹੀ ਏਕਤਾ ਨੂੰ ਤੋੜਿਆ ਜਾ ਸਕੇ ਪਰ ਪੰਜਾਬ ਦੀ ਧਰਤੀ @ਤੇ ਇਹ ਏਕਤਾ ਇੱਕ ਅਜਿਹੀ ਚਟਾਨ ਬਣ ਕੇ ਉੱਭਰੀ ਜਿਸ ਨੂੰ ਤੋੜਨਾ ਮੁਸ਼ਕਲ ਹੋ ਗਿਆ।

ਪਹਿਲੀ ਵਿਸ਼ਵ ਜੰਗ ਅਤੇ ਪੰਜਾਬ ਦਾ ਬੇਮਿਸਾਲ ਯੋਗਦਾਨ : ਜਦੋਂ 1914 ਵਿੱਚ ਪਹਿਲੀ ਵਿਸ਼ਵ ਜੰਗ ਸ਼ੁਰੂ ਹੋਈ ਤਾਂ ਬਰਤਾਨਵੀ ਸਾਮਰਾਜ ਨੂੰ ਸੈਨਿਕਾਂ ਦੀ ਭਾਰੀ ਲੋੜ ਸੀ। ਪੰਜਾਬ, ਜਿਸ ਨੂੰ @ਮਾਰਸ਼ਲ ਰੇਸ@ ਦਾ ਗੜ੍ਹ ਮੰਨਿਆ ਜਾਂਦਾ ਸੀ ਨੇ ਇਸ ਜੰਗ ਵਿੱਚ ਲੱਖਾਂ ਨੌਜਵਾਨਾਂ ਦੀ ਭਰਤੀ ਕਰਵਾਈ। ਪੰਜਾਬੀ ਜਵਾਨ ਫਰਾਂਸ, ਮੇਸੋਪੋਟੇਮੀਆ ਅਤੇ ਅਫਰੀਕਾ ਦੇ ਮੈਦਾਨਾਂ ਵਿੱਚ ਅੰਗਰੇਜ਼ਾਂ ਲਈ ਆਪਣੀਆਂ ਜਾਨਾਂ ਵਾਰ ਰਹੇ ਸਨ। ਉਸ ਵੇਲੇ ਪੰਜਾਬ ਦੇ ਤਤਕਾਲੀ ਲੈਫਟੀਨੈਂਟ ਗਵਰਨਰ ਮਾਈਕਲ ਓ@ਡਵਾਇਰ ਨੇ ਬੜੀ ਸਖ਼ਤੀ ਨਾਲ ਭਰਤੀ ਮੁਹਿੰਮ ਚਲਾਈ ਅਤੇ ਪੰਜਾਬ ਦੇ ਪਿੰਡਾਂ ਤੋਂ ਜ਼ਬਰਦਸਤੀ ਫੰਡ ਅਤੇ ਸੈਨਿਕ ਇਕੱਠੇ ਕੀਤੇ। ਭਾਰਤੀਆਂ ਨੂੰ ਉਮੀਦ ਸੀ ਕਿ ਜੰਗ ਦੀ ਸਮਾਪਤੀ ਤੋਂ ਬਾਅਦ ਉਨ੍ਹਾਂ ਦੀ ਇਸ ਵਫ਼ਾਦਾਰੀ ਦੇ ਬਦਲੇ ਬ੍ਰਿਟਿਸ਼ ਸਰਕਾਰ ਉਨ੍ਹਾਂ ਨੂੰ @ਡੋਮੀਨੀਅਨ ਸਟੇਟਸ@ ਜਾਂ ਵੱਡੀਆਂ ਰਾਜਨੀਤਿਕ ਰਿਆਇਤਾਂ ਦੇਵੇਗੀ। ਪਰ ਜਦੋਂ 1918 ਵਿੱਚ ਜੰਗ ਖਤਮ ਹੋਈ ਤਾਂ ਇਨ੍ਹਾਂ ਉਮੀਦਾਂ @ਤੇ ਪਾਣੀ ਫਿਰ ਗਿਆ। ਵਧ ਰਹੀ ਮਹਿੰਗਾਈ, ਬੇਰੁਜ਼ਗਾਰੀ ਅਤੇ ਪਲੇਗ ਵਰਗੀਆਂ ਬਿਮਾਰੀਆਂ ਨੇ ਲੋਕਾਂ ਦੀ ਲੱਕ ਤੋੜ ਦਿੱਤੀ ਸੀ। ਸਰਕਾਰ ਨੇ ਇਨਾਮ ਦੇਣ ਦੀ ਬਜਾਏ ਹੋਰ ਵੀ ਕਰੜੇ ਕਾਨੂੰਨ ਲਾਗੂ ਕਰਨ ਦੀ ਯੋਜਨਾ ਬਣਾ ਲਈ ਜਿਸ ਨੇ ਪੰਜਾਬੀ ਮਨਾਂ ਵਿੱਚ ਅੰਗਰੇਜ਼ਾਂ ਪ੍ਰਤੀ ਸਤਿਕਾਰ ਨੂੰ ਨਫ਼ਰਤ ਵਿੱਚ ਬਦਲ ਦਿੱਤਾ।

**ਰੌਲਟ ਐਕਟ; ਲੋਕਤੰਤਰ ਦਾ ਗਲਾ ਘੁੱਟਣ ਵਾਲਾ ਕਾਲਾ ਕਾਨੂੰਨ** : ਸੰਨ 1919 ਦੀ ਸ਼ੁਰੂਆਤ ਵਿੱਚ ਬਰਤਾਨਵੀ ਸਰਕਾਰ ਨੇ @ਐਨਾਰਕੀਕਲ ਐਂਡ ਰੈਵੋਲੂਸ਼ਨਰੀ ਕ੍ਰਾਈਮਜ਼ ਐਕਟ@ ਪਾਸ ਕੀਤਾ ਜਿਸ ਨੂੰ ਜਸਟਿਸ ਸਿਡਨੀ ਰੌਲਟ ਦੇ ਨਾਂ @ਤੇ @ਰੌਲਟ ਐਕਟ@ ਕਿਹਾ ਗਿਆ। ਇਸ ਕਾਨੂੰਨ ਦਾ ਮਕਸਦ ਕ੍ਰਾਂਤੀਕਾਰੀ ਗਤੀਵਿਧੀਆਂ ਨੂੰ ਜੜ੍ਹੋਂ ਖਤਮ ਕਰਨਾ ਸੀ। ਇਸ ਐਕਟ ਨੇ ਸਰਕਾਰ ਨੂੰ ਇਹ ਤਾਕਤ ਦੇ ਦਿੱਤੀ ਕਿ ਉਹ ਕਿਸੇ ਵੀ ਭਾਰਤੀ ਨੂੰ ਬਿਨਾਂ ਕਿਸੇ ਵਾਰੰਟ ਦੇ ਗ੍ਰਿਫ਼ਤਾਰ ਕਰ ਸਕਦੀ ਸੀ ਅਤੇ ਬਿਨਾਂ ਮੁਕੱਦਮਾ ਚਲਾਏ ਦੋ ਸਾਲ ਤੱਕ ਜੇਲ੍ਹ ਵਿੱਚ ਰੱਖ ਸਕਦੀ ਸੀ। ਇਸ ਨੂੰ ਭਾਰਤੀ ਨੇਤਾਵਾਂ ਨੇ ÷ਨੋ ਦਲੀਲ, ਨੋ ਵਕੀਲ, ਨੋ ਅਪੀਲ÷ ਦਾ ਨਾਂ ਦਿੱਤਾ। ਮਹਾਤਮਾ ਗਾਂਧੀ ਨੇ ਇਸ ਨੂੰ @ਕਾਲਾ ਕਾਨੂੰਨ@ ਕਿਹਾ ਅਤੇ ਇਸ ਦੇ ਖ਼ਿਲਾਫ਼ ਦੇਸ਼ ਵਿਆਪੀ ਹੜਤਾਲ ਦਾ ਸੱਦਾ ਦਿੱਤਾ। ਪੰਜਾਬ ਵਿੱਚ ਇਸ ਦਾ ਵਿਰੋਧ ਸਭ ਤੋਂ ਤਿੱਖਾ ਰਿਹਾ। ਅੰਮ੍ਰਿਤਸਰ ਵਰਗੇ ਸ਼ਹਿਰਾਂ ਵਿੱਚ ਹਿੰਦੂਆਂ, ਸਿੱਖਾਂ ਅਤੇ ਮੁਸਲਮਾਨਾਂ ਨੇ ਮਿਲ ਕੇ ਪ੍ਰਦਰਸ਼ਨ ਕੀਤੇ ਜਿਸ ਨੇ ਅੰਗਰੇਜ਼ੀ ਪ੍ਰਸ਼ਾਸਨ ਦੇ ਮਨ ਵਿੱਚ ਇਹ ਡਰ ਪੈਦਾ ਕਰ ਦਿੱਤਾ ਕਿ ਸ਼ਾਇਦ 1857 ਵਰਗੀ ਬਗਾਵਤ ਦੁਬਾਰਾ ਸਿਰ ਚੁੱਕ ਰਹੀ ਹੈ।

**ਅੰਮ੍ਰਿਤਸਰ ਵਿੱਚ ਤਣਾਅ ਅਤੇ ਨੇਤਾਵਾਂ ਦੀ ਗ੍ਰਿਫ਼ਤਾਰੀ** : ਅਪ੍ਰੈਲ 1919 ਦੇ ਪਹਿਲੇ ਹਫ਼ਤੇ ਅੰਮ੍ਰਿਤਸਰ ਦਾ ਮਾਹੌਲ ਬਹੁਤ ਗਰਮ ਸੀ। 9 ਅਪ੍ਰੈਲ ਨੂੰ ਰਾਮ ਨੌਮੀ ਦਾ ਤਿਉਹਾਰ ਸੀ ਅਤੇ ਇਸ ਮੌਕੇ @ਤੇ ਅੰਮ੍ਰਿਤਸਰ ਵਿੱਚ ਇੱਕ ਬਹੁਤ ਵੱਡਾ ਜਲੂਸ ਕੱਢਿਆ ਗਿਆ। ਇਸ ਜਲੂਸ ਦੀ ਖ਼ਾਸੀਅਤ ਇਹ ਸੀ ਕਿ ਹਿੰਦੂਆਂ ਅਤੇ ਮੁਸਲਮਾਨਾਂ ਨੇ ਇੱਕੋ ਭਾਂਡੇ ਵਿੱਚ ਪਾਣੀ ਪੀ ਕੇ ਆਪਣੀ ਏਕਤਾ ਦਾ ਪ੍ਰਦਰਸ਼ਨ ਕੀਤਾ। ਇਸ ਏਕਤਾ ਨੇ ਮਾਈਕਲ ਓ@ਡਵਾਇਰ ਨੂੰ ਬੁਰੀ ਤਰ੍ਹਾਂ ਹਿਲਾ ਦਿੱਤਾ। ਉਸ ਨੇ ਤੁਰੰਤ ਅੰਮ੍ਰਿਤਸਰ ਦੇ ਦੋ ਵੱਡੇ ਨੇਤਾਵਾਂ, ਡਾ. ਸੈਫੂਦੀਨ ਕਿਚਲੂ ਅਤੇ ਡਾ. ਸਤਿਆਪਾਲ ਨੂੰ ਡਿਪਟੀ ਕਮਿਸ਼ਨਰ ਦੇ ਘਰ ਬੁਲਾ ਕੇ ਗ੍ਰਿਫ਼ਤਾਰ ਕਰ ਲਿਆ ਅਤੇ ਉਨ੍ਹਾਂ ਨੂੰ ਅਣਪਛਾਤੀ ਥਾਂ (ਧਰਮਸ਼ਾਲਾ) ਭੇਜ ਦਿੱਤਾ। ਜਦੋਂ ਇਹ ਖ਼ਬਰ ਸ਼ਹਿਰ ਵਿੱਚ ਫੈਲੀ ਤਾਂ ਲੋਕਾਂ ਦਾ ਗੁੱਸਾ ਫੁੱਟ ਪਿਆ। ਲੋਕ ਆਪਣੇ ਨੇਤਾਵਾਂ ਦੀ ਰਿਹਾਈ ਦੀ ਮੰਗ ਕਰਨ ਲਈ ਡਿਪਟੀ ਕਮਿਸ਼ਨਰ ਦੇ ਦਫ਼ਤਰ ਵੱਲ ਵਧੇ, ਪਰ ਰਸਤੇ ਵਿੱਚ ਰੇਲਵੇ ਪੁਲ @ਤੇ ਫੌਜ ਨੇ ਗੋਲੀ ਚਲਾ ਦਿੱਤੀ ਜਿਸ ਵਿੱਚ ਕਈ ਲੋਕ ਮਾਰੇ ਗਏ। ਇਸ ਤੋਂ ਬਾਅਦ ਭੜਕੀ ਹਿੰਸਾ ਵਿੱਚ ਕੁਝ ਅੰਗਰੇਜ਼ ਅਧਿਕਾਰੀ ਮਾਰੇ ਗਏ ਅਤੇ ਸਰਕਾਰੀ ਇਮਾਰਤਾਂ ਨੂੰ ਅੱਗ ਲਗਾ ਦਿੱਤੀ ਗਈ। ਸ਼ਹਿਰ ਦਾ ਕੰਟਰੋਲ ਫੌਜ ਦੇ ਹਵਾਲੇ ਕਰ ਦਿੱਤਾ ਗਿਆ ਅਤੇ ਜਨਰਲ ਰੇਜੀਨਾਲਡ ਡਾਇਰ ਨੂੰ ਜਾਲੰਧਰ ਤੋਂ ਅੰਮ੍ਰਿਤਸਰ ਬੁਲਾਇਆ ਗਿਆ।

**13 ਅਪ੍ਰੈਲ; ਵਿਸਾਖੀ ਦਾ ਦਿਨ ਅਤੇ ਬਾਗ ਦੀ ਘੇਰਾਬੰਦੀ** : 13 ਅਪ੍ਰੈਲ 1919 ਨੂੰ ਵਿਸਾਖੀ ਦਾ ਪਵਿੱਤਰ ਦਿਹਾੜਾ ਸੀ। ਅੰਮ੍ਰਿਤਸਰ ਦੇ ਜਲਿਆਂਵਾਲਾ ਬਾਗ ਵਿੱਚ ਇੱਕ ਵੱਡਾ ਜਨਤਕ ਇਕੱਠ ਰੱਖਿਆ ਗਿਆ ਸੀ। ਬਾਗ ਅਸਲ ਵਿੱਚ ਇੱਕ ਖਾਲੀ ਮੈਦਾਨ ਸੀ ਜਿਸ ਦੇ ਚਾਰੇ ਪਾਸੇ ਉੱਚੀਆਂ ਕੰਧਾਂ ਅਤੇ ਘਰ ਸਨ। ਇਸ ਵਿੱਚ ਅੰਦਰ ਜਾਣ ਅਤੇ ਬਾਹਰ ਆਉਣ ਲਈ ਸਿਰਫ਼ ਇੱਕ ਹੀ ਤੰਗ ਰਸਤਾ ਸੀ। ਉਸ ਦਿਨ ਹਜ਼ਾਰਾਂ ਦੀ ਗਿਣਤੀ ਵਿੱਚ ਲੋਕ ਇਕੱਠੇ ਹੋਏ ਸਨ, ਜਿਨ੍ਹਾਂ ਵਿੱਚੋਂ ਬਹੁਤ ਸਾਰੇ ਨੇੜਲੇ ਪਿੰਡਾਂ ਦੇ ਸਨ ਜੋ ਵਿਸਾਖੀ ਦੇ ਮੇਲੇ ਲਈ ਆਏ ਸਨ ਅਤੇ ਉਨ੍ਹਾਂ ਨੂੰ ਸ਼ਹਿਰ ਵਿੱਚ ਲਾਗੂ ਮਾਰਸ਼ਲ ਲਾਅ ਜਾਂ ਜਨਤਕ ਇਕੱਠਾਂ @ਤੇ ਪਾਬੰਦੀ ਬਾਰੇ ਕੋਈ ਜਾਣਕਾਰੀ ਨਹੀਂ ਸੀ। ਸ਼ਾਮ ਦੇ ਕਰੀਬ 4:30 ਵਜੇ, ਜਦੋਂ ਸਭਾ ਸ਼ਾਂਤਮਈ ਢੰਗ ਨਾਲ ਚੱਲ ਰਹੀ ਸੀ ਅਤੇ ਬੁਲਾਰੇ ਭਾਸ਼ਣ ਦੇ ਰਹੇ ਸਨ, ਜਨਰਲ ਡਾਇਰ ਆਪਣੇ ਹਥਿਆਰਬੰਦ ਸਿਪਾਹੀਆਂ ਅਤੇ ਦੋ ਬਖ਼ਤਰਬੰਦ ਗੱਡੀਆਂ ਨਾਲ ਬਾਗ ਵਿੱਚ ਦਾਖਲ ਹੋਇਆ। ਉਸ ਨੇ ਬਿਨਾਂ ਕਿਸੇ ਚੇਤਾਵਨੀ ਦੇ, ਲੋਕਾਂ ਨੂੰ ਖਿੰਡ ਜਾਣ ਦਾ ਮੌਕਾ ਦਿੱਤੇ ਬਿਨਾਂ ਹੀ ਗੋਲੀ ਚਲਾਉਣ ਦਾ ਹੁਕਮ ਦੇ ਦਿੱਤਾ।

**ਦਸ ਮਿੰਟ ਦਾ ਤਾਂਡਵ ਅਤੇ ਮਨੁੱਖੀ ਲਹੂ ਦੀ ਹੋਲੀ** : ਜਨਰਲ ਡਾਇਰ ਦੇ ਹੁਕਮ @ਤੇ ਸਿਪਾਹੀਆਂ ਨੇ ਬਾਗ ਦੇ ਇਕਲੌਤੇ ਨਿਕਾਸ ਦੁਆਰ ਨੂੰ ਘੇਰ ਲਿਆ ਅਤੇ ਸਿੱਧਾ ਭੀੜ @ਤੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਉਹ ਦਸ ਮਿੰਟ ਇਤਿਹਾਸ ਦੇ ਸਭ ਤੋਂ ਭਿਆਨਕ ਮਿੰਟ ਸਨ। ਡਾਇਰ ਨੇ ਨਿਰਦੇਸ਼ ਦਿੱਤੇ ਸਨ ਕਿ ਗੋਲੀਆਂ ਉੱਥੇ ਚਲਾਈਆਂ ਜਾਣ ਜਿੱਥੇ ਭੀੜ ਸਭ ਤੋਂ ਜ਼ਿਆਦਾ ਸੰਘਣੀ ਹੋਵੇ। ਲੋਕ ਆਪਣੀ ਜਾਨ ਬਚਾਉਣ ਲਈ ਇਧਰ-ਉਧਰ ਭੱਜੇ, ਪਰ ਉੱਚੀਆਂ ਕੰਧਾਂ ਨੇ ਉਨ੍ਹਾਂ ਦਾ ਰਸਤਾ ਰੋਕ ਲਿਆ। ਬਹੁਤ ਸਾਰੇ ਲੋਕਾਂ ਨੇ ਬਾਗ ਵਿੱਚ ਸਥਿਤ ਇੱਕ ਖੂਹ ਵਿੱਚ ਛਾਲਾਂ ਮਾਰ ਦਿੱਤੀਆਂ, ਜਿਸ ਨੂੰ ਅੱਜ @ਸ਼ਹੀਦੀ ਖੂਹ@ ਕਿਹਾ ਜਾਂਦਾ ਹੈ। ਉਸ ਖੂਹ ਵਿੱਚੋਂ ਬਾਅਦ ਵਿੱਚ ਸੈਂਕੜੇ ਲਾਸ਼ਾਂ ਕੱਢੀਆਂ ਗਈਆਂ। ਗੋਲੀਬਾਰੀ ਉਦੋਂ ਹੀ ਰੁਕੀ ਜਦੋਂ ਸਿਪਾਹੀਆਂ ਕੋਲ ਅਸਲਾ ਖਤਮ ਹੋ ਗਿਆ। ਸਰਕਾਰੀ ਰਿਪੋਰਟਾਂ ਅਨੁਸਾਰ 379 ਲੋਕ ਮਾਰੇ ਗਏ ਸਨ, ਪਰ ਗੈਰ-ਸਰਕਾਰੀ ਅੰਕੜਿਆਂ ਮੁਤਾਬਕ ਸ਼ਹੀਦਾਂ ਦੀ ਗਿਣਤੀ 1000 ਤੋਂ ਵੀ ਵੱਧ ਸੀ ਅਤੇ ਹਜ਼ਾਰਾਂ ਲੋਕ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਏ ਸਨ। ਇਸ ਕਤਲੇਆਮ ਤੋਂ ਬਾਅਦ ਡਾਇਰ ਨੇ ਸ਼ਹਿਰ ਵਿੱਚ ਕਰਫ਼ਿਊ ਲਗਾ ਦਿੱਤਾ, ਜਿਸ ਕਾਰਨ ਜ਼ਖ਼ਮੀਆਂ ਨੂੰ ਪਾਣੀ ਅਤੇ ਡਾਕਟਰੀ ਸਹਾਇਤਾ ਵੀ ਨਸੀਬ ਨਹੀਂ ਹੋਈ ਅਤੇ ਸਾਰੀ ਰਾਤ ਲੋਕ ਤੜਫ-ਤੜਫ ਕੇ ਦਮ ਤੋੜਦੇ ਰਹੇ।

**ਸ਼ਹੀਦ ਊਧਮ ਸਿੰਘ; ਇੱਕ ਬਲਦੀ ਮਸ਼ਾਲ ਅਤੇ ਪ੍ਰਤਿਗਿਆ** : ਜਲਿਆਂਵਾਲਾ ਬਾਗ ਦੇ ਖ਼ੂਨੀ ਸਾਕੇ ਨੇ ਜਿੱਥੇ ਸਾਰੇ ਦੇਸ਼ ਨੂੰ ਸਦਮੇ ਵਿੱਚ ਪਾ ਦਿੱਤਾ ਉੱਥੇ ਇੱਕ 20 ਸਾਲਾ ਨੌਜਵਾਨ ਦੇ ਮਨ ਵਿੱਚ ਅਜਿਹੀ ਅੱਗ ਲਗਾ ਦਿੱਤੀ ਜੋ ਅਗਲੇ 21 ਸਾਲਾਂ ਤੱਕ ਬਲਦੀ ਰਹੀ। ਉਹ ਨੌਜਵਾਨ ਸੀ ਊਧਮ ਸਿੰਘ। ਊਧਮ ਸਿੰਘ ਉਸ ਦਿਨ ਬਾਗ ਵਿੱਚ ਮੌਜੂਦ ਸੀ ਅਤੇ ਲੋਕਾਂ ਨੂੰ ਪਾਣੀ ਪਿਲਾਉਣ ਦੀ ਸੇਵਾ ਕਰ ਰਿਹਾ ਸੀ। ਉਸ ਨੇ ਆਪਣੀਆਂ ਅੱਖਾਂ ਨਾਲ ਮਾਸੂਮਾਂ ਦਾ ਕਤਲੇਆਮ ਹੁੰਦੇ ਦੇਖਿਆ। ਉਸ ਦਿਨ ਉਸ ਨੇ ਬਾਗ ਦੀ ਰੱਤ ਭਿੱਜੀ ਮਿੱਟੀ ਨੂੰ ਆਪਣੇ ਮੱਥੇ @ਤੇ ਲਗਾਇਆ ਅਤੇ ਸਹੁੰ ਖਾਧੀ ਕਿ ਉਹ ਇਸ ਜ਼ੁਲਮ ਦੇ ਮੁੱਖ ਜ਼ਿੰਮੇਵਾਰ ਮਾਈਕਲ ਓ@ਡਵਾਇਰ ਨੂੰ ਉਸ ਦੇ ਘਰ ਜਾ ਕੇ ਮਾਰੇਗਾ। ਊਧਮ ਸਿੰਘ ਨੇ ਆਪਣੇ ਮਕਸਦ ਲਈ ਦੁਨੀਆ ਦੇ ਕਈ ਦੇਸ਼ਾਂ ਦੀ ਯਾਤਰਾ ਕੀਤੀ, ਵੱਖ-ਵੱਖ ਨਾਮ ਰੱਖੇ ਅਤੇ ਅੰਤ ਵਿੱਚ @ਰਾਮ ਮੁਹੰਮਦ ਸਿੰਘ ਆਜ਼ਾਦ@ ਦੇ ਨਾਮ ਹੇਠ ਲੰਡਨ ਪਹੁੰਚ ਗਿਆ। 13 ਮਾਰਚ 1940 ਨੂੰ ਕੈਕਸਟਨ ਹਾਲ ਵਿੱਚ ਇੱਕ ਸਭਾ ਦੌਰਾਨ ਉਸ ਨੇ ਮਾਈਕਲ ਓ@ਡਵਾਇਰ ਨੂੰ ਗੋਲੀਆਂ ਨਾਲ ਭੁੰਨ ਦਿੱਤਾ। ਉਸ ਦੀ ਇਹ ਕੁਰਬਾਨੀ ਸਿਰਫ਼ ਬਦਲਾ ਨਹੀਂ ਸੀ, ਸਗੋਂ ਇਹ ਬਰਤਾਨਵੀ ਹਕੂਮਤ ਨੂੰ ਇੱਕ ਸੁਨੇਹਾ ਸੀ ਕਿ ਭਾਰਤ ਦੇ ਸ਼ਹੀਦਾਂ ਦਾ ਖ਼ੂਨ ਕਦੇ ਅਜਾਈਂ ਨਹੀਂ ਜਾਂਦਾ। 31 ਜੁਲਾਈ 1940 ਨੂੰ ਊਧਮ ਸਿੰਘ ਨੂੰ ਫਾਂਸੀ ਦੇ ਦਿੱਤੀ ਗਈ, ਪਰ ਉਸ ਦਾ ਨਾਮ ਅਮਰ ਹੋ ਗਿਆ।

**ਬਰਤਾਨਵੀ ਪ੍ਰਤੀਕਿਰਿਆ ਅਤੇ ਹੰਟਰ ਕਮਿਸ਼ਨ ਦਾ ਨਾਟਕ** : ਇਸ ਕਤਲੇਆਮ ਤੋਂ ਬਾਅਦ ਜਦੋਂ ਪੂਰੀ ਦੁਨੀਆ ਵਿੱਚ ਅੰਗਰੇਜ਼ਾਂ ਦੀ ਥੂ-ਥੂ ਹੋਣ ਲੱਗੀ ਤਾਂ ਬ੍ਰਿਟਿਸ਼ ਸਰਕਾਰ ਨੇ ਦਿਖਾਵੇ ਲਈ @ਹੰਟਰ ਕਮਿਸ਼ਨ@ ਦੀ ਸਥਾਪਨਾ ਕੀਤੀ। ਕਮਿਸ਼ਨ ਦੇ ਸਾਹਮਣੇ ਪੇਸ਼ ਹੋਣ @ਤੇ ਜਨਰਲ ਡਾਇਰ ਨੇ ਬੜੀ ਬੇਸ਼ਰਮੀ ਨਾਲ ਕਿਹਾ ਕਿ ਉਸ ਨੂੰ ਆਪਣੇ ਕੀਤੇ @ਤੇ ਕੋਈ ਪਛਤਾਵਾ ਨਹੀਂ ਹੈ। ਉਸ ਨੇ ਕਿਹਾ ਕਿ ਉਸ ਦਾ ਮਕਸਦ ਸਿਰਫ਼ ਭੀੜ ਨੂੰ ਖਿੰਡਾਉਣਾ ਨਹੀਂ ਸੀ, ਸਗੋਂ ਭਾਰਤੀਆਂ ਦੇ ਮਨਾਂ ਵਿੱਚ ਅਜਿਹੀ ਦਹਿਸ਼ਤ ਪੈਦਾ ਕਰਨਾ ਸੀ ਕਿ ਉਹ ਮੁੜ ਕਦੇ ਬਗਾਵਤ ਨਾ ਕਰਨ। ਹਾਲਾਂਕਿ ਕਮਿਸ਼ਨ ਨੇ ਡਾਇਰ ਦੇ ਇਸ ਕਾਰੇ ਨੂੰ ਗਲਤ ਦੱਸਿਆ ਪਰ ਉਸ ਨੂੰ ਕੋਈ ਸਖ਼ਤ ਸਜ਼ਾ ਨਹੀਂ ਦਿੱਤੀ ਗਈ। ਉਸ ਨੂੰ ਸਿਰਫ਼ ਸੇਵਾ ਤੋਂ ਮੁਕਤ ਕਰਕੇ ਵਾਪਸ ਇੰਗਲੈਂਡ ਭੇਜ ਦਿੱਤਾ ਗਿਆ। ਹੈਰਾਨੀ ਦੀ ਗੱਲ ਇਹ ਸੀ ਕਿ ਇੰਗਲੈਂਡ ਵਿੱਚ ਕਈ ਲੋਕਾਂ ਨੇ ਉਸ ਨੂੰ @ਬ੍ਰਿਟਿਸ਼ ਸਾਮਰਾਜ ਦਾ ਰਾਖਾ@ ਕਹਿ ਕੇ ਸਨਮਾਨਿਤ ਕੀਤਾ ਅਤੇ ਉਸ ਲਈ ਫੰਡ ਇਕੱਠਾ ਕੀਤਾ। ਇਸ ਪੱਖਪਾਤੀ ਵਤੀਰੇ ਨੇ ਭਾਰਤੀਆਂ ਦੇ ਮਨਾਂ ਵਿੱਚ ਰਹੀ-ਸਹੀ ਵਫ਼ਾਦਾਰੀ ਵੀ ਖਤਮ ਕਰ ਦਿੱਤੀ।

ਰਬਿੰਦਰਨਾਥ ਟੈਗੋਰ ਦੀ ਨਾਰਾਜ਼ਗੀ ਅਤੇ ਨਾਈਟਹੁੱਡ ਦਾ ਤਿਆਗ : ਜਲਿਆਂਵਾਲਾ ਬਾਗ ਦੀ ਘਟਨਾ ਨੇ ਭਾਰਤ ਦੇ ਬੁੱਧੀਜੀਵੀ ਵਰਗ ਨੂੰ ਵੀ ਹਿਲਾ ਕੇ ਰੱਖ ਦਿੱਤਾ ਸੀ। ਨੋਬਲ ਪੁਰਸਕਾਰ ਜੇਤੂ ਕਵੀ ਰਬਿੰਦਰਨਾਥ ਟੈਗੋਰ ਨੇ ਇਸ ਵਹਿਸ਼ੀਆਨਾ ਕਤਲੇਆਮ ਦੇ ਵਿਰੋਧ ਵਿੱਚ ਬਰਤਾਨਵੀ ਸਰਕਾਰ ਵੱਲੋਂ ਦਿੱਤੀ ਗਈ @ਨਾਈਟਹੁੱਡ@ (ਸਰ) ਦੀ ਉਪਾਧੀ ਵਾਪਸ ਕਰ ਦਿੱਤੀ। ਵਾਇਸਰਾਏ ਨੂੰ ਲਿਖੀ ਆਪਣੀ ਚਿੱਠੀ ਵਿੱਚ ਟੈਗੋਰ ਨੇ ਬਹੁਤ ਹੀ ਭਾਵੁਕ ਅਤੇ ਸਖ਼ਤ ਸ਼ਬਦਾਂ ਦੀ ਵਰਤੋਂ ਕੀਤੀ। ਉਨ੍ਹਾਂ ਲਿਖਿਆ ਕਿ ਅਜਿਹੇ ਸਮੇਂ ਵਿੱਚ ਜਦੋਂ ਸਾਡੇ ਦੇਸ਼ ਦੇ ਲੋਕਾਂ ਨੂੰ ਅਜਿਹੀਆਂ ਬੇਇੱਜ਼ਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਇਹ ਉਪਾਧੀਆਂ ਮੇਰੇ ਲਈ ਸ਼ਰਮ ਦਾ ਕਾਰਨ ਬਣ ਗਈਆਂ ਹਨ। ਟੈਗੋਰ ਦਾ ਇਹ ਕਦਮ ਅੰਤਰਰਾਸ਼ਟਰੀ ਪੱਧਰ @ਤੇ ਅੰਗਰੇਜ਼ਾਂ ਲਈ ਬਹੁਤ ਵੱਡੀ ਨਮੋਸ਼ੀ ਸੀ ਅਤੇ ਇਸ ਨੇ ਭਾਰਤੀਆਂ ਨੂੰ ਆਪਣੀ ਸਵੈ-ਮਾਨ ਦੀ ਲੜਾਈ ਲੜਨ ਲਈ ਉਤਸ਼ਾਹਿਤ ਕੀਤਾ।

**ਆਜ਼ਾਦੀ ਦੇ ਸੰਗਰਾਮ @ਤੇ ਦੂਰਗਾਮੀ ਪ੍ਰਭਾਵ** : ਜਲਿਆਂਵਾਲਾ ਬਾਗ ਸਾਕੇ ਤੋਂ ਪਹਿਲਾਂ ਭਾਰਤੀ ਰਾਜਨੀਤੀ ਮੁੱਖ ਤੌਰ @ਤੇ ਅੰਗਰੇਜ਼ਾਂ ਤੋਂ ਰਿਆਇਤਾਂ ਮੰਗਣ ਤੱਕ ਸੀਮਤ ਸੀ। ਪਰ ਇਸ ਘਟਨਾ ਨੇ @ਪੂਰਨ ਸਵਰਾਜ@ ਦੀ ਮੰਗ ਨੂੰ ਜਨਮ ਦਿੱਤਾ। ਮਹਾਤਮਾ ਗਾਂਧੀ, ਜੋ ਪਹਿਲਾਂ ਅੰਗਰੇਜ਼ੀ ਨਿਆਂ ਵਿੱਚ ਵਿਸ਼ਵਾਸ ਰੱਖਦੇ ਸਨ, ਹੁਣ ਇਸ ਸਾਮਰਾਜ ਨੂੰ @ਸ਼ੈਤਾਨੀ ਹਕੂਮਤ@ ਕਹਿਣ ਲੱਗੇ। ਉਨ੍ਹਾਂ ਨੇ 1920 ਵਿੱਚ ਅਸਹਿਯੋਗ ਅੰਦੋਲਨ ਸ਼ੁਰੂ ਕੀਤਾ ਜਿਸ ਨੇ ਪੂਰੇ ਦੇਸ਼ ਨੂੰ ਇੱਕ ਸੂਤਰ ਵਿੱਚ ਪਰੋ ਦਿੱਤਾ। ਇਹ ਘਟਨਾ ਭਗਤ ਸਿੰਘ ਵਰਗੇ ਕ੍ਰਾਂਤੀਕਾਰੀਆਂ ਲਈ ਪ੍ਰੇਰਨਾ ਦਾ ਸਰੋਤ ਬਣੀ। ਇਤਿਹਾਸਕਾਰ ਮੰਨਦੇ ਹਨ ਕਿ ਜੇਕਰ ਜਲਿਆਂਵਾਲਾ ਬਾਗ ਦਾ ਸਾਕਾ ਨਾ ਵਾਪਰਦਾ ਤਾਂ ਸ਼ਾਇਦ ਭਾਰਤ ਦੀ ਆਜ਼ਾਦੀ ਵਿੱਚ ਹੋਰ ਵੀ ਕਈ ਦਹਾਕੇ ਲੱਗ ਜਾਂਦੇ। ਇਸ ਖ਼ੂਨੀ ਸਾਕੇ ਨੇ ਬ੍ਰਿਟਿਸ਼ ਰਾਜ ਦੇ ਅੰਤ ਦੀ ਉਲਟੀ ਗਿਣਤੀ ਸ਼ੁਰੂ ਕਰ ਦਿੱਤੀ ਸੀ।

**ਨਵੀਨੀਕਰਨ ਜਾਂ ਇਤਿਹਾਸਕ ਵਿਰਾਸਤ ਨਾਲ ਛੇੜਛਾੜ; ਇੱਕ ਵਿਵਾਦਪੂਰਨ ਪਹਿਲੂ** : ਜਲਿਆਂਵਾਲਾ ਬਾਗ ਦੇ ਨਵੀਨੀਕਰਨ (Renovation) ਨੂੰ ਲੈ ਕੇ ਇਤਿਹਾਸਕਾਰਾਂ, ਬੁੱਧੀਜੀਵੀ ਵਰਗ ਅਤੇ ਆਮ ਲੋਕਾਂ ਵਿੱਚ ਇੱਕ ਤਿੱਖੀ ਬਹਿਸ ਛਿੜੀ ਹੋਈ ਹੈ ਜਿਸ ਵਿੱਚ ਸਰਕਾਰ ਦੀਆਂ ਨੀਅਤਾਂ @ਤੇ ਸਵਾਲ ਚੁੱਕੇ ਜਾ ਰਹੇ ਹਨ। ਕਈ ਆਲੋਚਕਾਂ ਦਾ ਮੰਨਣਾ ਹੈ ਕਿ ਕੋਵਿਡ-19 ਦੀ ਆੜ ਵਿੱਚ ਕੀਤੇ ਗਏ ਇਸ ਬਦਲਾਅ ਰਾਹੀਂ ਇਤਿਹਾਸ ਦੀ ਉਸ @ਭਿਆਨਕਤਾ@ ਅਤੇ @ਦਰਦ@ ਨੂੰ ਮਿਟਾਉਣ ਦੀ ਕੋਸ਼ਿਸ਼ ਕੀਤੀ ਗਈ ਹੈ ਜੋ ਬਾਗ ਦੀਆਂ ਪੁਰਾਣੀਆਂ ਅਤੇ ਖੁਰਦਰੀਆਂ ਕੰਧਾਂ ਵਿੱਚ ਵਸੀ ਹੋਈ ਸੀ। ਖ਼ਾਸ ਕਰਕੇ ਉਸ ਤੰਗ ਰਸਤੇ (Narrow Passage) ਦਾ ਸਰੂਪ ਬਦਲਣਾ ਜਿੱਥੋਂ ਜਨਰਲ ਡਾਇਰ ਦਾਖਲ ਹੋਇਆ ਸੀ ਸਭ ਤੋਂ ਵੱਧ ਵਿਵਾਦਪੂਰਨ ਰਿਹਾ ਹੈ; ਕਿਉਂਕਿ ਉਸ ਰਸਤੇ @ਤੇ ਬਣਾਈਆਂ ਗਈਆਂ ਨਵੀਆਂ ਮੂਰਤੀਆਂ ਉਸ ਦਹਿਸ਼ਤ ਦੇ ਅਹਿਸਾਸ ਨੂੰ ਘਟਾ ਕੇ ਇਸ ਨੂੰ ਇੱਕ @ਸੁੰਦਰ ਸੈਰ-ਸਪਾਟਾ ਸਥਾਨ@ ਵਾਂਗ ਪੇਸ਼ ਕਰਦੀਆਂ ਹਨ। ਇਤਿਹਾਸਕਾਰਾਂ ਅਨੁਸਾਰ ਸ਼ਹੀਦੀ ਸਥਾਨਾਂ ਦਾ ਨਵੀਨੀਕਰਨ ਉਨ੍ਹਾਂ ਦੇ ਮੂਲ ਸਰੂਪ ਅਤੇ ਇਤਿਹਾਸਕ ਪ੍ਰਮਾਣਿਕਤਾ ਨਾਲ ਛੇੜਛਾੜ ਕੀਤੇ ਬਿਨਾਂ ਹੋਣਾ ਚਾਹੀਦਾ ਹੈ ਪਰ ਇੱਥੇ @ਲਾਈਟ ਐਂਡ ਸਾਊਂਡ ਸ਼ੋਅ@ ਅਤੇ ਨਵੇਂ ਡਿਜ਼ਾਈਨਾਂ ਰਾਹੀਂ ਇਤਿਹਾਸ ਦੇ ਉਸ ਖ਼ੂਨੀ ਸੱਚ ਨੂੰ @ਗਲੈਮਰਸ@ ਜਾਂ ਚਮਕਦਾਰ ਬਣਾ ਦਿੱਤਾ ਗਿਆ ਹੈ ਜਿਸ ਨੂੰ ਕਈ ਵਿਦਵਾਨ ਇਤਿਹਾਸ ਦੇ ਅਸਲ ਬਿਰਤਾਂਤ ਨੂੰ ਬਦਲਣ ਜਾਂ ਉਸ ਦੇ ਪ੍ਰਭਾਵ ਨੂੰ ਮੱਧਮ ਕਰਨ ਦੀ ਇੱਕ ਸਿਆਸੀ ਸਾਜ਼ਿਸ਼ ਵਜੋਂ ਦੇਖਦੇ ਹਨ ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਉਸ ਦਰਦਨਾਕ ਕਤਲੇਆਮ ਦੀ ਗੰਭੀਰਤਾ ਨੂੰ ਉਸੇ ਸ਼ਿੱਦਤ ਨਾਲ ਮਹਿਸੂਸ ਨਾ ਕਰ ਸਕਣ ਜਿਵੇਂ ਪਹਿਲਾਂ ਹੁੰਦਾ ਸੀ।

**ਸ਼ਹੀਦਾਂ ਦੀ ਯਾਦ ਅਤੇ ਸਾਡੀ ਜ਼ਿੰਮੇਵਾਰੀ** : ਅੱਜ ਜਦੋਂ ਅਸੀਂ ਜਲਿਆਂਵਾਲਾ ਬਾਗ ਦੀਆਂ ਲਾਲ ਇੱਟਾਂ ਵਾਲੀਆਂ ਕੰਧਾਂ ਅਤੇ ਉਨ੍ਹਾਂ @ਤੇ ਲੱਗੇ ਗੋਲੀਆਂ ਦੇ ਨਿਸ਼ਾਨਾਂ ਨੂੰ ਦੇਖਦੇ ਹਾਂ ਤਾਂ ਸਾਨੂੰ ਅਹਿਸਾਸ ਹੁੰਦਾ ਹੈ ਕਿ ਅਸੀਂ ਜਿਸ ਆਜ਼ਾਦ ਹਵਾ ਵਿੱਚ ਸਾਹ ਲੈ ਰਹੇ ਹਾਂ ਉਸ ਦੀ ਕੀਮਤ ਕਿੰਨੀ ਭਾਰੀ ਸੀ। ਉਹ ਸ਼ਹੀਦ ਕਿਸੇ ਖ਼ਾਸ ਧਰਮ ਜਾਂ ਜਾਤ ਦੇ ਨਹੀਂ ਸਨ ਉਹ ਸਿਰਫ਼ ਭਾਰਤੀ ਸਨ ਜਿਨ੍ਹਾਂ ਦਾ ਲਹੂ ਬਾਗ ਦੀ ਮਿੱਟੀ ਵਿੱਚ ਇੱਕਮਿੱਕ ਹੋ ਗਿਆ ਸੀ। ਅੱਜ ਸਾਡੀ ਸਭ ਤੋਂ ਵੱਡੀ ਜ਼ਿੰਮੇਵਾਰੀ ਇਹ ਹੈ ਕਿ ਅਸੀਂ ਉਨ੍ਹਾਂ ਵੱਲੋਂ ਦਿੱਤੀਆਂ ਕੁਰਬਾਨੀਆਂ ਨੂੰ ਵਿਅਰਥ ਨਾ ਜਾਣ ਦੇਈਏ ਅਤੇ ਦੇਸ਼ ਦੀ ਏਕਤਾ, ਅਖੰਡਤਾ ਅਤੇ ਲੋਕਤੰਤਰੀ ਕਦਰਾਂ-ਕੀਮਤਾਂ ਦੀ ਰਾਖੀ ਕਰੀਏ। ਜਲਿਆਂਵਾਲਾ ਬਾਗ ਸਿਰਫ਼ ਇੱਕ ਸਮਾਰਕ ਨਹੀਂ ਹੈ, ਸਗੋਂ ਇਹ ਮਨੁੱਖੀ ਆਤਮਾ ਦੀ ਕਦੇ ਨਾ ਹਾਰਨ ਵਾਲੀ ਜਿੱਤ ਦਾ ਪ੍ਰਤੀਕ ਹੈ।

# ਹਰਿਆਣਾ ਸਟਾਰਟਅੱਪਸ ਦੇ ਮਾਮਲੇ ਵਿੱਚ 7ਵਾਂ ਸਭ ਤੋਂ ਵੱਡਾ ਸੂਬਾ: ਸੈਣੀ

### ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਨਿਵੇਸ਼ਕਾਂ ਨੂੰ ਸੂਬੇ ਦੇ ਫੂਡ ਪ੍ਰੋਸੈਸਿੰਗ, ਲੌਜਿਸਟਿਕਸ, ਇਲੈਕਟ੍ਰਿਕ ਵਹੀਕਲ (EV) ਅਤੇ ਹੋਰ ਖੇਤਰਾਂ ਵਿੱਚ ਉਪਲਬਧ ਮੌਕਿਆਂ ਦਾ ਲਾਭ ਉਠਾਉਣ ਲਈ ਸੱਦਾ ਦਿੱਤਾ



ਪੰਚਕੂਲਾ, 12 ਅਪ੍ਰੈਲ (ਪ੍ਰਤੀਨਿਧੀ): ਹਰਿਆਣਾ ਦੇ ਮੁੱਖ ਮੰਤਰੀ ਸ਼੍ਰੀ ਨਾਇਬ ਸਿੰਘ ਸੈਣੀ ਨੇ ਉਦਯੋਗਿਕ ਸਮੂਹਾਂ ਅਤੇ ਨਿਵੇਸ਼ਕਾਂ ਨੂੰ ਰਾਜ ਦੇ ਤੇਜ਼ੀ ਨਾਲ ਵਿਕਸਤ ਹੋ ਰਹੇ ਫੂਡ ਪ੍ਰੋਸੈਸਿੰਗ ਸੈਕਟਰ, ਰਾਸ਼ਟਰੀ ਰਾਜਧਾਨੀ ਖੇਤਰ (NCR) ਵਿੱਚ ਵਿਸਤਾਰ ਕਰ ਰਹੇ ਲੌਜਿਸਟਿਕਸ ਇਕੋਸਿਸਟਮ, ਇਲੈਕਟ੍ਰਿਕ ਵਹੀਕਲ (EV) ਪਾਰਕ ਅਤੇ ਹੋਰ ਖੇਤਰਾਂ ਵਿੱਚ ਨਿਵੇਸ਼ ਦੇ ਮੌਕਿਆਂ ਦਾ ਲਾਭ ਉਠਾਉਣ ਦੀ ਅਪੀਲ ਕੀਤੀ। TiECon ਚੰਡੀਗੜ੍ਹ ਸਮਿਟ 2026 ਵਿੱਚ 12 ਦੇਸ਼ਾਂ ਅਤੇ 27 ਰਾਜਾਂ ਤੋਂ ਆਏ ਉੱਦਮੀਆਂ ਅਤੇ ਉਦਯੋਗਪਤੀਆਂ ਨੂੰ ਸੰਬੋਧਿਤ ਕਰਦਿਆਂ ਮੁੱਖ ਮੰਤਰੀ ਸ਼੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਸੂਬਾ ਸਰਕਾਰ ਨੇ ਇੱਕ ਬਹੁਤ ਹੀ ਅਨੁਕੂਲ ਉਦਯੋਗਿਕ ਮਾਹੌਲ ਤਿਆਰ ਕੀਤਾ ਹੈ, ਜਿੱਥੇ ਨਿਵੇਸ਼ਕਾਂ ਦਾ ਵਿਸ਼ਵਾਸ ਵਧਦਾ ਹੈ ਅਤੇ ਉੱਦਮੀਆਂ ਨੂੰ ਭਰਪੂਰ ਮੌਕੇ ਮਿਲਦੇ ਹਨ। ਉਨ੍ਹਾਂ ਕਿਹਾ ਕਿ ਸਰਕਾਰ 'ਈਜ਼ ਆਫ ਡੂਇੰਗ ਬਿਜ਼ਨਸ' ਅਤੇ 'ਈਜ਼ ਆਫ ਲਿਵਿੰਗ' ਨੂੰ ਪ੍ਰੋਤਸਾਹਿਤ ਕਰਨ ਲਈ ਪ੍ਰਕਿਰਿਆਵਾਂ ਨੂੰ ਲਗਾਤਾਰ ਸਰਲ ਬਣਾ ਰਹੀ ਹੈ, ਜਿਸ ਵਿੱਚ ਡਿਜੀਟਲ ਗਵਰਨੈਂਸ, ਪਾਰਦਰਸ਼ਤਾ ਅਤੇ ਜਵਾਬਦੇਹੀ 'ਤੇ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ।

ਹਰਿਆਣਾ ਨੇ ਵੱਖ-ਵੱਖ ਖੇਤਰਾਂ ਦੀ ਪ੍ਰਗਤੀ ਦਾ ਵਰਨਣ ਕਰਦਿਆਂ ਮੁੱਖ ਮੰਤਰੀ ਸ਼੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਫੂਡ ਪ੍ਰੋਸੈਸਿੰਗ ਉਦਯੋਗ ਦੇਸ਼ ਅਤੇ ਸੂਬੇ ਵਿੱਚ ਤੇਜ਼ੀ ਨਾਲ ਵਿਸਤਾਰ ਕਰ ਰਿਹਾ ਹੈ, ਲਗਭਗ 28,000 ਇਕਾਈਆਂ ਪਹਿਲਾਂ ਹੀ ਸਥਾਪਿਤ ਹੋ ਚੁੱਕੀਆਂ ਹਨ। ਉਨ੍ਹਾਂ ਕਿਹਾ ਕਿ ਇਸ ਖੇਤਰ ਵਿੱਚ ਅਜੇ ਵੀ ਅਪਾਰ ਸੰਭਾਵਨਾਵਾਂ ਮੌਜੂਦ ਹਨ। ਲੌਜਿਸਟਿਕਸ ਦੇ ਸੰਦਰਭ ਵਿੱਚ ਉਨ੍ਹਾਂ ਦੱਸਿਆ ਕਿ ਹਰਿਆਣਾ ਰਾਸ਼ਟਰੀ ਪੱਧਰ 'ਤੇ ਤੀਜੇ ਸਥਾਨ 'ਤੇ ਹੈ ਅਤੇ ਉੱਤਰ ਭਾਰਤ ਵਿੱਚ ਪਹਿਲੇ ਸਥਾਨ 'ਤੇ ਹੈ, ਜਿੱਥੇ ਲਗਭਗ 57 ਫੀਸਦੀ ਭੂਗੋਲਿਕ ਖੇਤਰ NCR ਵਿੱਚ ਆਉਂਦਾ ਹੈ, ਜਿਸ ਨੂੰ ਇੱਕ ਪ੍ਰਮੁੱਖ ਲੌਜਿਸਟਿਕਸ ਹੱਬ ਵਜੋਂ ਵਿਕਸਤ ਕੀਤਾ ਜਾ ਰਿਹਾ ਹੈ। ਉਨ੍ਹਾਂ ਈਵੀ ਸੈਕਟਰ ਵਿੱਚ ਨਿਵੇਸ਼ ਨੂੰ ਵੀ ਪ੍ਰੋਤਸਾਹਿਤ ਕੀਤਾ, ਜਿੱਥੇ ਇੱਕ ਪ੍ਰਗਤੀਸ਼ੀਲ ਨੀਤੀ ਤਹਿਤ ਕਈ ਉਤਸ਼ਾਹ ਅਤੇ ਸਹੂਲਤਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ। ਮੁੱਖ ਮੰਤਰੀ ਨੇ ਕਿਹਾ ਕਿ ਭਾਰਤ ਖਪਤ ਅਧਾਰਤ ਆਰਥਿਕਤਾ ਤੋਂ ਉਤਪਾਦਨ ਅਤੇ ਇਨੋਵੇਸ਼ਨ ਅਧਾਰਤ ਅਰਥਵਿਵਸਥਾ ਵੱਲ ਵਧ ਰਿਹਾ ਹੈ। ਇਸ ਤਬਦੀਲੀ ਵਿੱਚ ਹਰਿਆਣਾ ਨੇ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਉਨ੍ਹਾਂ ਕਿਹਾ ਕਿ ਜੋ ਰਾਜ ਪਹਿਲਾਂ ਮੁੱਖ ਤੌਰ 'ਤੇ ਖੇਤੀਬਾੜੀ ਅਤੇ ਰਵਾਇਤੀ ਉਦਯੋਗਾਂ ਲਈ ਜਾਣਿਆ ਜਾਂਦਾ ਸੀ, ਉਹ ਹੁਣ ਇਨੋਵੇਸ਼ਨ, ਸਟਾਰਟਅੱਪਸ ਅਤੇ ਤਕਨੀਕੀ ਪ੍ਰਗਤੀ ਦਾ ਕੇਂਦਰ ਬਣ ਕੇ ਉਭਰਿਆ ਹੈ।

ਉਨ੍ਹਾਂ ਕਿਹਾ ਕਿ ਹਰਿਆਣਾ ਸਟਾਰਟਅੱਪ ਪਾਲਿਸੀ ਤਹਿਤ ਸਰਕਾਰ ਨੌਜਵਾਨਾਂ ਨੂੰ ਵਿੱਤੀ ਸਹਾਇਤਾ, ਮਾਰਗਦਰਸ਼ਨ, ਬੁਨਿਆਦੀ ਢਾਂਚਾ ਅਤੇ ਬਾਜ਼ਾਰ ਤੱਕ ਪਹੁੰਚ ਪ੍ਰਦਾਨ ਕਰ ਰਹੀ ਹੈ। ਗੁਰੂਗ੍ਰਾਮ, ਫਰੀਦਾਬਾਦ, ਪੰਚਕੂਲਾ ਅਤੇ ਹਿਸਾਰ ਵਰਗੇ ਸ਼ਹਿਰ ਸਟਾਰਟਅੱਪ ਹੱਬ ਵਜੋਂ ਤੇਜ਼ੀ ਨਾਲ ਉਭਰ ਰਹੇ ਹਨ, ਵਿਸ਼ੇਸ਼ ਤੌਰ 'ਤੇ ਆਈ.ਟੀ., ਐਗਰੀ-ਟੈਕ, ਫਿਨਟੈਕ, ਹੈਲਥ-ਟੈਕ ਅਤੇ ਮੈਨੂਫੈਕਚਰਿੰਗ ਖੇਤਰਾਂ ਵਿੱਚ। ਉਨ੍ਹਾਂ ਕਿਹਾ ਕਿ ਮੌਜੂਦਾ ਸਮੇਂ ਵਿੱਚ ਹਰਿਆਣਾ ਸਟਾਰਟਅੱਪਸ ਦੀ ਗਿਣਤੀ ਦੇ ਮਾਮਲੇ ਵਿੱਚ 7ਵਾਂ ਸਭ ਤੋਂ ਵੱਡਾ ਸੂਬਾ ਹੈ, ਜਿੱਥੇ 9,500 ਤੋਂ ਵੱਧ ਮਾਨਤਾ ਪ੍ਰਾਪਤ ਸਟਾਰਟਅੱਪਸ ਹਨ, ਜਿਨ੍ਹਾਂ ਵਿੱਚੋਂ ਲਗਭਗ 50 ਫੀਸਦੀ ਮਹਿਲਾਵਾਂ ਦੀ ਅਗਵਾਈ ਵਾਲੇ ਹਨ। ਰਾਜ ਦਾ ਟੀਚਾ ਅਗਲੇ ਪੜਾਅ ਵਿੱਚ ਸਟਾਰਟਅੱਪਸ ਵਿੱਚ ਮਹਿਲਾਵਾਂ ਦੀ ਭਾਗੀਦਾਰੀ ਨੂੰ 60 ਫੀਸਦੀ ਤੱਕ ਵਧਾਉਣਾ ਹੈ।

ਸ਼੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਰਾਜ ਦੇ 14 ਜ਼ਿਲ੍ਹੇ ਅਤੇ ਲਗਭਗ 57 ਫੀਸਦੀ ਖੇਤਰ NCR ਵਿੱਚ ਆਉਂਦੇ ਹਨ, ਜਦਕਿ ਲਗਭਗ 66 ਫੀਸਦੀ ਖੇਤਰ ਦਿੱਲੀ-ਮੁੰਬਈ ਉਦਯੋਗਿਕ ਕਾਰੀਡੋਰ ਦੇ ਪ੍ਰਭਾਵ ਖੇਤਰ ਵਿੱਚ ਆਉਂਦਾ ਹੈ। ਰਾਜ ਵਿੱਚ ਹਵਾਈ, ਰੇਲ ਅਤੇ ਸੜਕ ਮਾਰਗ ਰਾਹੀਂ ਸ਼ਾਨਦਾਰ ਸੰਪਰਕ ਸਹੂਲਤ ਉਪਲਬਧ ਹੈ ਅਤੇ ਇਹ ਭਾਰਤ ਦੇ ਨਿਰਯਾਤ ਵਿੱਚ ਇੱਕ ਪ੍ਰਮੁੱਖ ਯੋਗਦਾਨ ਪਾਉਣ ਵਾਲਾ ਰਾਜ ਹੈ, ਜਿਸ ਨੇ ਸਾਲ 2023-24 ਵਿੱਚ 2.75 ਲੱਖ ਕਰੋੜ ਰੁਪਏ ਦਾ ਨਿਰਯਾਤ ਹਾਸਲ ਕੀਤਾ ਹੈ।

ਉਨ੍ਹਾਂ ਪ੍ਰਮੁੱਖ ਨੀਤੀਗਤ ਪਹਿਲਕਦਮੀਆਂ ਦਾ ਵੀ ਜ਼ਿਕਰ ਕੀਤਾ, ਜਿਨ੍ਹਾਂ ਵਿੱਚ ਇੰਟੀਗ੍ਰੇਟਿਡ ਮਿਨੀ ਫੂਡ ਪਾਰਕ ਯੋਜਨਾ ਸ਼ਾਮਲ ਹੈ, ਜਿਸ ਤਹਿਤ 3 ਅਤੇ 4 ਸ਼੍ਰੇਣੀ ਦੇ ਬਲਾਕਾਂ ਵਿੱਚ ਪ੍ਰੋਜੈਕਟ ਲਾਗਤ ਦਾ 50 ਫੀਸਦੀ (ਵੱਧ ਤੋਂ ਵੱਧ 10 ਕਰੋੜ ਰੁਪਏ) ਤੱਕ ਪੂੰਜੀਗਤ ਗ੍ਰਾਂਟ ਪ੍ਰਦਾਨ ਕੀਤੀ ਜਾਂਦੀ ਹੈ। ਉਦਯੋਗਿਕ ਖੇਤਰਾਂ ਅਤੇ ਪਾਰਕਾਂ ਵਿੱਚ ਜ਼ਮੀਨ ਦੀ ਖਰੀਦ ਜਾਂ ਲੀਜ਼ 'ਤੇ ਸਟੈਂਪ ਡਿਊਟੀ ਵਿੱਚ ਵੀ ਮਹੱਤਵਪੂਰਨ ਛੋਟ ਦਿੱਤੀ ਜਾ ਰਹੀ ਹੈ, ਜਿਸ ਵਿੱਚ 4 ਸ਼੍ਰੇਣੀ ਦੇ ਬਲਾਕਾਂ ਵਿੱਚ 100 ਫੀਸਦੀ, 3 ਸ਼੍ਰੇਣੀ ਵਿੱਚ 75 ਫੀਸਦੀ ਅਤੇ 1 ਤੇ 2 ਸ਼੍ਰੇਣੀ ਵਿੱਚ 50 ਫੀਸਦੀ ਦੀ ਛੋਟ ਸ਼ਾਮਲ ਹੈ।

ਨਿਵੇਸ਼ਕਾਂ ਦੀ ਸਹੂਲਤ ਲਈ ਹਰਿਆਣਾ ਐਂਟਰਪ੍ਰਾਈਜ਼ ਪ੍ਰਮੋਸ਼ਨ ਸੈਂਟਰ ਦੁਆਰਾ 'ਸਿੰਗਲ ਰੂਫ ਕਲੀਅਰੈਂਸ ਸਿਸਟਮ' ਸ਼ੁਰੂ ਕੀਤਾ ਗਿਆ ਹੈ, ਜਿਸ ਰਾਹੀਂ ਏਕੀਕ੍ਰਿਤ ਆਨਲਾਈਨ ਪੋਰਟਲ 'ਤੇ 230 ਤੋਂ ਵੱਧ ਸੇਵਾਵਾਂ ਉਪਲਬਧ ਕਰਵਾਈਆਂ ਜਾ ਰਹੀਆਂ ਹਨ। ਇਸ ਤੋਂ ਇਲਾਵਾ, 48 ਵਿਭਾਗਾਂ ਵਿੱਚ 1,100 ਤੋਂ ਵੱਧ ਪਾਲਣਾਵਾਂ ਨੂੰ ਸਰਲ ਬਣਾਇਆ ਗਿਆ ਹੈ ਤਾਂ ਜੋ ਰੈਗੂਲੇਟਰੀ ਬੋਝ ਨੂੰ ਘੱਟ ਕੀਤਾ ਜਾ ਸਕੇ।

# ਸੂਬੇ ਨੂੰ ਸਿੱਖਿਅਤ, ਸਿਹਤਮੰਦ, ਸੁਰੱਖਿਅਤ ਅਤੇ ਸਵਸਵਲੰਬੀ ਬਣਾਉਣ ਲਈ ਸਰਕਾਰ ਵਚਨਬੱਧ : ਨਾਇਬ ਸਿੰਘ ਸੈਣੀ

### ਮਹਾਤਮਾ ਜੋਤੀਬਾ ਫੂਲੇ ਜਯੰਤੀ ਸਮਾਰੋਹ ਵਿੱਚ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕੀਤੀ ਸ਼ਿਰਕਤ








ਪੰਚਕੂਲਾ 11 ਅਪ੍ਰੈਲ (ਸਤੀਸ਼ ਮੰਗਲਾ, ਅੰਮ੍ਰਿਤਪਾਲ ਸਿੰਘ) ਹਰਿਆਣਾ ਦੇ ਮੁੱਖ ਮੰਤਰੀ ਸ਼੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਸਰਕਾਰ ਮਹਾਤਮਾ ਜੋਤੀਬਾ ਫੂਲੇ ਦੀਆਂ ਸਿੱਖਿਆਵਾਂ 'ਤੇ ਚੱਲਦੇ ਹੋਏ ਸੂਬੇ ਨੂੰ ਸਿੱਖਿਅਤ, ਸਿਹਤਮੰਦ, ਸੁਰੱਖਿਅਤ ਅਤੇ ਸਵਾਵਲੰਬੀ ਬਣਾਉਣ ਲਈ ਵਚਨਬੱਧ ਹੈ। ਮਹਾਤਮਾ ਜੋਤੀਬਾ ਫੂਲੇ ਦਾ ਜੀਵਨ ਅਤੇ ਉਨ੍ਹਾਂ ਦੇ ਵਿਚਾਰ ਸਾਡੇ ਲਈ ਮਾਰਗਦਰਸ਼ਕ ਹਨ। ਸਾਨੂੰ ਉਨ੍ਹਾਂ ਦੇ ਦੱਸੇ ਰਸਤੇ 'ਤੇ ਚੱਲ ਕੇ ਇੱਕ ਅਜਿਹੇ ਸਮਾਜ ਦਾ ਨਿਰਮਾਣ ਕਰਨਾ ਹੈ, ਜੋ ਸਮਾਨਤਾ, ਨਿਆਂ ਅਤੇ ਭਾਈਚਾਰੇ 'ਤੇ ਅਧਾਰਤ ਹੋਵੇ।

ਮੁੱਖ ਮੰਤਰੀ ਸ਼ਨੀਵਾਰ ਨੂੰ ਕੁਰੂਕਸ਼ੇਤਰ ਦੇ ਬਾਬੈਨ ਵਿੱਚ ਸੈਣੀ ਸਭਾ, ਕੁਰੂਕਸ਼ੇਤਰ ਵੱਲੋਂ ਆਯੋਜਿਤ ਮਹਾਤਮਾ ਜੋਤੀਬਾ ਫੂਲੇ ਜਯੰਤੀ ਸਮਾਰੋਹ ਅਤੇ ਸਾਵਿਤਰੀਬਾਈ ਜੋਤੀਬਾ ਫੂਲੇ ਗਰੁੱਪ ਆਫ ਇੰਸਟੀਚਿਊਸ਼ਨਜ਼ ਦੇ ਨੀਂਹ ਪੱਥਰ ਰੱਖਣ ਦੇ ਮੌਕੇ 'ਤੇ ਆਯੋਜਿਤ ਪ੍ਰੋਗਰਾਮ ਵਿੱਚ ਸ਼ਿਰਕਤ ਕਰ ਰਹੇ ਸਨ। ਇਸ ਦੌਰਾਨ ਹਰਿਆਣਾ ਦੇ ਖੇਤੀਬਾੜੀ ਮੰਤਰੀ ਸ਼੍ਰੀ ਸ਼ਿਆਮ ਸਿੰਘ ਰਾਣਾ ਵੀ ਮੌਜੂਦ ਸਨ।

ਮੁੱਖ ਮੰਤਰੀ ਨੇ ਪ੍ਰੋਗਰਾਮ ਦੌਰਾਨ ਸੰਸਥਾ ਵੱਲੋਂ ਰੱਖੀ ਸਾਵਿਤਰੀਬਾਈ ਜੋਤੀਬਾ ਫੂਲੇ ਕਾਲਜ ਆਫ ਨਰਸਿੰਗ ਖੋਲ੍ਹੇ ਜਾਣ ਦੀ ਮੰਗ ਨੂੰ ਪੂਰਾ ਕਰਨ ਅਤੇ ਸਵੈ-ਇੱਛੁਕ ਕੋਸ਼ ਵਿੱਚੋਂ 51 ਲੱਖ ਰੁਪਏ ਸੰਸਥਾ ਨੂੰ ਦੇਣ ਦਾ ਐਲਾਨ ਵੀ ਕੀਤਾ। ਨਾਲ ਹੀ ਮੁੱਖ ਮੰਤਰੀ ਸ਼੍ਰੀ ਨਾਇਬ ਸਿੰਘ ਸੈਣੀ ਨੇ ਨਾਗਰਿਕਾਂ ਦੀ ਸਹੂਲਤ ਲਈ ਮਥਾਣਾ-ਬਾਬੈਨ ਮਾਰਗ ਨੂੰ 13.38 ਕਰੋੜ ਦੀ ਲਾਗਤ ਨਾਲ 7 ਮੀਟਰ ਚੌੜਾ ਕਰਨ ਦਾ ਐਲਾਨ ਵੀ ਕੀਤਾ। ਪ੍ਰੋਗਰਾਮ ਦੇ ਆਯੋਜਕ ਅਤੇ ਸੈਣੀ ਸਭਾ ਕੁਰੂਕਸ਼ੇਤਰ ਦੇ ਪ੍ਰਧਾਨ ਸ਼੍ਰੀ ਗੁਰਨਾਮ ਸਿੰਘ ਸੈਣੀ ਨੇ ਇਨ੍ਹਾਂ ਮੰਗਾਂ ਤੋਂ ਇਲਾਵਾ ਜੋ ਮੁੱਖ ਮੰਤਰੀ ਅੱਗੇ ਮੰਗ ਪੱਤਰ ਰੱਖਿਆ, ਉਨ੍ਹਾਂ ਨੂੰ ਵੀ ਪੂਰਾ ਕਰਨ ਦਾ ਭਰੋਸਾ ਮੁੱਖ ਮੰਤਰੀ ਨੇ ਦਿੱਤਾ। ਉੱਥੇ ਹੀ, ਹਰਿਆਣਾ ਦੇ ਖੇਤੀਬਾੜੀ ਮੰਤਰੀ ਸ਼੍ਰੀ ਸ਼ਿਆਮ ਸਿੰਘ ਰਾਣਾ ਨੇ ਖੁਦ ਅਤੇ ਕੈਬਨਿਟ ਮੰਤਰੀ ਸ਼੍ਰੀ ਕ੍ਰਿਸ਼ਨ ਕੁਮਾਰ ਬੇਦੀ ਵੱਲੋਂ 11-11 ਲੱਖ ਰੁਪਏ ਸੰਸਥਾ ਨੂੰ ਦੇਣ ਦਾ ਐਲਾਨ ਕੀਤਾ।

ਪ੍ਰੋਗਰਾਮ ਵਿੱਚ ਹਾਜ਼ਰ ਜਨਸਮੂਹ ਨੂੰ ਸੰਬੋਧਿਤ ਕਰਦਿਆਂ ਮੁੱਖ ਮੰਤਰੀ ਸ਼੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਇਹ ਬੜੇ ਹੀ ਮਾਣ ਵਾਲੀ ਗੱਲ ਹੈ ਕਿ ਅੱਜ ਅਸੀਂ ਅਜਿਹੇ ਮਹਾਪੁਰਖ ਦੀ ਜਯੰਤੀ ਮਨਾ ਰਹੇ ਹਾਂ, ਜਿਨ੍ਹਾਂ ਨੇ ਆਪਣੇ ਵਿਚਾਰਾਂ, ਆਪਣੇ ਸੰਘਰਸ਼ਾਂ ਅਤੇ ਆਪਣੇ ਕਰਮਾਂ ਨਾਲ ਭਾਰਤ ਦੇ ਸਮਾਜਿਕ ਇਤਿਹਾਸ ਨੂੰ ਨਵੀਂ ਦਿਸ਼ਾ ਦਿੱਤੀ। ਇਸ ਪਾਵਨ ਮੌਕੇ 'ਤੇ ਮੈਂ ਮਹਾਤਮਾ ਜੋਤੀਬਾ ਫੂਲੇ ਨੂੰ ਸ਼ਰਧਾਪੂਰਵਕ ਨਮਨ ਕਰਦਾ ਹਾਂ। ਇਹ ਰਾਜ ਪੱਧਰੀ ਸਮਾਰੋਹ ਸਮਾਜਿਕ ਜਾਗਰਣ, ਸਿੱਖਿਆ ਅਤੇ ਸਮਾਨਤਾ ਦੇ ਉਸ ਸੰਕਲਪ ਨੂੰ ਮੁੜ ਸੁਰਜੀਤ ਕਰਨ ਦਾ ਮੌਕਾ ਹੈ, ਜਿਸ ਨੂੰ ਮਹਾਤਮਾ ਫੂਲੇ ਜੀ ਨੇ ਆਪਣੇ ਜੀਵਨ ਦਾ ਉਦੇਸ਼ ਬਣਾਇਆ। ਅਜਿਹੇ ਮਹਾਪੁਰਖਾਂ, ਸੰਤਾਂ ਅਤੇ ਮਹਾਤਮਾਵਾਂ ਦੇ ਸੰਦੇਸ਼ ਨੂੰ ਨਵੀਂਆਂ ਪੀੜ੍ਹੀਆਂ ਤੱਕ ਪਹੁੰਚਾਉਣ ਲਈ ਸਰਕਾਰ ਉਨ੍ਹਾਂ ਦੀ ਜਯੰਤੀ ਰਾਜ ਪੱਧਰ 'ਤੇ ਮਨਾਉਂਦੀ ਹੈ। ਇਸ ਦੇ ਲਈ ਸਰਕਾਰ ਨੇ 'ਸੰਤ-ਮਹਾਪੁਰਖ ਵਿਚਾਰ ਪ੍ਰਸਾਰ ਅਤੇ ਸਨਮਾਨ ਯੋਜਨਾ' ਚਲਾਈ ਹੋਈ ਹੈ। ਮੁੱਖ ਮੰਤਰੀ ਨੇ ਕਿਹਾ ਕਿ ਅੱਜ ਮਹਾਤਮਾ ਜੋਤੀਬਾ ਫੂਲੇ ਗਰੁੱਪ ਆਫ ਇੰਸਟੀਚਿਊਸ਼ਨਜ਼ ਦਾ ਨੀਂਹ ਪੱਥਰ ਵੀ ਰੱਖਿਆ ਗਿਆ ਹੈ। ਸਿੱਖਿਆ ਰਾਹੀਂ ਸਮਾਜ ਨੂੰ ਸ਼ਕਤੀਸ਼ਾਲੀ ਬਣਾਉਣ ਦਾ ਜੋ ਸੁਪਨਾ ਮਹਾਤਮਾ ਫੂਲੇ ਨੇ ਦੇਖਿਆ ਸੀ, ਇਹ ਸੰਸਥਾ ਉਸੇ ਸੁਪਨੇ ਨੂੰ ਸਾਕਾਰ ਕਰਨ ਦੀ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਕਦਮ ਸਾਬਤ ਹੋਵੇਗੀ। ਇੱਥੋਂ ਨਿਕਲਣ ਵਾਲੇ ਵਿਦਿਆਰਥੀ ਸਮਾਜ ਦੇ ਜ਼ਿੰਮੇਵਾਰ ਨਾਗਰਿਕ ਬਣ ਕੇ, ਰਾਸ਼ਟਰ ਨਿਰਮਾਣ ਵਿੱਚ ਆਪਣਾ ਯੋਗਦਾਨ ਪਾਉਣਗੇ। ਉਨ੍ਹਾਂ ਨੇ ਸੈਣੀ ਸਿੱਖਿਆ ਸਮਿਤੀ ਵੱਲੋਂ ਸਮਾਜ ਦੇ ਉਥਾਨ ਲਈ ਲਗਾਤਾਰ ਕੀਤੇ ਜਾ ਰਹੇ ਕੰਮਾਂ ਦੀ ਸ਼ਲਾਘਾ ਵੀ ਕੀਤੀ।

ਉਨ੍ਹਾਂ ਕਿਹਾ ਕਿ ਮਹਾਤਮਾ ਜੋਤੀਬਾ ਫੂਲੇ ਦਾ ਜੀਵਨ ਉਸ ਦੌਰ ਵਿੱਚ ਇੱਕ ਕ੍ਰਾਂਤੀ ਦੀ ਤਰ੍ਹਾਂ ਸੀ, ਜਦੋਂ ਸਾਡਾ ਦੇਸ਼ ਅੰਗਰੇਜ਼ੀ ਹਕੂਮਤ ਦੀ ਗੁਲਾਮੀ ਦੀਆਂ ਜ਼ੰਜੀਰਾਂ ਵਿੱਚ ਜਕੜਿਆ ਹੋਇਆ ਸੀ। ਉਸ ਸਮੇਂ ਸਮਾਜ ਵਿੱਚ ਕਈ ਕੁਰੀਤੀਆਂ, ਰੂੜ੍ਹੀਆਂ ਅਤੇ ਅੰਧ-ਵਿਸ਼ਵਾਸਾਂ ਦਾ ਪ੍ਰਚਲਨ ਸੀ। ਉਨ੍ਹਾਂ ਨੇ ਇਨ੍ਹਾਂ ਕੁਰੀਤੀਆਂ ਨੂੰ ਪਛਾਣਿਆ ਅਤੇ ਉਨ੍ਹਾਂ ਦੇ ਖਿਲਾਫ ਡਟ ਕੇ ਸੰਘਰਸ਼ ਕੀਤਾ। ਬਾਲ ਵਿਆਹ, ਛੂਤ-ਛਾਤ, ਜਾਤੀ ਵਿਤਕਰੇ ਅਤੇ ਮਹਿਲਾਵਾਂ ਦੀ ਅਨਪੜ੍ਹਤਾ ਵਰਗੇ ਮੁੱਦਿਆਂ 'ਤੇ ਉਨ੍ਹਾਂ ਨੇ ਜੋ ਆਵਾਜ਼ ਚੁੱਕੀ, ਉਹ ਉਸ ਸਮੇਂ ਕਿਸੇ ਦਲੇਰਾਨਾ ਕ੍ਰਾਂਤੀ ਤੋਂ ਘੱਟ ਨਹੀਂ ਸੀ। ਉਨ੍ਹਾਂ ਨੇ ਆਪਣੇ ਕੰਮਾਂ ਨਾਲ ਇਹ ਸਿੱਧ ਕੀਤਾ ਕਿ ਸਮਾਜ ਵਿੱਚ ਬਦਲਾਅ ਸਿਰਫ ਵਿਚਾਰਾਂ ਨਾਲ ਨਹੀਂ ਆਉਂਦਾ, ਸਗੋਂ ਹਿੰਮਤ ਅਤੇ ਲਗਾਤਾਰ ਯਤਨਾਂ ਨਾਲ ਆਉਂਦਾ ਹੈ। ਉਨ੍ਹਾਂ ਦੀ ਸਭ ਤੋਂ ਵੱਡੀ ਤਾਕਤ ਸਿੱਖਿਆ ਵਿੱਚ ਉਨ੍ਹਾਂ ਦਾ ਅਟੁੱਟ ਵਿਸ਼ਵਾਸ ਸੀ। ਉਨ੍ਹਾਂ ਦਾ ਮੰਨਣਾ ਸੀ ਕਿ ਜੇਕਰ ਸਮਾਜ ਨੂੰ ਬਦਲਣਾ ਹੈ, ਤਾਂ ਸਭ ਤੋਂ ਪਹਿਲਾਂ ਸਿੱਖਿਆ ਦਾ ਪ੍ਰਕਾਸ਼ ਹਰ ਘਰ ਤੱਕ ਪਹੁੰਚਾਉਣਾ ਹੋਵੇਗਾ। ਇਹੀ ਕਾਰਨ ਸੀ ਕਿ ਉਨ੍ਹਾਂ ਨੇ ਆਪਣੀ ਪਤਨੀ ਸ਼੍ਰੀਮਤੀ ਸਾਵਿਤਰੀਬਾਈ ਫੂਲੇ ਜੀ ਦੇ ਨਾਲ ਮਿਲ ਕੇ ਪੁਣੇ ਵਿੱਚ ਦੇਸ਼ ਦਾ ਪਹਿਲਾ ਬਾਲਿਕਾ ਸਕੂਲ ਸਥਾਪਿਤ ਕੀਤਾ। ਇਹ ਸਿਰਫ ਇੱਕ ਸਕੂਲ ਨਹੀਂ ਸੀ, ਸਗੋਂ ਇਹ ਉਸ ਸਮੇਂ ਦੇ ਸਮਾਜਿਕ ਹਨੇਰੇ ਦੇ ਖਿਲਾਫ ਜਲਾਇਆ ਗਿਆ ਇੱਕ ਦੀਪਕ ਸੀ। ਅੱਜ ਜਦੋਂ ਅਸੀਂ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਜੀ ਦੇ ਕੁਸ਼ਲ ਮਾਰਗਦਰਸ਼ਨ ਵਿੱਚ 'ਬੇਟੀ ਬਚਾਓ, ਬੇਟੀ ਪੜ੍ਹਾਓ' ਵਰਗੀਆਂ ਮੁਹਿੰਮਾਂ ਨੂੰ ਅੱਗੇ ਵਧਾ ਰਹੇ ਹਾਂ, ਤਾਂ ਇਹ ਮਹਾਤਮਾ ਫੂਲੇ ਜੀ ਦੇ ਉਸ ਵਿਚਾਰ ਦਾ ਹੀ ਵਿਸਥਾਰ ਹੈ। ਮੁੱਖ ਮੰਤਰੀ ਨੇ ਕਿਹਾ ਕਿ ਸੈਣੀ ਸਮਾਜ ਦਾ ਇਤਿਹਾਸ ਗੌਰਵਮਈ ਰਿਹਾ ਹੈ। ਇਸ ਸਮਾਜ ਨੇ ਹਮੇਸ਼ਾ ਮਿਹਨਤ, ਇਮਾਨਦਾਰੀ ਅਤੇ ਸੇਵਾ ਨੂੰ ਆਪਣਾ ਧਰਮ ਮੰਨਿਆ ਹੈ। ਖੇਤੀਬਾੜੀ, ਬਾਗਬਾਨੀ ਅਤੇ ਸਮਾਜ ਸੇਵਾ ਦੇ ਖੇਤਰ ਵਿੱਚ ਇਸ ਸਮਾਜ ਦਾ ਯੋਗਦਾਨ ਬੇਮਿਸਾਲ ਰਿਹਾ ਹੈ। ਮਹਾਤਮਾ ਜੋਤੀਬਾ ਫੂਲੇ ਅਤੇ ਸਾਵਿਤਰੀਬਾਈ ਫੂਲੇ ਵਰਗੀਆਂ ਮਹਾਨ ਸ਼ਖਸੀਅਤਾਂ ਇਸ ਸਮਾਜ ਦੀ ਵਿਰਾਸਤ ਹਨ, ਜਿਨ੍ਹਾਂ ਨੇ ਪੂਰੇ ਦੇਸ਼ ਨੂੰ ਦਿਸ਼ਾ ਦਿੱਤੀ।

# ਬੱਚਿਆਂ ਨੂੰ ਸਿਰਫ਼ ਸਿੱਖਿਆ ਹੀ ਨਹੀਂ, ਸਗੋਂ ਚੰਗੀਆਂ ਕਦਰਾਂ-ਕੀਮਤਾਂ ਵੀ ਦਿਓ: ਰਣਬੀਰ ਗੰਗਵਾ

### ਕੈਬਨਿਟ ਮੰਤਰੀ ਨੇ ਪਿੰਡ ਖਰੜ ਅਲੀਪੁਰ ਵਿੱਚ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦੇ ਸ਼ਾਨਦਾਰ ਬੁੱਤ ਦਾ ਉਦਘਾਟਨ ਕੀਤਾ



ਹਿਸਾਰ, 12 ਅਪ੍ਰੈਲ (ਪ੍ਰਤੀਨਿਧੀ): ਲੋਕ ਨਿਰਮਾਣ ਅਤੇ ਜਨ ਸਿਹਤ ਇੰਜੀਨੀਅਰਿੰਗ ਮੰਤਰੀ ਰਣਬੀਰ ਗੰਗਵਾ ਨੇ ਸ਼ਨੀਵਾਰ ਨੂੰ ਪਿੰਡ ਖਰੜ ਅਲੀਪੁਰ ਦਾ ਦੌਰਾ ਕੀਤਾ ਅਤੇ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦੀ ਇੱਕ ਸ਼ਾਨਦਾਰ ਮੂਰਤੀ ਦਾ ਉਦਘਾਟਨ ਕੀਤਾ। ਇਸ ਸਮਾਗਮ ਦੀ ਪ੍ਰਧਾਨਗੀ ਕਪੂਰ ਸਿੰਘ ਨੇ ਕੀਤੀ। ਸਮਾਗਮ ਨੂੰ ਸੰਬੋਧਨ ਕਰਦਿਆਂ ਕੈਬਨਿਟ ਮੰਤਰੀ ਰਣਬੀਰ ਗੰਗਵਾ ਨੇ ਕਿਹਾ ਕਿ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਨੇ ਭਾਰਤੀ ਸੰਵਿਧਾਨ ਦਾ ਖਰੜਾ ਤਿਆਰ ਕਰਕੇ ਦੇਸ਼ ਨੂੰ ਇੱਕ ਮਜ਼ਬੂਤ ? ?ਲੋਕਤੰਤਰੀ ਢਾਂਚਾ ਪ੍ਰਦਾਨ ਕੀਤਾ। ਉਨ੍ਹਾਂ ਨੇ ਆਪਣੀ ਸਾਰੀ ਜ਼ਿੰਦਗੀ ਸਮਾਜ ਦੇ ਵਾਂਝੇ, ਸ਼ੋਸ਼ਿਤ ਅਤੇ ਪਛੜੇ ਵਰਗਾਂ ਦੇ ਅਧਿਕਾਰਾਂ ਦੀ ਰੱਖਿਆ ਲਈ ਲੜਾਈ ਲੜੀ। ਉਨ੍ਹਾਂ ਦਾ ਜੀਵਨ ਸਾਨੂੰ ਸਮਾਨਤਾ, ਨਿਆਂ ਅਤੇ ਸਿੱਖਿਆ ਦੀ ਮਹੱਤਤਾ ਸਿਖਾਉਂਦਾ ਹੈ। ਉਨ੍ਹਾਂ ਕਿਹਾ ਕਿ ਬਾਬਾ ਸਾਹਿਬ ਦਾ ਮੂਲ ਮੰਤਰ ÷ਸਿੱਖਿਅਤ ਰਹੋ, ਸੰਗਠਿਤ ਰਹੋ ਅਤੇ ਲੜੋ÷ ਅਜੇ ਵੀ ਸਮਾਜ ਦੇ ਹਰ ਵਰਗ ਲਈ ਮਾਰਗਦਰਸ਼ਕ ਵਜੋਂ ਕੰਮ ਕਰਦਾ ਹੈ। ਕੈਬਨਿਟ ਮੰਤਰੀ ਨੇ ਕਿਹਾ ਕਿ ਮੌਜੂਦਾ ਸਰਕਾਰ ਮਹਾਪੁਰਖਾਂ ਦੀਆਂ ਸਿੱਖਿਆਵਾਂ ਅਤੇ ਆਦਰਸ਼ਾਂ ਨੂੰ ਜਨਤਾ ਤੱਕ ਪਹੁੰਚਾਉਣ ਲਈ ਲਗਾਤਾਰ ਯਤਨਸ਼ੀਲ ਹੈ। ਰਾਜ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਮਹਾਂਪੁਰਖਾਂ ਦੇ ਜਨਮ ਦਿਹਾੜੇ ਵੱਡੇ ਪੱਧਰ 'ਤੇ ਮਨਾਏ ਜਾ ਰਹੇ ਹਨ ਤਾਂ ਜੋ ਨਵੀਂ ਪੀੜ੍ਹੀ ਉਨ੍ਹਾਂ ਦੇ ਜੀਵਨ ਤੋਂ ਪ੍ਰੇਰਨਾ ਲੈ ਸਕੇ। ਉਨ੍ਹਾਂ ਕਿਹਾ ਕਿ ਸਰਕਾਰ ਦਾ ਉਦੇਸ਼ ਸਿਰਫ਼ ਵਿਕਾਸ ਕਾਰਜ ਕਰਨਾ ਹੀ ਨਹੀਂ ਸਗੋਂ ਸਮਾਜ ਵਿੱਚ ਜਾਗਰੂਕਤਾ ਅਤੇ ਸਕਾਰਾਤਮਕ ਸੋਚ ਨੂੰ ਉਤਸ਼ਾਹਿਤ ਕਰਨਾ ਵੀ ਹੈ। ਕੈਬਨਿਟ ਮੰਤਰੀ ਰਣਬੀਰ ਗੰਗਵਾ ਨੇ ਕਿਹਾ ਕਿ ਬਾਬਾ ਸਾਹਿਬ ਦਾ ਮੂਲ ਸਿਧਾਂਤ ਅੰਤਯੋਦਯ ਸੀ, ਜਿਸਦਾ ਅਰਥ ਹੈ ਵਿਕਾਸ ਦੇ ਲਾਭ ਸਮਾਜ ਦੇ ਆਖਰੀ ਵਿਅਕਤੀ ਤੱਕ ਪਹੁੰਚਾਉਣਾ। ਇਸ ਫਲਸਫੇ ਦੀ ਪਾਲਣਾ ਕਰਦੇ ਹੋਏ, ਸਰਕਾਰ ਗਰੀਬਾਂ, ਕਿਸਾਨਾਂ ਅਤੇ ਪਛੜੇ ਵਰਗਾਂ ਨੂੰ ਸਿੱਧੇ ਤੌਰ 'ਤੇ ਲਾਭ ਪਹੁੰਚਾਉਣ ਲਈ ਯੋਜਨਾਵਾਂ ਲਾਗੂ ਕਰ ਰਹੀ ਹੈ। ਉਨ੍ਹਾਂ ਦੱਸਿਆ ਕਿ ਸਰਕਾਰ ਮਹਿਲਾ ਸਸ਼ਕਤੀਕਰਨ ਲਈ ਕਈ ਯੋਜਨਾਵਾਂ ਲਾਗੂ ਕਰ ਰਹੀ ਹੈ, ਉਨ੍ਹਾਂ ਨੂੰ ਸਵੈ-ਨਿਰਭਰਤਾ ਨਾਲ ਸਸ਼ਕਤ ਬਣਾਉਣ ਲਈ ਵਿੱਤੀ ਸਹਾਇਤਾ ਪ੍ਰਦਾਨ ਕਰ ਰਹੀ ਹੈ।

ਕੈਬਨਿਟ ਮੰਤਰੀ ਨੇ ਮਾਪਿਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਵਿੱਚ ਸਿਰਫ਼ ਸਿੱਖਿਆ ਹੀ ਨਹੀਂ ਸਗੋਂ ਚੰਗੇ ਮੁੱਲ ਵੀ ਪੈਦਾ ਕਰਨ ਤਾਂ ਜੋ ਉਹ ਜ਼ਿੰਮੇਵਾਰ ਨਾਗਰਿਕ ਬਣ ਸਕਣ। ਸਿੱਖਿਆ ਇੱਕ ਅਜਿਹਾ ਮਾਧਿਅਮ ਹੈ ਜੋ ਕਿਸੇ ਵਿਅਕਤੀ ਦੇ ਜੀਵਨ ਨੂੰ ਨਵੀਂ ਦਿਸ਼ਾ ਦਿੰਦਾ ਹੈ ਅਤੇ ਸਮਾਜ ਵਿੱਚ ਸਕਾਰਾਤਮਕ ਬਦਲਾਅ ਲਿਆਉਂਦਾ ਹੈ। ਉਨ੍ਹਾਂ ਕਿਹਾ ਕਿ ਰਾਜ ਸਰਕਾਰ ਨੌਜਵਾਨਾਂ ਨੂੰ ਬਿਹਤਰ ਰੁਜ਼ਗਾਰ ਦੇ ਮੌਕੇ ਪ੍ਰਦਾਨ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਯੋਗ ਨੌਜਵਾਨਾਂ ਨੂੰ ਪਾਰਦਰਸ਼ੀ ਭਰਤੀ ਪ੍ਰਕਿਰਿਆ ਰਾਹੀਂ ਨੌਕਰੀਆਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ। ਸਹੁੰ ਚੁੱਕਣ ਤੋਂ ਪਹਿਲਾਂ ਹੀ, ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ 25,000 ਨੌਜਵਾਨਾਂ ਨੂੰ ਨੌਕਰੀਆਂ ਦਿੱਤੀਆਂ ਸਨ, ਜੋ ਉਨ੍ਹਾਂ ਦੀ ਸਰਕਾਰ ਦੀ ਉਨ੍ਹਾਂ ਦੇ ਭਵਿੱਖ ਪ੍ਰਤੀ ਗੰਭੀਰਤਾ ਦਾ ਸੰਕੇਤ ਸਨ। ਪ੍ਰੋਗਰਾਮ ਦੇ ਅੰਤ ਵਿੱਚ, ਕੈਬਨਿਟ ਮੰਤਰੀ ਨੇ ਪ੍ਰਬੰਧਕ ਕਮੇਟੀ ਦੇ ਯਤਨਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਨੇ ਇਸ ਸ਼ਾਨਦਾਰ ਸਮਾਗਮ ਲਈ ਪਿੰਡ ਵਾਸੀਆਂ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ। ਪ੍ਰੋਗਰਾਮ ਦੌਰਾਨ, ਕੈਬਨਿਟ ਮੰਤਰੀ ਨੇ ਮੌਕੇ 'ਤੇ ਮੌਜੂਦ ਪਿੰਡ ਵਾਸੀਆਂ ਅਤੇ ਇਲਾਕਾ ਨਿਵਾਸੀਆਂ ਦੀਆਂ ਸਮੱਸਿਆਵਾਂ ਵੀ ਸੁਣੀਆਂ। ਉਨ੍ਹਾਂ ਸਬੰਧਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਜਨਤਕ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾਵੇ।

ਪ੍ਰੋਗਰਾਮ ਦੌਰਾਨ ਲੋਕਾਂ ਨੇ ਪੀਣ ਵਾਲੇ ਪਾਣੀ, ਸੜਕਾਂ ਅਤੇ ਸੀਵਰੇਜ ਸਮੇਤ ਵੱਖ-ਵੱਖ ਜਨਤਕ ਹਿੱਤ ਦੇ ਮੁੱਦੇ ਮੰਤਰੀ ਕੋਲ ਉਠਾਏ, ਜਿਸ 'ਤੇ ਉਨ੍ਹਾਂ ਨੇ ਤੁਰੰਤ ਕਾਰਵਾਈ ਦਾ ਭਰੋਸਾ ਦਿੱਤਾ। ਇਸ ਮੌਕੇ ਮਹਾਰਾਜ ਮੰਗਲਾਨੰਦ, ਸੰਸਥਾ ਦੇ ਪ੍ਰਧਾਨ ਬਾਰੂ ਰਾਮ, ਸਰਪੰਚ ਸੁਭਾਸ਼, ਪਿੰਡ ਖਰੜ ਦੇ ਸਰਪੰਚ ਰਮੇਸ਼ ਸੈਣੀ, ਢਾਣੀ ਰਾਏਪੁਰ ਦੇ ਸਰਪੰਚ ਮਦਨ ਲਾਲ ਸ਼ਰਮਾ, ਸਰਪੰਚ ਭਗਵਾਨ ਦਾਸ ਭਾਂਖਰ, ਕਪੂਰ ਸਿੰਘ ਭਾਂਖਰ, ਸਾਬਕਾ ਸਰਪੰਚ ਸੁਸ਼ੀਲ, ਸੁਭਾਸ਼, ਪਵਨ, ਹਰੀਪਾਲ ਗੁਰਜਾਰ, ਮਨਮੋਹਨ ਸਿੰਘ ਰੋਪੜ, ਐੱਮ.ਸੀ. ਗੁਰਜਰ, ਭੂਪ ਸਹਿਰਾਵਤ, ਅਜੈ ਜਾਂਗੜਾ, ਧਰਮਵੀਰ ਸ਼ਰਮਾ, ਓਮਪਤੀ, ਕੁਲਬੀਰ ਮਲਿਕ, ਲੀਲੂ ਰਾਮ, ਮਥੁਰਾ ਸਿੰਘ, ਅਸ਼ੋਕ ਕੁਮਾਰ, ਬਬਲੂ, ਜੈਬੀਰ, ਪ੍ਰਵੀਨ ਕੁਮਾਰ ਅਤੇ ਕੁਲਦੀਪ ਸਮੇਤ ਹੋਰ ਪਤਵੰਤੇ ਹਾਜ਼ਰ ਸਨ।

# ਖ਼ੂਨਦਾਨ ਸਭ ਤੋਂ ਵੱਡਾ ਦਾਨ ਹੈ, ਨੌਜਵਾਨ ਪੀੜ੍ਹੀ ਨੂੰ ਅੱਗੇ ਆ ਕੇ ਆਪਣਾ ਫਰਜ਼ ਨਿਭਾਉਣਾ ਚਾਹੀਦਾ ਹੈ: ਭਗਵਾਨਦਾਸ ਕਬੀਰਪੰਥੀ

ਤਰਵਾੜੀ, 12 ਅਪ੍ਰੈਲ (ਪ੍ਰਤੀਨਿਧੀ): ਸਫਾਈ ਅਤੇ ਵਾਤਾਵਰਣ ਦੇ ਪ੍ਰੇਮੀ ਸਵਰਗੀ ਜੈ ਭਗਵਾਨ ਜਾਂਗੜਾ ਦੀ 9ਵੀਂ ਬਰਸੀ ਮੌਕੇ ਤਾਰਵਾੜੀ ਏਕਤਾ ਮੰਚ ਨੇ ਕਮਿਊਨਿਟੀ ਹੈਲਥ ਸੈਂਟਰ, ਤਾਰਵਾੜੀ ਵਿਖੇ ਖ਼ੂਨਦਾਨ ਕੈਂਪ ਲਗਾਇਆ। ਵਿਧਾਇਕ ਭਗਵਾਨਦਾਸ ਕਬੀਰਪੰਥੀ ਮੁੱਖ ਮਹਿਮਾਨ ਵਜੋਂ ਪਹੁੰਚੇ ਅਤੇ ਰਿਬਨ ਕੱਟ ਕੇ ਕੈਂਪ ਦਾ ਉਦਘਾਟਨ ਕੀਤਾ। ਉਨ੍ਹਾਂ ਖ਼ੂਨਦਾਨੀਆਂ ਨੂੰ ਬੈਜ ਲਗਾ ਕੇ ਸਨਮਾਨਿਤ ਕੀਤਾ ਅਤੇ ਉਨ੍ਹਾਂ ਨੂੰ ਸਰਟੀਫਿਕੇਟ ਅਤੇ ਯਾਦਗਾਰੀ ਚਿੰਨ੍ਹ ਭੇਟ ਕੀਤੇ। ਵਿਧਾਇਕ ਕਬੀਰਪੰਥੀ ਨੇ ਕਿਹਾ ਕਿ ਖ਼ੂਨਦਾਨ ਸਭ ਤੋਂ ਵੱਡਾ ਦਾਨ ਹੈ ਅਤੇ ਨੌਜਵਾਨ ਪੀੜ੍ਹੀ ਨੂੰ ਲੋੜਵੰਦਾਂ ਦੀ ਜਾਨ ਬਚਾਉਣ ਲਈ ਖ਼ੂਨਦਾਨ ਕਰਨ ਲਈ ਅੱਗੇ ਆਉਣਾ ਚਾਹੀਦਾ ਹੈ।



ਸਵਰਗੀ ਜੈ ਭਗਵਾਨ ਜਾਂਗੜਾ ਦੇ ਪਰਉਪਕਾਰੀ ਕਾਰਜਾਂ ਨੂੰ ਯਾਦ ਕਰਦਿਆਂ ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਆਪਣੇ ਜੀਵਨ ਕਾਲ ਦੌਰਾਨ ਕਈ ਸਮਾਜ ਸੇਵਾ ਦੇ ਕੰਮ ਕੀਤੇ ਅਤੇ ਅੱਜ ਉਨ੍ਹਾਂ ਦਾ ਪਰਿਵਾਰ ਉਨ੍ਹਾਂ ਦੀ ਯਾਦ ਵਿੱਚ ਅਜਿਹੇ ਪ੍ਰੇਰਨਾਦਾਇਕ ਕੰਮ ਕਰ ਰਿਹਾ ਹੈ, ਜੋ ਸ਼ਲਾਘਾਯੋਗ ਹੈ। ਫੋਰਮ ਦੇ ਪ੍ਰਧਾਨ ਵੀਰੇਂਦਰ ਜਾਂਗੜਾ ਨੇ ਦੱਸਿਆ ਕਿ ਇਹ ਉਨ੍ਹਾਂ ਦਾ ਨੌਵਾਂ ਖ਼ੂਨਦਾਨ ਕੈਂਪ ਹੈ, ਅਤੇ ਹੁਣ ਤੱਕ ਅਜਿਹੇ ਕੈਂਪਾਂ ਰਾਹੀਂ ਲਗਭਗ 1,000 ਯੂਨਿਟ ਖੂਨ ਇਕੱਠਾ ਕੀਤਾ ਜਾ ਚੁੱਕਾ ਹੈ। ਉਨ੍ਹਾਂ ਅੱਗੇ ਕਿਹਾ ਕਿ ਕੁਝ ਲੋਕ ਅਜੇ ਵੀ ਖ਼ੂਨਦਾਨ ਬਾਰੇ ਗਲਤ ਧਾਰਨਾਵਾਂ ਰੱਖਦੇ ਹਨ, ਪਰ ਅਸਲ ਵਿੱਚ, ਖ਼ੂਨਦਾਨ ਕਰਨ ਨਾਲ ਸਰੀਰ 'ਤੇ ਕੋਈ ਮਾੜਾ ਪ੍ਰਭਾਵ ਨਹੀਂ ਪੈਂਦਾ, ਅਤੇ ਇਹ ਸਿਹਤ ਲਈ ਵੀ ਲਾਭਦਾਇਕ ਹੈ। ਉਨ੍ਹਾਂ ਦੱਸਿਆ ਕਿ ਖ਼ੂਨਦਾਨ ਖਾਸ ਤੌਰ 'ਤੇ ਲੋੜਵੰਦ ਮਰੀਜ਼ਾਂ, ਗਰਭਵਤੀ ਔਰਤਾਂ ਅਤੇ ਥੈਲੇਸੀਮੀਆ ਤੋਂ ਪੀੜਤ ਬੱਚਿਆਂ ਲਈ ਜੀਵਨ ਬਚਾਉਣ ਵਾਲਾ ਹੈ। ਫੋਰਮ ਦਾ ਟੀਚਾ ਖ਼ੂਨਦਾਨ ਬਾਰੇ ਜਾਗਰੂਕਤਾ ਪੈਦਾ ਕਰਨਾ ਅਤੇ ਉਨ੍ਹਾਂ ਨੂੰ ਇਸ ਨੇਕ ਕਾਰਜ ਨਾਲ ਜੋੜਨਾ ਹੈ।

# ਕੈਲ ਕੂੜਾ ਪਲਾਂਟ ਵਿਖੇ ਸ਼ੈੱਡ ਬਣਾਉਣ ਦਾ ਕੰਮ ਤੇਜ਼, ਕੂੜਾ ਨਿਪਟਾਰੇ ਨੂੰ ਮਿਲੇਗਾ ਨਵਾਂ ਮੰਚ: ਮੇਅਰ



ਜਗਾਧਰੀ, 12 ਅਪ੍ਰੈਲ (ਪ੍ਰਤੀਨਿਧੀ) : ਸ਼ਹਿਰ ਦੀ ਸਫਾਈ ਪ੍ਰਣਾਲੀ ਨੂੰ ਹੋਰ ਮਜ਼ਬੂਤ ਬਣਾਉਣ ਲਈ ਕੈਲ ਕੂੜਾ ਨਿਪਟਾਰਾ ਪਲਾਂਟ ਵਿਖੇ ਸ਼ੈੱਡ ਦੇ ਨਿਰਮਾਣ ਦਾ ਕੰਮ ਤੇਜ਼ੀ ਨਾਲ ਜਾਰੀ ਹੈ।

ਮੇਅਰ ਸੁਮਨ ਬਾਹਮਣੀ ਨੇ ਵਧੀਕ ਨਗਰ ਨਿਗਮ ਕਮਿਸ਼ਨਰ ਧੀਰਜ ਕੁਮਾਰ ਅਤੇ ਕੌਂਸਲਰਾਂ ਦੇ ਨਾਲ ਪਲਾਂਟ ਦਾ ਨਿਰੀਖਣ ਕਰਕੇ ਚੱਲ ਰਹੇ ਪ੍ਰਬੰਧਾਂ ਦਾ ਜਾਇਜ਼ਾ ਲਿਆ। ਨਿਰੀਖਣ ਦੌਰਾਨ ਮੇਅਰ ਨੇ 7.24 ਕਰੋੜ ਰੁਪਏ ਦੀ ਲਾਗਤ ਨਾਲ ਬਣ ਰਹੇ ਸ਼ੈੱਡ ਅਤੇ ਕੰਕਰੀਟ ਫਰਸ਼ ਦੇ ਕੰਮ ਦੀ ਪ੍ਰਗਤੀ ਦੀ ਸਮੀਖਿਆ ਕੀਤੀ।

ਉਨ੍ਹਾਂ ਦੱਸਿਆ ਕਿ ਮਜ਼ਬੂਤ ਸ਼ੈੱਡ ਬਣਨ ਨਾਲ ਮੀਂਹ ਦੇ ਮੌਸਮ ਦੌਰਾਨ ਵੀ ਕੂੜੇ ਦੇ ਨਿਪਟਾਰੇ ਦੀ ਪ੍ਰਕਿਰਿਆ ਪ੍ਰਭਾਵਿਤ ਨਹੀਂ ਹੋਵੇਗੀ ਅਤੇ ਪਲਾਂਟ ਵਿੱਚ ਲੱਗੀ ਮਸ਼ੀਨਰੀ ਸੁਰੱਖਿਅਤ ਰਹੇਗੀ।

ਇਸ ਮੌਕੇ ਪਲਾਂਟ ਵਿੱਚ ਚੱਲ ਰਹੀਆਂ ਵੱਖ-ਵੱਖ ਕੂੜਾ ਪ੍ਰਬੰਧਨ ਪ੍ਰਕਿਰਿਆਵਾਂ ਦੀ ਵੀ ਵਿਸਥਾਰ ਨਾਲ ਸਮੀਖਿਆ ਕੀਤੀ ਗਈ। ਅਧਿਕਾਰੀਆਂ ਨੇ ਦੱਸਿਆ ਕਿ ਇੱਥੇ ਕੂੜੇ ਦੀ ਛੰਟਾਈ ਕਰਕੇ ਆਰਡੀਐਫ (ਰਿਫਿਊਜ਼ ਡੈਰੀਵਡ ਫਿਊਲ), ਬਾਇਓਸੋਇਲ, ਇੱਟਾਂ ਅਤੇ ਕੰਕਰ ਵੱਖ ਕੀਤੇ ਜਾਂਦੇ ਹਨ, ਜਦਕਿ ਜੈਵਿਕ ਖਾਦ ਵੀ ਬਾਇਓ-ਰੀਮੀਡੀਏਸ਼ਨ ਤਕਨਾਲੋਜੀ ਰਾਹੀਂ ਤਿਆਰ ਕੀਤੀ ਜਾ ਰਹੀ ਹੈ।

ਵਧੀਕ ਕਮਿਸ਼ਨਰ ਧੀਰਜ ਕੁਮਾਰ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਸ਼ੈੱਡ ਲਈ ਜ਼ਮੀਨ ਤਿਆਰ ਕਰਨ ਦਾ ਕੰਮ ਜ਼ੋਰਾਂ 'ਤੇ ਹੈ ਅਤੇ ਨਿਰਮਾਣ ਮੁਕੰਮਲ ਹੋਣ ਨਾਲ ਮੀਂਹ ਦੌਰਾਨ ਚਿੱਕੜ ਅਤੇ ਫਿਸਲਣ ਵਾਲੀਆਂ ਸਥਿਤੀਆਂ ਤੋਂ ਰਾਹਤ ਮਿਲੇਗੀ। ਇਸ ਨਾਲ ਕਰਮਚਾਰੀਆਂ ਨੂੰ ਵੀ ਸੁਵਿਧਾ ਮਿਲੇਗੀ ਅਤੇ ਕੰਮ ਬਿਨਾਂ ਰੁਕਾਵਟ ਜਾਰੀ ਰਹੇਗਾ।

ਮੇਅਰ ਸੁਮਨ ਬਾਹਮਣੀ ਨੇ ਕਿਹਾ ਕਿ ਪਹਿਲਾਂ ਮੀਂਹ ਕਾਰਨ ਕੂੜੇ ਦੇ ਨਿਪਟਾਰੇ ਵਿੱਚ ਰੁਕਾਵਟ ਆਉਂਦੀ ਸੀ, ਜਿਸ ਨਾਲ ਮਸ਼ੀਨਰੀ ਅਤੇ ਕਰਮਚਾਰੀਆਂ ਨੂੰ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਸੀ।


**ਉਤਰ ਪੂਰਬ ਰੇਲਵੇ**

**ਈ-ਟੈਂਡਰਿੰਗ ਟੈਂਡਰ ਨੋਟਿਸ ਨੰ. 16/2026**

ਡਿਵੀਜ਼ਨਲ ਰੇਲਵੇ ਮੈਨੇਜਰ (ਇੰਜੀਨੀਅਰਿੰਗ), ਉੱਤਰ ਪੂਰਬੀ ਰੇਲਵੇ, ਇੱਜ਼ਤਨਗਰ, ਭਾਰਤ ਦੇ ਰਾਸ਼ਟਰਪਤੀ ਵੱਲੋਂ ਅਤੇ ਉਨ੍ਹਾਂ ਵੱਲੋਂ ਹੇਠ ਲਿਖੇ ਕੰਮ ਲਈ ਔਨਲਾਈਨ (ਈ-ਟੈਂਡਰਿੰਗ) ਰਾਹੀਂ "ਖੁੱਲ੍ਹੇ" ਟੈਂਡਰ ਮੰਗਦੇ ਹਨ: ਲੜੀ ਨੰ.: 1, ਕੰਮ ਦਾ ਵੇਰਵਾ: ਇੱਜ਼ਤਨਗਰ ਡਿਵੀਜ਼ਨ ਦੇ ਇੱਜ਼ਤਨਗਰ-ਭੋਜੀਪੁਰਾ ਭਾਗ ਵਿੱਚ ਲੈਵਲ ਕਰਾਸਿੰਗ ਨੰਬਰ 240 'ਤੇ ਸੀਮਤ ਉਚਾਈ ਵਾਲੇ ਸਬਵੇਅ ਨਾਲ ਸਬੰਧਤ ਬਾਕੀ ਕੰਮ, ਜਿਸ ਵਿੱਚ ਸਟੀਲ ਸਟਰਕਚਰ ਸ਼ੈੱਡ ਦੀ ਉਸਾਰੀ, ਛੱਤ ਦੀ ਚਾਦਰ ਵਿਛਾਉਣ ਆਦਿ ਲਈ ਪ੍ਰਬੰਧ ਦਾ ਕੰਮ ਸ਼ਾਮਲ ਹੈ, ਅਨੁਮਾਨਿਤ ਲਾਗਤ: 1,92,62,092.20 ਰੁਪਏ, ਅਰਨੈਸਟ ਮਨੀ: 3,85,300/- ਰੁਪਏ, ਟੈਂਡਰ ਫਾਰਮ ਦੀ ਕੀਮਤ: ਕੋਈ ਨਹੀਂ, ਸਵੀਕ੍ਰਿਤੀ ਪੱਤਰ ਜਾਰੀ ਕਰਨ ਦੀ ਮਿਤੀ ਤੋਂ ਮੁਕੰਮਲ ਹੋਣ ਦੀ ਮਿਆਦ: 03 ਮਹੀਨੇ।

1. ਈ-ਟੈਂਡਰ 04.05.2026 ਨੂੰ 15:00 ਵਜੇ ਤੱਕ ਔਨਲਾਈਨ ਜਮ੍ਹਾ ਕੀਤੇ ਜਾ ਸਕਦੇ ਹਨ।
2. ਈ-ਟੈਂਡਰ ਜਮ੍ਹਾਂ ਕਰਨ ਲਈ ਪੂਰੀ ਜਾਣਕਾਰੀ ਭਾਰਤੀ ਰੇਲਵੇ ਦੀ IREPS ਵੈੱਬਸਾਈਟ www.ireps.gov.in 'ਤੇ ਦੇਖੀ ਜਾ ਸਕਦੀ ਹੈ।

ਡਿਵੀਜ਼ਨਲ ਰੇਲਵੇ ਮੈਨੇਜਰ (ਇੰਜੀਨੀਅਰਿੰਗ)
ਮੁਜਾਧਿ/ਡਬਲਿਊ-19 ਇਜ਼ਤਨਗਰ

ਟ੍ਰੇਨਾਂ ਵਿਚ ਜਲਣਸ਼ੀਲ ਪਦਾਰਥ ਲੈ ਕੇ ਯਾਤਰਾ ਨਾ ਕਰੋ

## ਜੀਵਨ ਹੁਨਰਾਂ 'ਤੇ ਇੱਕ ਦਿਨ ਦੀ ਸਮਰੱਥਾ-ਨਿਰਮਾਣ ਵਰਕਸ਼ਾਪ ਵਿੱਚ ਹਿੱਸਾ ਲੈ ਰਹੇ ਅਧਿਆਪਕ

## ਮਹਾਤਮਾ ਜੋਤੀਬਾ ਫੂਲੇ ਨੈਤਿਕ ਹਿੰਮਤ, ਸਵੈ-ਪ੍ਰਤੀਬਿੰਬ ਅਤੇ ਸਮਾਜਿਕ ਭਲਾਈ ਲਈ ਸਮਰਪਿਤ ਸਨ: ਡਾ. ਅਰਵਿੰਦ ਸ਼ਰਮਾ



ਗੋਹਾਨਾ, 12 ਅਪ੍ਰੈਲ (ਪ੍ਰਤੀਨਿਧੀ): ਸਹਿਕਾਰਤਾ, ਜੇਲ੍ਹਾਂ, ਚੋਣਾਂ, ਵਿਰਾਸਤ ਅਤੇ ਸੈਰ-ਸਪਾਟਾ ਮੰਤਰੀ ਡਾ. ਅਰਵਿੰਦ ਸ਼ਰਮਾ ਨੇ ਕਿਹਾ ਕਿ ਮਹਾਤਮਾ ਜੋਤੀਬਾ ਫੂਲੇ ਦਾ ਜੀਵਨ ਨੈਤਿਕ ਹਿੰਮਤ, ਸਵੈ-ਪ੍ਰਤੀਬਿੰਬ ਅਤੇ ਸਮਾਜਿਕ ਭਲਾਈ ਲਈ ਅਟੁੱਟ ਸਮਰਪਣ ਦੀ ਇੱਕ ਪ੍ਰੇਰਨਾਦਾਇਕ ਉਦਾਹਰਣ ਹੈ। ਉਨ੍ਹਾਂ ਨੇ ਸੰਗਠਨਾਂ ਅਤੇ ਅੰਦੋਲਨਾਂ ਰਾਹੀਂ ਸਮਾਜ ਨੂੰ ਜਗਾਉਣ ਦਾ ਕੰਮ ਕੀਤਾ। ਅੱਜ, ਦੇਸ਼ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੋਂ ਲੈ ਕੇ ਰਾਜ ਵਿੱਚ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਤੱਕ, ਹਰ ਕੋਈ ਉਨ੍ਹਾਂ ਦੇ ਮਾਰਗ 'ਤੇ ਚੱਲ ਰਿਹਾ ਹੈ ਅਤੇ ਮਹਿਲਾ ਸਸ਼ਕਤੀਕਰਨ ਦੇ ਵਿਚਾਰ ਨੂੰ ਮਜ਼ਬੂਤ ਕਰ ਰਿਹਾ ਹੈ। ਸ਼ਨੀਵਾਰ ਨੂੰ, ਗੋਹਾਨਾ ਦੇ ਖਾਨਪੁਰ ਮੋਡ ਵਿਖੇ ਮਹਾਤਮਾ ਜਯੋਤੀਬਾ ਫੂਲੇ ਚੌਕ ਵਿਖੇ, ਸਹਿਕਾਰਤਾ ਮੰਤਰੀ ਡਾ. ਅਰਵਿੰਦ ਸ਼ਰਮਾ ਅਤੇ ਉਨ੍ਹਾਂ ਦੀ ਪਤਨੀ ਡਾ. ਗੀਤਾ ਸ਼ਰਮਾ ਨੇ ਮਹਾਤਮਾ ਜਯੋਤੀਬਾ ਫੂਲੇ ਅਤੇ ਪਹਿਲੀ ਮਹਿਲਾ ਅਧਿਆਪਕਾ ਸਾਵਿਤਰੀਬਾਈ ਫੂਲੇ ਦੇ ਬੁੱਤਾਂ 'ਤੇ ਹਾਰ ਪਾ ਕੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ।

ਇਕੱਠ ਨੂੰ ਸੰਬੋਧਨ ਕਰਦੇ ਹੋਏ, ਕੈਬਨਿਟ ਮੰਤਰੀ ਡਾ. ਅਰਵਿੰਦ ਸ਼ਰਮਾ ਨੇ ਕਿਹਾ ਕਿ ਭਾਵੇਂ ਮਹਾਤਮਾ ਜਯੋਤੀਬਾ ਫੂਲੇ ਇੱਕ ਨਿਮਰ ਪਰਿਵਾਰ ਵਿੱਚ ਪੈਦਾ ਹੋਏ ਸਨ, ਪਰ ਉਨ੍ਹਾਂ ਨੇ ਆਪਣੇ ਸ਼ੁਰੂਆਤੀ ਜੀਵਨ ਵਿੱਚ ਆਈਆਂ ਚੁਣੌਤੀਆਂ ਦਾ ਸਾਹਮਣਾ ਉਨ੍ਹਾਂ ਦੀ ਸਿੱਖਿਆ, ਹਿੰਮਤ ਅਤੇ ਸਮਾਜ ਪ੍ਰਤੀ ਸਮਰਪਣ ਨੂੰ ਨਹੀਂ ਰੋਕਿਆ। ਉਨ੍ਹਾਂ ਦਾ ਜੀਵਨ ਦਰਸਾਉਂਦਾ ਹੈ ਕਿ ਮਨੁੱਖੀ ਜੀਵਨ ਵਿੱਚ ਕਿੰਨੀਆਂ ਵੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਵੇ, ਗਿਆਨ ਪ੍ਰਾਪਤ ਕਰਨ ਲਈ ਸਖ਼ਤ ਮਿਹਨਤ ਕਰਨੀ ਚਾਹੀਦੀ ਹੈ ਤਾਂ ਜੋ ਸਮੱਸਿਆਵਾਂ ਦਾ ਹੱਲ ਕੀਤਾ ਜਾ ਸਕੇ। ਕੈਬਨਿਟ ਮੰਤਰੀ ਡਾ. ਅਰਵਿੰਦ ਸ਼ਰਮਾ ਨੇ ਕਿਹਾ ਕਿ ਮਹਾਤਮਾ ਜਯੋਤੀਬਾ ਫੂਲੇ ਦਾ ਮੰਨਣਾ ਸੀ ਕਿ ਗਿਆਨ ਕਿਸੇ ਇੱਕ ਵਰਗ ਦੀ ਜਾਇਦਾਦ ਨਹੀਂ ਹੈ, ਸਗੋਂ ਇੱਕ ਸ਼ਕਤੀ ਹੈ ਜੋ ਸਾਰਿਆਂ ਨੂੰ ਸਾਂਝੀ ਕਰਨੀ ਚਾਹੀਦੀ ਹੈ। ਉਨ੍ਹਾਂ ਨੇ ਅਜਿਹੇ ਸਮੇਂ ਵਿੱਚ ਲੜਕੀਆਂ ਅਤੇ ਪਛੜੇ ਲੋਕਾਂ ਲਈ ਸਕੂਲ ਖੋਲ੍ਹਣ ਦੀ ਵਕਾਲਤ ਕੀਤੀ ਜਦੋਂ ਸਮਾਜ ਦਾ ਇੱਕ ਵੱਡਾ ਵਰਗ ਸਿੱਖਿਆ ਤੋਂ ਵਾਂਝਾ ਸੀ। ਸਹਿਕਾਰਤਾ ਮੰਤਰੀ ਡਾ. ਅਰਵਿੰਦ ਸ਼ਰਮਾ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਪਿਛਲੇ 11 ਸਾਲਾਂ ਤੋਂ ਦੇਸ਼ ਵਿੱਚ ਸਿੱਖਿਆ ਅਤੇ ਮਹਿਲਾ ਸਸ਼ਕਤੀਕਰਨ ਦੇ ਆਪਣੇ ਦ੍ਰਿਸ਼ਟੀਕੋਣ ਨੂੰ ਲਾਗੂ ਕਰ ਰਹੇ ਹਨ। ਨਵੀਂ ਰਾਸ਼ਟਰੀ ਸਿੱਖਿਆ ਨੀਤੀ ਰਾਹੀਂ, ਕੇਂਦਰ ਅਤੇ ਰਾਜ ਵਿੱਚ ਭਾਜਪਾ ਸਰਕਾਰ ਇੱਕ ਅਜਿਹੀ ਪ੍ਰਣਾਲੀ ਬਣਾ ਰਹੀ ਹੈ ਜਿੱਥੇ ਨੌਜਵਾਨ ਸਵਾਲ ਪੁੱਛ ਸਕਦੇ ਹਨ, ਨਵੀਆਂ ਚੀਜ਼ਾਂ ਸਿੱਖ ਸਕਦੇ ਹਨ ਅਤੇ ਖੋਜ ਲਈ ਪ੍ਰੇਰਿਤ ਹੋ ਸਕਦੇ ਹਨ। ਮਹਾਤਮਾ ਜਯੋਤੀਬਾ ਫੂਲੇ ਦਾ ਜੀਵਨ ਅਜੇ ਵੀ ਸਮਾਜ ਨੂੰ ਇੱਕ ਸੰਦੇਸ਼ ਦਿੰਦਾ ਹੈ ਕਿ ਇੱਕ ਮਜ਼ਬੂਤ ਅਤੇ ਖੁਸ਼ਹਾਲ ਰਾਸ਼ਟਰ ਸਿਰਫ਼ ਸਿੱਖਿਆ, ਸਮਾਨਤਾ ਅਤੇ ਸਮਾਜਿਕ ਨਿਆਂ ਦੇ ਮਾਰਗ 'ਤੇ ਚੱਲ ਕੇ ਹੀ ਸਸ਼ਕਤ ਹੋ ਸਕਦਾ ਹੈ। ਕੈਬਨਿਟ ਮੰਤਰੀ ਡਾ. ਅਰਵਿੰਦ ਸ਼ਰਮਾ ਨੇ ਚੌਕ ਦੇ ਸੁੰਦਰੀਕਰਨ ਲਈ ਆਪਣੇ ਸਵੈ-ਇੱਛਤ ਫੰਡ ਵਿੱਚੋਂ ?11 ਲੱਖ ਦਾਨ ਕਰਨ ਦਾ ਐਲਾਨ ਕੀਤਾ। ਇਸ ਮੌਕੇ ਕੈਬਨਿਟ ਮੰਤਰੀ ਡਾ. ਅਰਵਿੰਦ ਸ਼ਰਮਾ ਦੀ ਪਤਨੀ, ਡਾ. ਗੀਤਾ ਸ਼ਰਮਾ, ਮਾਰਕੀਟ ਕਮੇਟੀ ਗੋਹਾਨਾ ਕ੍ਰਿਸ਼ਨਾ ਸੈਣੀ, ਜੈਕਿਸ਼ਨ ਸ਼ਰਮਾ, ਕ੍ਰਿਸ਼ਨਾ ਆਦਿਤੀ, ਨਰਿੰਦਰ ਗਹਿਲਾਵਤ, ਭੂਪੇਂਦਰ ਮੁਦਗਿਲ, ਸੰਜੇ ਸੈਣੀ, ਖੇਮਚੰਦ ਸੈਣੀ, ਰਾਜੇਂਦਰ ਸੈਣੀ, ਸੱਤਿਆਨਾਰਾਇਣ ਸੈਣੀ, ਦੇਵੇਂਦਰ ਸੈਣੀ, ਲੀਲੂ ਰਾਮ, ਕਰਮਬੀਰ ਸੈਣੀ, ਸੁਰੇਸ਼ ਸੈਣੀ, ਪ੍ਰਭੂ ਪ੍ਰਜਾਪਤ, ਧੂਲਾ ਰਾਮ, ਸੁਭਾਸ਼ ਸੈਣੀ, ਬਬਲੂ ਸੈਣੀ ਅਤੇ ਹੋਰ ਮੌਜੂਦ ਸਨ।

# ਮੁੱਖ ਮੰਤਰੀ ਸੈਣੀ ਨੇ ਦਾਦਰੀ ਹਲਕੇ ਨਾਲ ਸਬੰਧਤ 540 ਕਰੋੜ ਰੁਪਏ ਦੇ ਪ੍ਰੋਜੈਕਟਾਂ ਦਾ ਕੀਤਾ ਉਦਘਾਟਨ ਅਤੇ ਨੀਂਹ ਪੱਥਰ




ਪੰਚਕੂਲਾ, 12 ਅਪ੍ਰੈਲ (ਪ੍ਰਤੀਨਿਧੀ) : ਅੰਮ੍ਰਿਤਪਾਲ ਸਿੰਘ) ਹਰਿਆਣਾ ਦੇ ਮੁੱਖ ਮੰਤਰੀ ਸ਼੍ਰੀ ਨਾਇਬ ਸਿੰਘ ਸੈਣੀ ਨੇ ਚਰਖੀ ਦਾਦਰੀ ਦੀ ਸਬਜ਼ੀ ਮੰਡੀ ਵਿੱਚ ਆਯੋਜਿਤ ਵਿਕਸਿਤ ਦਾਦਰੀ ਰੈਲੀ ਵਿੱਚ 540 ਕਰੋੜ 98 ਲੱਖ ਰੁਪਏ ਦੇ 43 ਵਿਕਾਸ ਪ੍ਰੋਜੈਕਟਾਂ ਦਾ ਉਦਘਾਟਨ ਅਤੇ ਨੀਂਹ ਪੱਥਰ ਰੱਖਿਆ। ਇਨ੍ਹਾਂ ਪ੍ਰੋਜੈਕਟਾਂ ਰਾਹੀਂ ਜ਼ਿਲ੍ਹੇ ਵਿੱਚ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ, ਪੀਣ ਵਾਲੇ ਪਾਣੀ ਦੀ ਸਪਲਾਈ ਨੂੰ ਬਿਹਤਰ ਬਣਾਉਣ, ਸੜਕ ਨੈੱਟਵਰਕ ਦੇ ਵਿਸਤਾਰ ਅਤੇ ਜਨਤਕ ਸਹੂਲਤਾਂ ਵਿੱਚ ਵਾਧਾ ਹੋਵੇਗਾ।

ਮੁੱਖ ਮੰਤਰੀ ਨੇ 230 ਕਰੋੜ 66 ਲੱਖ ਰੁਪਏ ਦੇ ਪ੍ਰੋਜੈਕਟਾਂ ਦਾ ਉਦਘਾਟਨ ਅਤੇ 310 ਕਰੋੜ 32 ਲੱਖ ਰੁਪਏ ਦੇ ਪ੍ਰੋਜੈਕਟਾਂ ਦਾ ਨੀਂਹ ਪੱਥਰ ਰੱਖਿਆ। ਮੁੱਖ ਮੰਤਰੀ ਨੇ ਮਿਨੀ ਸਕੱਤਰੇਤ ਭਵਨ, ਚਰਖੀ ਦਾਦਰੀ (7207.53 ਲੱਖ ਰੁਪਏ – ਲੋਕ ਨਿਰਮਾਣ ਵਿਭਾਗ ਭਵਨ ਅਤੇ ਸੜਕ), ਜ਼ਿਲ੍ਹਾ ਪੱਧਰੀ ਸਟੇਡੀਅਮ (ਸਮਸਪੁਰ) (2079.88 ਲੱਖ ਰੁਪਏ – ਲੋਕ ਨਿਰਮਾਣ ਵਿਭਾਗ ਭਵਨ ਅਤੇ ਸੜਕ), ਖਰੀਦ ਕੇਂਦਰ, ਪਿੰਡ ਬੌਂਦ ਖੁਰਦ (243.57 ਲੱਖ ਰੁਪਏ – ਹਰਿਆਣਾ ਰਾਜ ਖੇਤੀਬਾੜੀ ਮੰਡੀਕਰਨ ਬੋਰਡ), ਬਾਲ ਭਵਨ, ਚਰਖੀ ਦਾਦਰੀ (1253.00 ਲੱਖ ਰੁਪਏ – ਲੋਕ ਨਿਰਮਾਣ ਵਿਭਾਗ ਭਵਨ ਅਤੇ ਸੜਕ), 12 ਜੋਤੀਲਿੰਗ ਥੀਮ ਪਾਰਕ ਅਤੇ ਤਲਾਬ, ਰਾਮ ਬਾਗ, ਪਾਂਡਵਾਨ ਜਲ ਸਪਲਾਈ ਯੋਜਨਾ ਵਿਸਤਾਰ (453.83 ਲੱਖ ਰੁਪਏ – ਜਨ ਸਿਹਤ ਇੰਜੀਨੀਅਰਿੰਗ ਵਿਭਾਗ), ਬਿਰਹੀ ਕਲਾਂ ਜਲ ਸਪਲਾਈ ਯੋਜਨਾ ਵਿਸਤਾਰ (342.29 ਲੱਖ ਰੁਪਏ – ਜਨ ਸਿਹਤ ਇੰਜੀਨੀਅਰਿੰਗ ਵਿਭਾਗ), ਚਰਖੀ ਜਲ ਸਪਲਾਈ ਯੋਜਨਾ ਵਿਸਤਾਰ (1467.38 ਲੱਖ ਰੁਪਏ – ਜਨ ਸਿਹਤ ਇੰਜੀਨੀਅਰਿੰਗ ਵਿਭਾਗ), ਭਾਗਵੀ ਜਲ ਸਪਲਾਈ ਯੋਜਨਾ ਵਿਸਤਾਰ (758.25 ਲੱਖ ਰੁਪਏ – ਜਨ ਸਿਹਤ ਇੰਜੀਨੀਅਰਿੰਗ ਵਿਭਾਗ), ਇਮਲੋਟਾ ਜਲ ਸਪਲਾਈ ਯੋਜਨਾ ਵਿਸਤਾਰ (1039.80 ਲੱਖ ਰੁਪਏ – ਜਨ ਸਿਹਤ ਇੰਜੀਨੀਅਰਿੰਗ ਵਿਭਾਗ), ਡੂਡੀਵਾਲਾ ਕਿਸ਼ਨਪੁਰਾ ਅਤੇ ਨੰਦਕਰਣ ਐਫ.ਐਚ.ਟੀ.ਸੀ. (ਜਲ ਜੀਵਨ ਮਿਸ਼ਨ) (843.44 ਲੱਖ ਰੁਪਏ – ਜਨ ਸਿਹਤ ਇੰਜੀਨੀਅਰਿੰਗ ਵਿਭਾਗ), ਚੰਪਾਪੁਰੀ-1 ਜਲ ਕਾਰਜ (3920.00 ਲੱਖ ਰੁਪਏ – ਜਨ ਸਿਹਤ ਇੰਜੀਨੀਅਰਿੰਗ ਵਿਭਾਗ), ਕਪੂਰੀ-2 ਜਲ ਕਾਰਜ (1596.33 ਲੱਖ ਰੁਪਏ – ਜਨ ਸਿਹਤ ਇੰਜੀਨੀਅਰਿੰਗ ਵਿਭਾਗ), ਫੋਗਾਟ ਸੁਤੰਤਰ ਨਹਿਰ ਅਧਾਰਤ ਜਲ ਕਾਰਜ (614.38 ਲੱਖ ਰੁਪਏ – ਜਨ ਸਿਹਤ ਇੰਜੀਨੀਅਰਿੰਗ ਵਿਭਾਗ), ਰਾਵਲਧੀ ਜਲ ਸਪਲਾਈ ਯੋਜਨਾ ਵਿਸਤਾਰ (583.99 ਲੱਖ ਰੁਪਏ – ਜਨ ਸਿਹਤ ਇੰਜੀਨੀਅਰਿੰਗ ਵਿਭਾਗ) ਅਤੇ ਬੌਂਦ ਕਲਾਂ ਵਿੱਚ ਐਸ.ਡੀ.ਓ. ਦਫਤਰ ਤੇ ਰਿਹਾਇਸ਼ੀ ਮਕਾਨ (662.35 ਲੱਖ – ਸਿੰਚਾਈ ਵਿਭਾਗ) ਦਾ ਉਦਘਾਟਨ ਕੀਤਾ।

ਉਨ੍ਹਾਂ ਨੇ ਸ਼ਹੀਦ ਦਲਬੀਰ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਭਵਨ ਚਰਖੀ ਦਾਦਰੀ (557.29 ਲੱਖ ਰੁਪਏ – ਹਰਿਆਣਾ ਪੁਲਿਸ ਹਾਊਸਿੰਗ ਕਾਰਪੋਰੇਸ਼ਨ), ਰੋਹਤਕ ਰੋਡ (ਚਰਖੀ ਦਾਦਰੀ ਤੋਂ ਖਰੜੀ ਮੋੜ) ਚੌੜਾ ਕਰਨ ਅਤੇ ਮਜ਼ਬੂਤੀਕਰਨ (6688.98 ਲੱਖ ਰੁਪਏ – ਲੋਕ ਨਿਰਮਾਣ ਵਿਭਾਗ ਭਵਨ ਅਤੇ ਸੜਕ), ਖੇਤੀਬਾੜੀ ਭਵਨ (ਖੇਤੀਬਾੜੀ ਦਫਤਰ) (2083.58 ਲੱਖ ਰੁਪਏ – ਹਰਿਆਣਾ ਰਾਜ ਖੇਤੀਬਾੜੀ ਮੰਡੀਕਰਨ ਬੋਰਡ), ਮੇਜ਼ਬਾਨ ਚੌਕ ਤੋਂ ਭਿਵਾਨੀ ਬਾਈਪਾਸ ਸੜਕ ਨਿਰਮਾਣ (1447.02 ਲੱਖ ਰੁਪਏ – ਲੋਕ ਨਿਰਮਾਣ ਵਿਭਾਗ ਭਵਨ ਅਤੇ ਸੜਕ), ਫੁੱਲਾਂ ਵਾਲਾ ਖੇਤ ਗ੍ਰੀਨ ਬੈਲਟ ਵਿਕਾਸ (91.75 ਲੱਖ ਰੁਪਏ – ਨਗਰ ਕੌਂਸਲ), ਸਿੰਚਾਈ ਭਵਨ, ਚਰਖੀ ਦਾਦਰੀ (508.86 ਲੱਖ ਰੁਪਏ – ਸਿੰਚਾਈ ਵਿਭਾਗ), ਸਮਸਪੁਰ ਤੋਂ ਭਾਗਵੀ ਸੜਕ ਨਿਰਮਾਣ (113.51 ਲੱਖ ਰੁਪਏ – ਹਰਿਆਣਾ ਰਾਜ ਖੇਤੀਬਾੜੀ ਮੰਡੀਕਰਨ ਬੋਰਡ), ਬਿਰਹੀ ਕਲਾਂ ਤੋਂ ਦੋਹਕਾ ਸੜਕ ਨਿਰਮਾਣ (255.84 ਲੱਖ ਰੁਪਏ – ਲੋਕ ਨਿਰਮਾਣ ਵਿਭਾਗ ਭਵਨ ਅਤੇ ਸੜਕ), ਪੌਲੀ-ਕਲੀਨਿਕ, ਸਮਸਪੁਰ (1111.83 ਲੱਖ ਰੁਪਏ – ਪਸ਼ੂ ਪਾਲਣ ਵਿਭਾਗ), ਦਾਦਰੀ ਤੋਂ ਸਾਂਵੜ ਪੀਣ ਵਾਲੇ ਪਾਣੀ ਦੀ ਲਾਈਨ ਦੀ ਮਜ਼ਬੂਤੀ (4694.69 ਲੱਖ ਰੁਪਏ – ਜਨ ਸਿਹਤ ਇੰਜੀਨੀਅਰਿੰਗ ਵਿਭਾਗ), ਆਈ.ਟੀ.ਆਈ. ਭਵਨ, ਸਾਤੋਰ (1180.00 ਲੱਖ ਰੁਪਏ – ਹੁਨਰ ਵਿਕਾਸ ਅਤੇ ਉਦਯੋਗਿਕ ਸਿਖਲਾਈ ਵਿਭਾਗ), ਮੋਰਵਾਲਾ ਜਲ ਸਪਲਾਈ ਯੋਜਨਾ ਮਜ਼ਬੂਤੀਕਰਨ (499.46 ਲੱਖ ਰੁਪਏ – ਜਨ ਸਿਹਤ ਇੰਜੀਨੀਅਰਿੰਗ ਵਿਭਾਗ), ਘਿਕਾੜਾ ਜਲ ਸਪਲਾਈ ਯੋਜਨਾ ਨਵੀਨੀਕਰਨ (599.07 ਲੱਖ ਰੁਪਏ – ਜਨ ਸਿਹਤ ਇੰਜੀਨੀਅਰਿੰਗ ਵਿਭਾਗ), ਕਨੇਹਟੀ ਜਲ ਸਪਲਾਈ ਯੋਜਨਾ ਅੱਪਗ੍ਰੇਡੇਸ਼ਨ (305.00 ਲੱਖ ਰੁਪਏ – ਜਨ ਸਿਹਤ ਇੰਜੀਨੀਅਰਿੰਗ ਵਿਭਾਗ), ਕਮੋਦ ਸਮੂਹ (ਕਮੋਦ ਅਤੇ ਜੈਸ਼੍ਰੀ) ਜਲ ਸਪਲਾਈ ਵਿਸਤਾਰ (768.51 ਲੱਖ ਰੁਪਏ – ਜਨ ਸਿਹਤ ਇੰਜੀਨੀਅਰਿੰਗ ਵਿਭਾਗ), ਝਿੰਝਰ ਜਲ ਸਪਲਾਈ ਯੋਜਨਾ ਨਵੀਨੀਕਰਨ (707.93 ਲੱਖ ਰੁਪਏ – ਜਨ ਸਿਹਤ ਇੰਜੀਨੀਅਰਿੰਗ ਵਿਭਾਗ), ਬਾਸ ਮੁਸਤਿਲ ਰਾਨੀਲਾ ਜਲ ਸਪਲਾਈ ਯੋਜਨਾ ਅੱਪਗ੍ਰੇਡੇਸ਼ਨ (555.96 ਲੱਖ ਰੁਪਏ – ਜਨ ਸਿਹਤ ਇੰਜੀਨੀਅਰਿੰਗ ਵਿਭਾਗ), ਲੋਹਰਵਾੜਾ ਜਲ ਸਪਲਾਈ ਯੋਜਨਾ ਅੱਪਗ੍ਰੇਡੇਸ਼ਨ (574.63 ਲੱਖ ਰੁਪਏ – ਜਨ ਸਿਹਤ ਇੰਜੀਨੀਅਰਿੰਗ ਵਿਭਾਗ), ਸਾਹੂਵਾਸ ਜਲ ਸਪਲਾਈ ਯੋਜਨਾ ਵਿਸਤਾਰ (259.01 ਲੱਖ ਰੁਪਏ – ਜਨ ਸਿਹਤ ਇੰਜੀਨੀਅਰਿੰਗ ਵਿਭਾਗ), ਡੂੰਗਰ ਵਾਲੀ ਖਾੜੀ ਸੁੰਦਰੀਕਰਨ ਅਤੇ ਪਾਰਕ ਵਿਕਾਸ (626.00 ਲੱਖ ਰੁਪਏ – ਲੋਕ ਨਿਰਮਾਣ ਵਿਭਾਗ ਭਵਨ ਅਤੇ ਸੜਕ), ਸਹਿਕਾਰੀ ਬੈਂਕ ਸ਼ਾਖਾ ਭਵਨ, ਚਰਖੀ ਦਾਦਰੀ (290.00 ਲੱਖ ਰੁਪਏ) ਅਤੇ ਬਧਵਾਨਾ ਡਿਸਟ੍ਰੀਬਿਊਟਰੀ ਦੀ ਰੀਮਾਡਲਿੰਗ ਦੇ ਕੰਮ (4385.05 ਲੱਖ ਰੁਪਏ – ਸਿੰਚਾਈ ਵਿਭਾਗ) ਦਾ ਨੀਂਹ ਪੱਥਰ ਰੱਖਿਆ।

## ਵਿਦੇਸ਼ੀ ਰਿਸ਼ਤੇਦਾਰ ਬਣ ਕੇ ਲੱਖਾਂ ਰੁਪਏ ਦੀ ਸਾਈਬਰ ਧੋਖਾਧੜੀ ਦੇ ਮਾਮਲੇ ਵਿੱਚ ਮੁਲਜ਼ਮ ਗ੍ਰਿਫ਼ਤਾਰ



ਕੈਥਲ, 12 ਅਪ੍ਰੈਲ (ਪ੍ਰਤੀਨਿਧੀ) : ਜ਼ਿਲ੍ਹਾ ਪੁਲਿਸ ਜਿੱਥੇ ਲੋਕਾਂ ਨੂੰ ਸਾਈਬਰ ਧੋਖਾਧੜੀ ਬਾਰੇ ਜਾਗਰੂਕ ਕਰ ਰਹੀ ਹੈ, ਉੱਥੇ ਹੀ ਪੁਲਿਸ ਸੁਪਰਡੈਂਟ ਮਨਪ੍ਰੀਤ ਸਿੰਘ ਸੂਦਨ ਦੇ ਹੁਕਮਾਂ ਅਨੁਸਾਰ ਸਾਈਬਰ ਧੋਖਾਧੜੀ ਕਰਨ ਵਾਲਿਆਂ 'ਤੇ ਵੀ ਸ਼ਿਕੰਜਾ ਕੱਸ ਰਹੀ ਹੈ। ਇਸੇ ਤਰ੍ਹਾਂ ਦੇ ਇੱਕ ਮਾਮਲੇ ਵਿੱਚ, ਸਾਈਬਰ ਕ੍ਰਾਈਮ ਪੁਲਿਸ ਸਟੇਸ਼ਨ ਦੇ ਏਐਸਆਈ ਵਿਨੋਦ ਕੁਮਾਰ ਦੀ ਅਗਵਾਈ ਵਾਲੀ ਇੱਕ ਟੀਮ ਦੁਆਰਾ ਵਿਦੇਸ਼ੀ ਰਿਸ਼ਤੇਦਾਰ ਬਣ ਕੇ ਲੱਖਾਂ ਰੁਪਏ ਦੀ ਸਾਈਬਰ ਧੋਖਾਧੜੀ ਦੀ ਜਾਂਚ ਕੀਤੀ ਗਈ। ਦੋਸ਼ੀ, ਦੀਪਕ, ਜੋ ਕਿ ਨਿਊ ਅਸ਼ੋਕ ਨਗਰ, ਵਸੁੰਧਰਾ ਐਨਕਲੇਵ, ਦਿੱਲੀ ਦਾ ਰਹਿਣ ਵਾਲਾ ਹੈ, ਜੋ ਇਸ ਸਮੇਂ ਗਾਜ਼ੀਆਬਾਦ, ਯੂਪੀ ਵਿੱਚ ਰਹਿੰਦਾ ਹੈ, ਨੂੰ ਗ੍ਰਿਫ਼ਤਾਰ ਕਰ ਲਿਆ ਗਿਆ।

ਇੱਕ ਪੁਲਿਸ ਬੁਲਾਰੇ ਨੇ ਦੱਸਿਆ ਕਿ ਪਿੰਡ ਕਿਸ਼ਾਨਾ ਦੇ ਰਹਿਣ ਵਾਲੇ ਕੁਲਬੀਰ ਸਿੰਘ ਨੂੰ 2 ਦਸੰਬਰ, 2025 ਨੂੰ ਇੱਕ ਵਟਸਐਪ ਕਾਲ ਆਈ। ਕਾਲ ਕਰਨ ਵਾਲੇ ਨੇ ਆਪਣੀ ਪਛਾਣ ਆਪਣੇ ਭਤੀਜੇ, ਸੌਰਭ, ਜੋ ਕਿ ਕੈਨੇਡਾ ਦਾ ਰਹਿਣ ਵਾਲਾ ਹੈ, ਵਜੋਂ ਕੀਤੀ। ਜਦੋਂ ਸ਼ਿਕਾਇਤਕਰਤਾ ਨੇ ਆਪਣੀ ਪਛਾਣ ਦੱਸਣ ਤੋਂ ਇਨਕਾਰ ਕਰ ਦਿੱਤਾ, ਤਾਂ ਦੋਸ਼ੀ ਨੇ ਸ਼ਿਕਾਇਤਕਰਤਾ ਦਾ ਵਿਸ਼ਵਾਸ ਹਾਸਲ ਕਰਨ ਦੀ ਕੋਸ਼ਿਸ਼ ਵਿੱਚ ਦਾਅਵਾ ਕੀਤਾ ਕਿ ਉਹ ਵਿਦੇਸ਼ ਤੋਂ ਉਸਦੇ ਖਾਤੇ ਵਿੱਚ ?8 ਲੱਖ ਟ੍ਰਾਂਸਫਰ ਕਰ ਰਿਹਾ ਹੈ। ਇਸ ਤੋਂ ਬਾਅਦ, ਉਸਨੇ ਇੱਕ ਜਾਅਲੀ ਬੈਂਕ ਰਸੀਦ ਭੇਜੀ ਜਿਸ ਵਿੱਚ ?816,000 ਟ੍ਰਾਂਸਫਰ ਦਿਖਾਇਆ ਗਿਆ ਸੀ। ਉਸਨੇ ਇਹ ਵੀ ਕਿਹਾ ਕਿ ਉਸਨੂੰ ਇਸ ਪੈਸੇ ਵਿੱਚੋਂ ?280,000 ਇੱਕ ਦੋਸਤ ਨੂੰ ਦੇਣ ਦੀ ਲੋੜ ਹੈ ਅਤੇ ਉਸਦਾ ਨੰਬਰ ਭੇਜਿਆ। ਥੋੜ੍ਹੀ ਦੇਰ ਬਾਅਦ, ਇੱਕ ਹੋਰ ਨੰਬਰ ਤੋਂ ਇੱਕ ਫੋਨ ਆਇਆ, ਜਿਸ ਵਿੱਚ ਉਹ ਇੱਕ ਬੈਂਕ ਅਧਿਕਾਰੀ ਹੋਣ ਦਾ ਦਾਅਵਾ ਕਰ ਰਿਹਾ ਸੀ, ਜਿਸਨੇ ਕਿਹਾ ਕਿ ਕੈਨੇਡਾ ਤੋਂ ਪੈਸੇ 24 ਘੰਟਿਆਂ ਦੇ ਅੰਦਰ ਖਾਤੇ ਵਿੱਚ ਪ੍ਰਤੀਬਿੰਬਤ ਹੋਣਗੇ।

ਸ਼ਿਕਾਇਤਕਰਤਾ ਪੂਰੀ ਤਰ੍ਹਾਂ ਗੁੰਮਰਾਹ ਹੋ ਗਿਆ। ਤੀਜਾ ਫੋਨ ਹਰਜੀਤ ਸਿੰਘ ਨਾਮ ਦੇ ਇੱਕ ਵਿਅਕਤੀ ਵੱਲੋਂ ਆਇਆ, ਜਿਸਨੇ ਆਪਣੀ ਪਛਾਣ ਸੌਰਭ ਦੇ ਦੋਸਤ ਵਜੋਂ ਦੱਸੀ ਅਤੇ ਕਿਹਾ ਕਿ ਉਸਦੀ ਪਤਨੀ ਦਿੱਲੀ ਵਿੱਚ ਹਸਪਤਾਲ ਵਿੱਚ ਹੈ ਅਤੇ ਉਸਨੂੰ ਤੁਰੰਤ ਪੈਸੇ ਦੀ ਲੋੜ ਹੈ। ਉਸਨੇ ਆਪਣਾ ਬੈਂਕ ਖਾਤਾ ਨੰਬਰ ਭੇਜਿਆ ਅਤੇ ?280,000 ਟ੍ਰਾਂਸਫਰ ਕਰਨ ਲਈ ਕਿਹਾ। ਸ਼ਿਕਾਇਤਕਰਤਾ 'ਤੇ ਭਰੋਸਾ ਕਰਦੇ ਹੋਏ, ਉਸਨੇ ਆਪਣੇ ਖਾਤੇ ਤੋਂ ਰਕਮ ਦੋਸ਼ੀ ਦੇ ਖਾਤੇ ਵਿੱਚ ਟ੍ਰਾਂਸਫਰ ਕਰ ਦਿੱਤੀ। ਫਿਰ ਦੋਸ਼ੀ ਨੇ ਹੋਰ ?100,000 ਦੀ ਮੰਗ ਕੀਤੀ ਅਤੇ ਜਦੋਂ ਉਸਨੇ ਇਨਕਾਰ ਕਰ ਦਿੱਤਾ ਤਾਂ ਉਹ ਦੁਰਵਿਵਹਾਰ ਕਰਨ ਲੱਗ ਪਿਆ।

ਸ਼ਿਕਾਇਤਕਰਤਾ ਨੂੰ ਤੁਰੰਤ ਸ਼ੱਕ ਹੋਇਆ ਕਿ ਉਸ ਨਾਲ ਧੋਖਾਧੜੀ ਹੋਈ ਹੈ। ਸਾਈਬਰ ਕ੍ਰਾਈਮ ਪੁਲਿਸ ਸਟੇਸ਼ਨ ਵਿੱਚ ਕੇਸ ਦਰਜ ਕੀਤਾ ਗਿਆ। ਗ੍ਰਿਫਤਾਰ ਦੋਸ਼ੀ ਦੀਪਕ ਨੇ ਸਾਈਬਰ ਧੋਖਾਧੜੀ ਕਰਨ ਵਾਲਿਆਂ ਨੂੰ ਕਮਿਸ਼ਨ 'ਤੇ ਇੱਕ ਬੈਂਕ ਖਾਤਾ ਪ੍ਰਦਾਨ ਕੀਤਾ ਸੀ।

# ਵਿਦਿਆਰਥੀਆਂ ਵਿੱਚ ਮੁੱਢਲੀ ਸਾਖਰਤਾ ਅਤੇ ਅੰਕੜਾ ਹੁਨਰ ਵਿਕਸਤ ਕਰਨਾ ਵਿਭਾਗ ਦਾ ਮੁੱਖ ਟੀਚਾ ਹੈ: ਡਿਪਟੀ ਸਿੱਖਿਆ ਅਧਿਕਾਰੀ ਰਾਮ ਰਤਨ



ਹਿਸਾਰ, 12 ਅਪ੍ਰੈਲ (ਪ੍ਰਤੀਨਿਧੀ) : ਜ਼ਿਲ੍ਹਾ ਐਲੀਮੈਂਟਰੀ ਸਿੱਖਿਆ ਅਧਿਕਾਰੀ ਰਾਮ ਰਤਨ ਨੇ ਕਿਹਾ ਕਿ ਸਰਕਾਰੀ ਸਕੂਲਾਂ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਦੀਆਂ ਮਾਵਾਂ ਨੂੰ ਉਨ੍ਹਾਂ ਦੀ ਯੋਗਤਾ ਅਨੁਸਾਰ ਲਾਡੋ ਲਕਸ਼ਮੀ ਯੋਜਨਾ ਵਿੱਚ ਸ਼ਾਮਲ ਕੀਤਾ ਜਾਵੇਗਾ ਅਤੇ ਉਹ ਇਸ ਤੋਂ ਲਾਭ ਪ੍ਰਾਪਤ ਕਰਨਗੀਆਂ। ਇਹ ਯੋਜਨਾ ਮਹਿਲਾ ਸਸ਼ਕਤੀਕਰਨ ਅਤੇ ਪਰਿਵਾਰਾਂ ਦੀ ਆਰਥਿਕ ਸਥਿਤੀ ਨੂੰ ਮਜ਼ਬੂਤ ??ਕਰਨ ਵੱਲ ਇੱਕ ਮਹੱਤਵਪੂਰਨ ਕਦਮ ਹੈ। ਉਨ੍ਹਾਂ ਨੇ ਇਹ ਜਾਣਕਾਰੀ ਹਿਸਾਰ ਫਸਟ ਬਲਾਕ ਦਫ਼ਤਰ ਵਿਖੇ ਹੋਈ ਬੀਪੀਊ ਮੀਟਿੰਗ ਦੌਰਾਨ ਦਿੱਤੀ। ਜ਼ਿਲ੍ਹਾ ਐਲੀਮੈਂਟਰੀ ਸਿੱਖਿਆ ਅਧਿਕਾਰੀ ਨੇ ਕਿਹਾ ਕਿ ਬੱਚਿਆਂ ਵਿੱਚ ਮੁੱਢਲੀ ਸਾਖਰਤਾ ਅਤੇ ਅੰਕੜਾ ਹੁਨਰ (ਐਫਐਲਐਨ) ਵਿਕਸਤ ਕਰਨਾ ਵਿਭਾਗ ਦਾ ਮੁੱਖ ਟੀਚਾ ਹੈ। ਉਨ੍ਹਾਂ ਨੇ ਨਿਰਦੇਸ਼ ਦਿੱਤੇ ਕਿ ਖੇਤਰ ਵਿੱਚ ਪ੍ਰਵਾਨਿਤ ਸਾਰੇ ਵਿਦਿਅਕ ਪ੍ਰੋਜੈਕਟ ਉੱਚ ਗੁਣਵੱਤਾ ਦੇ ਨਾਲ ਨਿਰਧਾਰਤ ਸਮਾਂ ਸੀਮਾ ਦੇ ਅੰਦਰ ਪੂਰੇ ਕੀਤੇ ਜਾਣ। ਮੀਟਿੰਗ ਵਿੱਚ, ਐਫਐਲਐਨ ਲਈ ਜ਼ਿਲ੍ਹਾ ਨੋਡਲ ਅਧਿਕਾਰੀ ਪ੍ਰਮੋਦ ਕੁਮਾਰ ਨੇ ਅਧਿਆਪਕਾਂ ਨੂੰ ਵੱਖ-ਵੱਖ ਦਿਸ਼ਾ-ਨਿਰਦੇਸ਼ ਪ੍ਰਦਾਨ ਕੀਤੇ। ਬਲਾਕ ਐਫਐਲਐਨ ਨੋਡਲ ਅਧਿਕਾਰੀ ਸੰਤੋਸ਼ ਨੇ ਕਿਹਾ ਕਿ ਨਵੇਂ ਅਕਾਦਮਿਕ ਸੈਸ਼ਨ ਦੀ ਕਾਰਜ ਯੋਜਨਾ, ਨਿਯਮਤ ਨਿਗਰਾਨੀ, ਕਾਉਂਸਲਿੰਗ ਦੌਰੇ ਅਤੇ ਬੱਚਿਆਂ ਵਿੱਚ ਮੁੱਢਲੀ ਸਾਖਰਤਾ ਅਤੇ ਅੰਕੜਾ ਹੁਨਰ ਵਿਕਸਤ ਕਰਨ ਲਈ ਪ੍ਰਾਪਤੀ ਟੀਚਿਆਂ ਨੂੰ ਪ੍ਰਾਪਤ ਕਰਨ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ। ਉਨ੍ਹਾਂ ਨੇ ਵਿਆਪਕ ਪ੍ਰਗਤੀ ਕਾਰਡ (HPC) ਰਾਹੀਂ ਵਿਦਿਆਰਥੀਆਂ ਦੀ ਅਕਾਦਮਿਕ ਪ੍ਰਗਤੀ ਦਾ ਮੁਲਾਂਕਣ ਕਰਨ ਦੀ ਜ਼ਰੂਰਤ 'ਤੇ ਵੀ ਜ਼ੋਰ ਦਿੱਤਾ।

ਮੀਟਿੰਗ ਦੌਰਾਨ, ਲਾਡੋ ਲਕਸ਼ਮੀ ਯੋਜਨਾ, FLN ਮੁਲਾਂਕਣ, ਵਧੀਆ ਅਧਿਆਪਨ ਅਭਿਆਸਾਂ ਦੀ ਵੰਡ, ਅਤੇ ਉੱਚ ਪ੍ਰਭਾਵ ਅਧਿਆਪਨ ਰਣਨੀਤੀ (HITS) ਪ੍ਰੋਗਰਾਮ ਦੀ ਪ੍ਰਗਤੀ ਦੀ ਵੀ ਵਿਸਥਾਰ ਨਾਲ ਸਮੀਖਿਆ ਕੀਤੀ ਗਈ। ਅਧਿਕਾਰੀਆਂ ਨੇ ਅਧਿਆਪਕਾਂ ਨੂੰ ਨਵੀਨਤਾਕਾਰੀ ਅਧਿਆਪਨ ਵਿਧੀਆਂ ਅਪਣਾ ਕੇ ਵਿਦਿਆਰਥੀਆਂ ਦੀ ਸਿੱਖਿਆ ਵਿੱਚ ਸੁਧਾਰ ਕਰਨ ਦੀ ਅਪੀਲ ਕੀਤੀ। ਪ੍ਰੋਗਰਾਮ ਦੇ ਅੰਤ ਵਿੱਚ, 25® ਅਜੈ ਕੁਮਾਰ ਨੇ ਸਾਰੇ ਭਾਗੀਦਾਰਾਂ ਨੂੰ FLN ਪ੍ਰੋਗਰਾਮ ਨੂੰ ਸਫਲ ਬਣਾਉਣ ਲਈ ਉਤਸ਼ਾਹਿਤ ਕੀਤਾ ਅਤੇ ਵਿਦਿਆਰਥੀਆਂ ਦੇ ਅਕਾਦਮਿਕ ਪ੍ਰਦਰਸ਼ਨ ਨੂੰ ਨਿਰੰਤਰ ਬਿਹਤਰ ਬਣਾਉਣ ਲਈ ਸਮਰਪਿਤ ਯਤਨ ਕਰਨ ਦੀ ਅਪੀਲ ਕੀਤੀ। ਪ੍ਰੋਗਰਾਮ ਦੌਰਾਨ, ਸਰੋਤ ਕਿੱਟ ਵੀਡੀਓ ਮੁਕਾਬਲਾ, ਪ੍ਰਿੰਟ ਰਿਚ ਮੁਕਾਬਲਾ, ਅਤੇ ਟੌਪ ਮੈਟਰਜ਼ ਸ਼੍ਰੇਣੀ ਸਮੇਤ ਬਲਾਕ ਵਿੱਚ ਆਯੋਜਿਤ ਵੱਖ-ਵੱਖ ਮੁਕਾਬਲਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੇ ਅਧਿਆਪਕਾਂ ਅਤੇ ਸਲਾਹਕਾਰਾਂ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਵੱਖ-ਵੱਖ ਮੁਕਾਬਲਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੇ ਅਧਿਆਪਕਾਂ ਨੂੰ ਸਨਮਾਨਿਤ ਕੀਤਾ ਗਿਆ, ਜਿਨ੍ਹਾਂ ਵਿੱਚ ਉਰਮਿਲਾ, ਨਿਰਮਲਾ ਦੇਵੀ, ਸਤੀਸ਼ ਕੁਮਾਰ, ਸੰਤੋਸ਼, ਸੰਜੀਵ ਕੁਮਾਰੀ, ਮੀਨਾਕਸ਼ੀ, ਦੇਵੇਂਦਰ ਕੁਮਾਰ, ਪੁਨੀਤ, ਕਲਪਨਾ ਰਾਣੀ, ਸੁਮਨ ਯਾਦਵ, ਕ੍ਰਿਸ਼ਨਾ ਕੁਮਾਰ, ਹੇਮਲਤਾ, ਮੰਜੂ ਬਾਲਾ, ਰਚਨਾ, ਕਵਿਤਾ ਰਾਣੀ, ਸ਼ਾਰਦਾ, ਪੂਨਮ, ਰੋਹਤਾਸ, ਰਣਜੀਤ ਸਿੰਘ, ਵਿਨੋਦ ਕੁਮਾਰ ਅਤੇ ਹੋਰ ਬਹੁਤ ਸਾਰੇ ਅਧਿਆਪਕ ਸ਼ਾਮਲ ਸਨ। FLN ਪ੍ਰਤੀਨਿਧੀ ਸੁਮਿਤ ਕੁਮਾਰ, ਸੰਪਰਕ ਫਾਊਂਡੇਸ਼ਨ ਤੋਂ ਕੇਸ਼ਵ ਵਿਸ਼ਵਕਰਮਾ, BRP ਇੰਗਲਿਸ਼ ਨੀਲਮ, BRP ਕਮਲੇਸ਼, ਮੁਕੇਸ਼ ਕੁਮਾਰ, ਰਾਹੁਲ, ਸੁਮਿਤਾ, ਪ੍ਰਿਯੰਕਾ, ਸਵਿਤਾ, ਮੁੰਨੀ, ਕੰਚਨ ਜੈਨ, ਮੋਨੂ, ਬਲਾਕ ਦੇ ਸਾਰੇ ਕਲੱਸਟਰ ਮੁਖੀ, BRP ਅਤੇ ABRC ਦੇ ਨਾਲ-ਨਾਲ ਸਿੱਖਿਆ ਵਿਭਾਗ ਨਾਲ ਜੁੜੇ ਕਈ ਅਧਿਕਾਰੀ ਅਤੇ ਅਧਿਆਪਕ ਮੀਟਿੰਗ ਵਿੱਚ ਮੌਜੂਦ ਸਨ।

## ਰਾਏਪੁਰ ਰਾਣੀ ਟੀਬੀ ਦੇ ਖਾਤਮੇ ਵੱਲ ਵਧ ਰਹੀ ਹੈ: 50 ਮਰੀਜ਼ਾਂ ਨੂੰ ਪੋਸ਼ਣ ਸਹਾਇਤਾ ਪ੍ਰਾਪਤ ਹੋਈ



ਰਾਏਪੁਰ ਰਾਣੀ, 12 ਅਪ੍ਰੈਲ (ਪ੍ਰਤੀਨਿਧੀ): ਰਾਏਪੁਰ ਰਾਣੀ ਖੇਤਰ ਵਿੱਚ ਟੀਬੀ-ਮੁਕਤ ਭਾਰਤ ਮੁਹਿੰਮ ਨੂੰ ਤੇਜ਼ ਕਰਨ ਲਈ ਇੱਕ ਸ਼ਲਾਘਾਯੋਗ ਪਹਿਲਕਦਮੀ ਕੀਤੀ ਗਈ ਹੈ। ਕਮਿਊਨਿਟੀ ਹੈਲਥ ਸੈਂਟਰ, ਰਾਏਪੁਰ ਰਾਣੀ ਦੇ ਸੀਨੀਅਰ ਮੈਡੀਕਲ ਅਫਸਰ ਡਾ. ਸੰਜੀਵ ਗੋਇਲ ਨੇ ਦੱਸਿਆ ਕਿ ਪ੍ਰਾਇਮਰੀ ਹੈਲਥ ਸੈਂਟਰ ਕੋਟ ਵਿਖੇ ਇਲਾਜ ਅਧੀਨ ਲਗਭਗ 50 ਟੀਬੀ ਮਰੀਜ਼ਾਂ ਨੂੰ ਰੰਗੋਲੀ ਟੈਕ ਟਰੇਡਰਜ਼ ਪ੍ਰਾਈਵੇਟ ਲਿਮਟਿਡ ਦੁਆਰਾ ਅਪਣਾਇਆ ਗਿਆ ਹੈ। ਸੰਸਥਾ ਨੇ ਨਿਕਸ਼ੇ ਮਿੱਤਰ ਬਣ ਕੇ ਮਰੀਜ਼ਾਂ ਨੂੰ ਪੋਸ਼ਣ ਸਹਾਇਤਾ ਪ੍ਰਦਾਨ ਕਰਨ ਦੀ ਜ਼ਿੰਮੇਵਾਰੀ ਲਈ ਹੈ। ਇਸ ਸਬੰਧ ਵਿੱਚ, ਸਾਰੇ ਮਰੀਜ਼ਾਂ ਨੂੰ ਪ੍ਰਾਇਮਰੀ ਹੈਲਥ ਸੈਂਟਰ, ਕੋਟ ਵਿੱਚ ਬੁਲਾਇਆ ਗਿਆ ਸੀ ਅਤੇ ਪੋਸ਼ਣ ਕਿੱਟਾਂ ਵੰਡੀਆਂ ਗਈਆਂ ਸਨ।

# ਪਿੰਡ ਸ਼ਾਮਗੜ੍ਹ ਵਿੱਚ 22 ਲੱਖ ਰੁਪਏ ਦੀ ਲਾਗਤ ਨਾਲ ਬਣੇ ਸੈਣੀ ਚੌਪਾਲ ਦਾ ਉਦਘਾਟਨ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਵਿਕਰਮ ਰਾਣਾ ਨੇ ਕੀਤਾ

➢ ਮਹਾਤਮਾ ਫੂਲੇ ਦੇ ਜਨਮ ਦਿਹਾੜੇ ਮੌਕੇ ਪਤਵੰਤਿਆਂ ਨੇ ਸ਼ਿਰਕਤ ਕੀਤੀ, ਸਰਪੰਚ ਗੁਲ ਢਿੱਲੋਂ ਨੇ ਧੰਨਵਾਦ ਪ੍ਰਗਟਾਇਆ



ਤਾਰਾਵੜੀ, 12 ਅਪ੍ਰੈਲ (ਪ੍ਰਤੀਨਿਧੀ) : ਪਿੰਡ ਸ਼ਾਮਗੜ੍ਹ ਵਿੱਚ ਮਹਾਤਮਾ ਜੋਤੀਬਾ ਫੂਲੇ ਦੇ ਜਨਮ ਦਿਵਸ ਮੌਕੇ ਇੱਕ ਸ਼ਾਨਦਾਰ ਸਮਾਰੋਹ ਦਾ ਆਯੋਜਨ ਕੀਤਾ ਗਿਆ। ਇਸ ਸਮਾਰੋਹ ਦੀ ਪ੍ਰਧਾਨਗੀ ਸੈਣੀ ਭਾਈਚਾਰੇ ਦੇ ਮੁਖੀ ਹਰੀਚੰਦ ਸੈਣੀ ਨੇ ਕੀਤੀ। ਜ਼ਿਲ੍ਹਾ ਪ੍ਰੀਸ਼ਦ ਦੇ ਚੇਅਰਮੈਨ ਨੁਮਾਇੰਦੇ ਸੋਹਣ ਸਿੰਘ ਰਾਣਾ ਅਤੇ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਵਿਕਰਮ ਰਾਣਾ ਮੁੱਖ ਮਹਿਮਾਨ ਵਜੋਂ ਮੌਜੂਦ ਸਨ, ਜਦੋਂ ਕਿ ਪਿੰਡ ਦੇ ਸਰਪੰਚ ਗੁਲ ਢਿੱਲੋਂ ਵਿਸ਼ੇਸ਼ ਮਹਿਮਾਨ ਸਨ। ਸਮਾਰੋਹ ਦੀ ਸ਼ੁਰੂਆਤ ਮਹਾਤਮਾ ਜੋਤੀਬਾ ਫੂਲੇ ਦੀ ਤਸਵੀਰ 'ਤੇ ਫੁੱਲ ਮਾਲਾਵਾਂ ਚੜ੍ਹਾਉਣ ਅਤੇ ਉਨ੍ਹਾਂ ਦੇ ਆਦਰਸ਼ਾਂ 'ਤੇ ਚੱਲਣ ਦੀ ਸਹੁੰ ਚੁੱਕਣ ਨਾਲ ਹੋਈ। ਸਮਾਰੋਹ ਦੌਰਾਨ ਪਿੰਡ ਸ਼ਾਮਗੜ੍ਹ ਵਿੱਚ ਨਵੀਂ ਬਣੀ ਸੈਣੀ ਚੌਪਾਲ ਦਾ ਵੀ ਉਦਘਾਟਨ ਕੀਤਾ ਗਿਆ। ਇਹ ਚੌਪਾਲ ਵਾਰਡ ਨੰਬਰ 6 ਅਧੀਨ ਜ਼ਿਲ੍ਹਾ ਪ੍ਰੀਸ਼ਦ ਤੋਂ 22 ਲੱਖ ਰੁਪਏ ਦੀ ਗ੍ਰਾਂਟ ਨਾਲ ਬਣਾਇਆ ਗਿਆ ਸੀ। ਇਸਦਾ ਉਦਘਾਟਨ ਸੋਹਣ ਸਿੰਘ ਰਾਣਾ ਅਤੇ ਵਿਕਰਮ ਰਾਣਾ ਨੇ ਕੀਤਾ। ਇਸ ਮੌਕੇ ਵਿਕਰਮ ਰਾਣਾ ਨੇ ਕਿਹਾ ਕਿ ਪਿੰਡ ਸ਼ਾਮਗੜ੍ਹ ਵਿੱਚ ਲਗਭਗ 1.25 ਕਰੋੜ ਰੁਪਏ ਦੇ ਵਿਕਾਸ ਕਾਰਜ ਪਹਿਲਾਂ ਹੀ ਕੀਤੇ ਜਾ ਚੁੱਕੇ ਹਨ ਅਤੇ ਭਵਿੱਖ ਵਿੱਚ ਵੀ ਵਿਕਾਸ ਕਾਰਜਾਂ ਦੀ ਗਤੀ ਜਾਰੀ ਰਹੇਗੀ। ਉਨ੍ਹਾਂ ਭਰੋਸਾ ਦਿੱਤਾ ਕਿ ਉਨ੍ਹਾਂ ਦੇ ਵਾਰਡ ਵਿੱਚ ਕਿਸੇ ਵੀ ਤਰ੍ਹਾਂ ਦੀ ਕੋਈ ਸਮੱਸਿਆ ਨਹੀਂ ਆਉਣ ਦਿੱਤੀ ਜਾਵੇਗੀ। ਸਰਪੰਚ ਗੁਲ ਢਿੱਲੋਂ ਨੇ ਕਿਹਾ ਕਿ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਦੇ ਸਹਿਯੋਗ ਨਾਲ ਪਿੰਡ ਵਿੱਚ ਜਿੰਮ, ਲਾਇਬ੍ਰੇਰੀ, ਚੌਪਾਲ ਸਮੇਤ ਕਈ ਬੁਨਿਆਦੀ ਸਹੂਲਤਾਂ ਉਪਲਬਧ ਕਰਵਾਈਆਂ ਗਈਆਂ ਹਨ, ਜਿਸ ਦਾ ਪਿੰਡ ਵਾਸੀਆਂ ਨੂੰ ਲਾਭ ਹੋ ਰਿਹਾ ਹੈ। ਪ੍ਰੋਗਰਾਮ ਦੌਰਾਨ ਸੈਣੀ ਭਾਈਚਾਰੇ ਦੇ ਨੁਮਾਇੰਦਿਆਂ ਨੇ ਵਿਕਰਮ ਰਾਣਾ ਦਾ ਧੰਨਵਾਦ ਕੀਤਾ। ਇਸ ਮੌਕੇ ਸਾਬਕਾ ਸਰਪੰਚ ਬਾਲਕਿਸ਼ਨ, ਅਸ਼ੋਕ ਰਾਣਾ, ਸੈਣੀ ਸਮਾਜ ਦੇ ਸਕੱਤਰ ਪਾਲਾ ਰਾਮ ਸੈਣੀ, ਭਾਨਾ ਰਾਮ ਸੈਣੀ, ਬੀਟਾ ਰਾਮ ਸੈਣੀ, ਰਾਜੇਸ਼, ਜੋਗਿੰਦਰ ਸੈਣੀ, ਧਰਮਵੀਰ ਸੈਣੀ, ਸੁਰੇਂਦਰ ਸੈਣੀ, ਜਗਦੀਸ਼ ਸੈਣੀ, ਬ੍ਰਿਜਪਾਲ ਸੈਣੀ, ਰਾਜਕੁਮਾਰ, ਬਲਵੰਤ ਸੈਣੀ, ਜੈਸਿੰਘ, ਦੀਪਚੰਦ, ਰਾਜਪਾਲ ਸੈਣੀ, ਸੋਨੀਆ ਸੈਣੀ, ਸਵਿਤਾ ਸੈਣੀ, ਪ੍ਰੇਮੋ ਸੈਣੀ, ਕਮਲਾ ਸੈਣੀ, ਅਨੀਤਾ ਰਾਣਾ, ਸਾਵਿਤਰੀ ਸੈਣੀ ਸਮੇਤ ਕਈ ਪਤਵੰਤੇ ਮੌਜੂਦ ਸਨ।

## ਨਰਵਾਣਾ ਦੀ ਧੀ ਨੇ ਰਾਸ਼ਟਰੀ ਪੱਧਰ 'ਤੇ ਚਮਕਾਇਆ: ਰੂਬਲ ਨੇ ਤੀਜਾ ਸਥਾਨ ਪ੍ਰਾਪਤ ਕੀਤਾ



ਨਰਵਾਣਾ, 12 ਅਪ੍ਰੈਲ (ਪ੍ਰਤੀਨਿਧੀ) : ਰਾਜੀਵ ਗਾਂਧੀ ਸਨਾਤਨ ਧਰਮ ਸਹਿ-ਸਿੱਖਿਆ ਕਾਲਜ, ਨਰਵਾਣਾ ਦੀ ਇੱਕ ਵਿਦਿਆਰਥਣ ਨੇ ਇੱਕ ਵਾਰ ਫਿਰ ਰਾਸ਼ਟਰੀ ਪੱਧਰ 'ਤੇ ਇਸ ਖੇਤਰ ਦਾ ਨਾਮ ਰੌਸ਼ਨ ਕੀਤਾ ਹੈ। ਬੀਏ ਦੇ ਪਹਿਲੇ ਸਾਲ ਦੇ ਪ੍ਰਤਿਭਾਸ਼ਾਲੀ ਵਿਦਿਆਰਥੀ ਪ੍ਰਦੀਪ ਦੀ ਧੀ ਰੂਬਲ ਨੇ ਰਾਸ਼ਟਰੀ ਪੱਧਰ ਦੇ ਔਨਲਾਈਨ ਮੁਕਾਬਲੇ ਵਿੱਚ ਤੀਜਾ ਸਥਾਨ ਪ੍ਰਾਪਤ ਕਰਕੇ ਇੱਕ ਸ਼ਾਨਦਾਰ ਪ੍ਰਾਪਤੀ ਹਾਸਲ ਕੀਤੀ। ਇਹ ਮੁਕਾਬਲਾ ਜੀਂਦ ਦੇ ਹਿੰਦੂ ਕੰਨਿਆ ਮਹਾਵਿਦਿਆਲਿਆ ਦੇ ਅੰਗਰੇਜ਼ੀ ਵਿਭਾਗ ਦੁਆਰਾ ਆਯੋਜਿਤ ਕੀਤਾ ਗਿਆ ਸੀ ਅਤੇ ਦੇਸ਼ ਭਰ ਦੇ ਵੱਖ-ਵੱਖ ਕਾਲਜਾਂ ਦੇ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਹਿੱਸਾ ਲਿਆ।

ਇਹ ਸਮਾਗਮ ਸਰੋਜਨੀ ਨਾਇਡੂ ਦੀ ਜਨਮ ਵਰ੍ਹੇਗੰਢ ਅਤੇ ਅੰਤਰਰਾਸ਼ਟਰੀ ਮਹਿਲਾ ਦਿਵਸ ਦੀ ਯਾਦ ਵਿੱਚ ਆਯੋਜਿਤ ਕੀਤਾ ਗਿਆ ਸੀ। ਮੁਕਾਬਲੇ ਦੇ ਨਤੀਜੇ 10 ਅਪ੍ਰੈਲ, 2026 ਨੂੰ ਘੋਸ਼ਿਤ ਕੀਤੇ ਗਏ ਸਨ। ਇਸ ਸ਼ਾਨਦਾਰ ਪ੍ਰਾਪਤੀ 'ਤੇ ਕਾਲਜ ਖੁਸ਼ੀ ਨਾਲ ਭਰਿਆ ਹੋਇਆ ਹੈ। ਕਾਲਜ ਪ੍ਰਿੰਸੀਪਲ ਡਾ. ਬਬੀਤਾ ਗਰਗ ਨੇ ਵਿਦਿਆਰਥਣ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਅੱਜ ਦੀਆਂ ਵਿਦਿਆਰਥਣਾਂ ਵਿੱਚ ਅਥਾਹ ਸਮਰੱਥਾ ਹੈ ਅਤੇ ਸਹੀ ਦਿਸ਼ਾ ਅਤੇ ਮੌਕੇ ਦਿੱਤੇ ਜਾਣ 'ਤੇ ਉਹ ਮਹਾਨ ਚੀਜ਼ਾਂ ਪ੍ਰਾਪਤ ਕਰ ਸਕਦੀਆਂ ਹਨ। ਉਨ੍ਹਾਂ ਅੱਗੇ ਕਿਹਾ ਕਿ ਅਜਿਹੇ ਮੁਕਾਬਲੇ ਨਾ ਸਿਰਫ਼ ਵਿਦਿਆਰਥੀਆਂ ਦੇ ਆਤਮਵਿਸ਼ਵਾਸ ਨੂੰ ਵਧਾਉਂਦੇ ਹਨ ਸਗੋਂ ਉਨ੍ਹਾਂ ਦੀਆਂ ਰਚਨਾਤਮਕ ਯੋਗਤਾਵਾਂ ਨੂੰ ਵੀ ਨਿਖਾਰਦੇ ਹਨ।

Printed, Published & Editied by Jaskirat Singh on behalf of Charhdikala Printing Press Pvt. Ltd. Patiala & Printed at I.G. Printers Press Pvt. Ltd., 104 D.S.I.D.C. Complex, Okhla Indl. Area, Phase-1, New Delhi Keeper Jagpal Singh Published at office of Daily Charhdikala 202, INS Bldg, Rafi Marg, New Delhi.
PRGI (RNI) Regd. No. 57283/1994 -Editor: Jaskirat Singh

ਜਸਕੀਰਤ ਸਿੰਘ ਐਡੀਟਰ, ਪ੍ਰਿੰਟਰ, ਪਬਲਿਸ਼ਰ ਨੇ ਰੋਜ਼ਾਨਾ ਚੜ੍ਹਦੀਕਲਾ, ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈਸ ਪ੍ਰਾਈਵੇਟ ਲਿਮਟਿਡ ਲਈ ਆਈ.ਜੀ. ਪ੍ਰਿੰਟਰਜ਼ ਪ੍ਰੈਸ ਪ੍ਰਾਈਵੇਟ ਲਿਮਟਿਡ 104, ਡੀ.ਐਸ.ਆਈ.ਡੀ.ਸੀ. ਕੰਪਲੈਕਸ, ਔਖਲਾ ਇੰਡਸਟ੍ਰੀਅਲ ਏਰੀਆ, ਫੇਜ਼-1, ਨਵੀਂ ਦਿੱਲੀ ਕੀਪਰ ਜਗਪਾਲ ਸਿੰਘ ਤੋਂ ਛਪਵਾ ਕੇ ਦਫ਼ਤਰ ਰੋਜ਼ਾਨਾ ਚੜ੍ਹਦੀਕਲਾ 202, ਆਈ.ਐਨ.ਐਸ. ਬਿਲਡਿੰਗ, ਰਫੀ ਮਾਰਗ, ਨਵੀਂ ਦਿੱਲੀ ਤੋਂ ਪ੍ਰਕਾਸ਼ਿਤ ਕੀਤਾ।
PRGI (RNI) Regd. No. 57283/1994 –ਸੰਪਾਦਕ: ਜਸਕੀਰਤ ਸਿੰਘ

# ਪ੍ਰਗਟ ਭਏ ਗੁਰੂ ਤੇਗ ਬਹਾਦਰ ਸਗਲ ਸ੍ਰਿਸਟ ਪੈ ਢਾਪੀ ਚਾਦਰ

**ਸ਼ਹਾਦਤ ਤਾਂ ਨੌਵੇਂ ਪਾਤਸ਼ਾਹ ਦੇ ਜੀਵਨ ਨਾਟਕ ਦਾ ਅੰਤਿਮ ਸੀਨ ਹੈ ਪਰ ਉਨ੍ਹਾਂ ਦਾ ਸਮੁੱਚਾ ਜੀਵਨ ਤੱਪ, ਤਿਆਗ, ਸੇਵਾ ਤੇ ਕੁਰਬਾਨੀ ਨਾਲ ਸਰਸ਼ਾਰ ਹੈ। ਗੁਰੂ ਪਾਤਸ਼ਾਹ ਵੱਲੋਂ ਉਚਾਰੀ ਰੱਬੀ ਬਾਣੀ (59 ਸ਼ਬਦ ਤੇ 57 ਸਲੋਕ) ਮਨੁੱਖੀ ਜੀਵਨ ਪ੍ਰਤੀ ਉਨ੍ਹਾਂ ਦੇ ਸਿਧਾਂਤ ਤੇ ਆਦਰਸ਼ ਨੂੰ ਰੂਪਮਾਨ ਕਰਦੇ ਹਨ। ਨੌਵੇਂ ਸਤਿਗੁਰ ਦੀ ਬਾਣੀ ਅਤੇ ਤੱਪ ਤਿਆਗ ਦੀ ਪੁੰਜ ਉਨ੍ਹਾਂ ਦੀ ਸ਼ਖ਼ਸੀਅਤ ਵਿੱਚ ਵੈਰਾਗ ਦਾ ਰੰਗ ਪ੍ਰਮੁੱਖ ਹੈ ਪਰ ਇਹ ਵੈਰਾਗ ਇਤਿਹਾਸ ਵਿੱਚ ਵਖਿਆਤ ਵੈਰਾਗ ਦੀਆਂ ਹੋਰ ਮਿਸਾਲਾਂ ਤੋਂ ਮੂਲੋਂ ਹੀ ਵੱਖਰਾ ਹੈ ਜੋ ਬੁਢਾਪੇ, ਬਿਮਾਰੀ ਤੇ ਮੌਤ ਤੋਂ ਡਰ ਕੇ ਜਾਂ ਆਪਣੇ ਕਿਸੇ ਨਜ਼ਦੀਕੀ ਸਬੰਧੀ, ਰਿਸ਼ਤੇਦਾਰ ਜਾਂ ਮਿੱਤਰ ਦੀ ਬੇਵਫਾਈ ਤੋਂ ਪੈਦਾ ਹੋਈ ਕਿਸੇ ਨਿਰਾਸ਼ਤਾ ਤੋਂ ਉਤਪੰਨ ਹੋਇਆ ਵੈਰਾਗ ਨਹੀਂ।**

ਵਿਸ਼ਵ ਦੇ ਇਤਿਹਾਸ ਵਿੱਚ ਉਨ੍ਹਾਂ ਮਹਾਨ ਵਿਅਕਤੀਆਂ ਦਾ ਜ਼ਿਕਰ ਮਨੁੱਖੀ ਸਮਾਜ ਨੂੰ ਹਮੇਸ਼ਾ ਪ੍ਰਭਾਵਤ ਕਰਦਾ ਪ੍ਰੇਰਨਾ ਦਾ ਸਰੋਤ ਰਿਹਾ ਹੈ ਜਿਹੜੇ ਆਪਣੇ ਵਿਸ਼ਵਾਸ, ਅਕੀਦੇ, ਇਬਾਦਤ ਅਤੇ ਆਸਥਾ ਲਈ ਸ਼ਹਾਦਤ ਪ੍ਰਾਪਤ ਕਰ ਗਏ। ਇਤਿਹਾਸ ਦੀਆਂ ਇਨ੍ਹਾਂ ਮਹਾਨ ਸ਼ਹਾਦਤਾਂ ਦੇ ਅਮਲ ਵਿੱਚ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਵਿਲੱਖਣ, ਅਦੁਤੀ ਅਤੇ ਲਾ-ਮਿਸਾਲ ਹੈ। ਇਸ ਸ਼ਹੀਦੀ ਸਾਕੇ ਦਾ ਸਰੂਪ, ਸਿਧਾਂਤ, ਰੂਪ, ਰਸ ਤੇ ਰੰਗ ਅਲੌਕਿਕ ਅਤੇ ਬੇਮਿਸਾਲ ਹੈ। ਸ਼ਹਾਦਤ ਤਾਂ ਨੌਵੇਂ ਪਾਤਸ਼ਾਹ ਦੇ ਜੀਵਨ ਨਾਟਕ ਦਾ ਅੰਤਿਮ ਸੀਨ ਹੈ ਪਰ ਉਨ੍ਹਾਂ ਦਾ ਸਮੁੱਚਾ ਜੀਵਨ ਤੱਪ, ਤਿਆਗ, ਸੇਵਾ ਤੇ ਕੁਰਬਾਨੀ ਨਾਲ ਸਰਸ਼ਾਰ ਹੈ। ਗੁਰੂ ਪਾਤਸ਼ਾਹ ਵੱਲੋਂ ਉਚਾਰੀ ਰੱਬੀ ਬਾਣੀ (59 ਸ਼ਬਦ ਤੇ 57 ਸਲੋਕ) ਮਨੁੱਖੀ ਜੀਵਨ ਪ੍ਰਤੀ ਉਨ੍ਹਾਂ ਦੇ ਸਿਧਾਂਤ ਤੇ ਆਦਰਸ਼ ਨੂੰ ਰੂਪਮਾਨ ਕਰਦੇ ਹਨ। ਨੌਵੇਂ ਸਤਿਗੁਰ ਦੀ ਬਾਣੀ ਅਤੇ ਤੱਪ ਤਿਆਗ ਦੀ ਪੁੰਜ ਉਨ੍ਹਾਂ ਦੀ ਸ਼ਖ਼ਸੀਅਤ ਵਿੱਚ ਵੈਰਾਗ ਦਾ ਰੰਗ ਪ੍ਰਮੁੱਖ ਹੈ ਪਰ ਇਹ ਵੈਰਾਗ ਇਤਿਹਾਸ ਵਿੱਚ ਵਖਿਆਤ ਵੈਰਾਗ ਦੀਆਂ ਹੋਰ ਮਿਸਾਲਾਂ ਤੋਂ ਮੂਲੋਂ ਹੀ ਵੱਖਰਾ ਹੈ ਜੋ ਬੁਢਾਪੇ, ਬਿਮਾਰੀ ਤੇ ਮੌਤ ਤੋਂ ਡਰ ਕੇ ਜਾਂ ਆਪਣੇ ਕਿਸੇ ਨਜ਼ਦੀਕੀ ਸਬੰਧੀ, ਰਿਸ਼ਤੇਦਾਰ ਜਾਂ ਮਿੱਤਰ ਦੀ ਬੇਵਫਾਈ ਤੋਂ ਪੈਦਾ ਹੋਈ ਕਿਸੇ ਨਿਰਾਸ਼ਤਾ ਤੋਂ ਉਤਪੰਨ ਹੋਇਆ ਵੈਰਾਗ ਨਹੀਂ। ਗੁਰੂ ਪਾਤਸ਼ਾਹ ਨੇ ਤਾਂ ਆਪਣੇ ਸ਼ਬਦਾਂ ਤੇ ਸਲੋਕਾਂ ਦੁਆਰਾ 'ਬਾਲ ਜੁਆਨੀ ਅਰੁ ਬਿਰਧਿ ਫੁਨਿ' ਦੀਆਂ ਤਿੰਨੇ ਅਵਸਥਾਵਾਂ ਦਾ ਸੰਸਾਰ ਮਾਰਗ ਦੇ ਥਿਰ ਨਾ ਰਹਿਣ ਦਾ, 'ਮਾਤ ਪਿਤਾ ਭਾਈ ਸੁਤ ਬੰਧਪ ਅਰ ਫੁਨਿ ਗ੍ਰਿਹ ਕੀ ਨਾਰਿ' ਦਾ 'ਜਗਤ ਮੈ ਝੂਠੀ ਦੇਖੀ ਪ੍ਰੀਤਿ' ਦਾ ਪਦਾਰਥਾਂ ਦੀ ਵਿਅਰਥਤਾ ਅਤੇ ਸੰਸਾਰ ਦੀ ਛਿਣ ਭੰਗਰਤਾ, ਨਾਸ਼ਮਾਨਤਾ ਦਾ ਦ੍ਰਿੜ ਨਿਸ਼ਚਾ ਕਰਵਾ ਮਨੁੱਖੀ ਮਨ ਤੋਂ ਮੌਤ ਦਾ ਡਰ ਦੂਰ ਕਰ ਇਨਸਾਨ ਨੂੰ ਨਿਰਭਉ, ਨਿਡਰ ਹੋ ਜਾਣ ਦੀ ਜੀਵਨ ਜਾਚ ਦੱਸੀ ਹੈ। ਸੰਸਾਰ, ਪਦਾਰਥ ਤੇ ਮਨੁੱਖ ਦੀ ਅਟੱਲ ਹੋਣੀ ਦੀ ਇਸ ਵਿਆਖਿਆ ਵਿੱਚ ਨਿਰਾਸ਼ਾ ਦਾ ਸੁਰ ਨਹੀਂ ਬਲਕਿ ਆਪ ਨੇ ਆਸ਼ਾ, ਵਿਸ਼ਵਾਸ ਤੇ ਸ਼ਕਤੀ ਦਾ ਸੰਚਾਰ ਕੀਤਾ। ਸਤਿਗੁਰ ਦਾ ਵੈਰਾਗ ਮਾਇਆ, ਮਮਤਾ ਮੋਹਣੀ ਦੀ ਪਕੜ ਢਿੱਲੀ ਕਰਨ ਵਾਲਾ ਹੈ, ਜੀਵਨ ਤੇ ਸਮਾਜ ਪ੍ਰਤੀ ਉਦਾਸੀਨਤਾ ਅਤੇ ਬੇਰੁਖੀ ਦਾ ਨਹੀਂ। ਬਾਬਾ ਬਕਾਲਾ ਨਿਵਾਸ ਦੇ ਤਕਰੀਬਨ 26 ਵਰ੍ਹੇ ਗੁਰੂ ਪਾਤਸ਼ਾਹ ਨੇ ਅੰਤਰਮੁਖੀ ਵਿਚਾਰ, ਸ਼ਬਦ ਸੁਰਤ ਸਾਧਨਾ, ਸਿਮਰਨ, ਨਾਮ ਅਭਿਆਸ ਦੀ ਕਮਾਈ ਵਿੱਚ ਗੁਜ਼ਾਰੇ। ਇਸ ਸਮੇਂ ਦੌਰਾਨ ਪਰਵਾਰ ਉਨ੍ਹਾਂ ਦੇ ਨਾਲ ਰਿਹਾ। ਆਪ ਨੇ ਸੰਸਾਰ ਨਹੀਂ ਤਜਿਆ, ਮਾਇਆ ਮੋਹ ਤਿਆਗੀ। ਗ੍ਰਹਿਸਥ ਦੀਆਂ ਜ਼ਿੰਮੇਵਾਰੀਆਂ ਨਿਭਾਈਆਂ। ਰਾਖ ਦੀ ਵਿਭੂਤ ਨਹੀਂ ਲਗਾਈ, ਨਾਮ ਦੀ ਵਿਭੂਤ ਲਗਾਈ। ਉਨ੍ਹਾਂ ਨਾਮ ਸਿਮਰਨ ਦੀ ਅੰਟਕ ਸਮਾਧੀ ਲਗਾਈ। ਗੁਰਿਆਈ ਦੀ ਗੱਦੀ 'ਵਡ ਜੋਧਾ ਬਹੁ ਪਰਉਪਕਾਰੀ' ਪਿਤਾ ਗੁਰੂ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ (ਗੁਰੂ) ਹਰਿ ਰਾਇ ਜੀ ਨੂੰ ਬਖਸ਼ੀ। ਉਪ੍ਰੰਤ ਗੁਰੂ ਹਰਕ੍ਰਿਸ਼ਨ ਜੀ ਨੇ ਗੁਰਤਾ ਦੀ ਜ਼ਿੰਮੇਵਾਰੀ ਨਿਭਾਈ। ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੇ ਕਦੇ ਰੋਸ ਨਹੀਂ ਜਿਤਾਇਆ, ਕਦੀ ਗੁਰਤਾ ਗੱਦੀ ਦੀ ਲਾਲਸਾ ਨਹੀਂ ਦਿਖਾਈ। ਪਿਤਾ ਗੁਰੂ ਦੇ ਹੁਕਮ ਵਿੱਚ ਨਾਨਕੇ ਪਿੰਡ ਬਾਬਾ ਬਕਾਲਾ ਨਿਵਾਸ ਕੀਤਾ ਅਤੇ ਇਹ ਸਮਾਂ, ਆਉਣ ਵਾਲੇ ਬਿਖਮ ਹਾਲਾਤ ਦਾ ਮੁਕਾਬਲਾ ਕਰਨ ਲਈ, ਆਤਮਿਕ ਸ਼ਕਤੀ ਗ੍ਰਹਿਣ ਕਰਨ ਵਿੱਚ ਲਾਇਆ। ਜਦੋਂ ਗੁਰੂ ਹਰਿਕ੍ਰਿਸ਼ਨ ਸਾਹਿਬ ਨੇ ਦਿੱਲੀ ਨਿਵਾਸ (ਜਿਥੇ ਹੁਣ ਗੁਰਦੁਆਰਾ ਬੰਗਲਾ ਸਾਹਿਬ ਹੈ) ਦੌਰਾਨ ਬਾਦਸ਼ਾਹ ਔਰੰਗਜ਼ੇਬ ਨਾਲ ਨਾਮਿਵਰਤਨ ਕਰਦਿਆਂ ਹੋਇਆਂ ਦਰਸ਼ਨ ਦੇਣ ਅਤੇ ਕਰਨ ਤੋਂ ਇਨਕਾਰ ਕਰਕੇ ਪ੍ਰਾਣ ਤਿਆਗਣ ਤੋਂ ਪਹਿਲਾਂ 'ਹੋਰਿਉਂ ਗੰਗ ਵਹਾਉਦਿਆਂ' ਹੋਇਆਂ ਸੰਸਾਰਿਕ ਰੀਤ ਤੋਂ ਉਲਟ ਗੁਰਗੱਦੀ ਰਿਸ਼ਤੇ ਅਨੁਸਾਰ ਆਪਣੇ ਦਾਦਾ ਜੀ ਨੂੰ ਬਖਸ਼ੀ ਅਤੇ ਗੁਰਤਾ ਦੇ ਨਿਸ਼ਾਨ ਲੈ ਕੇ ਦੀਵਾਨ ਦਰਗਹ ਮੱਲ ਦਿੱਲੀ ਤੋਂ ਪੁੱਜਿਆ ਤਾਂ ਇਸ ਐਲਾਨ ਦੀ ਭਿਣਕ ਪਹਿਲਾਂ ਹੀ ਮਿਲਣ 'ਤੇ ਦੂਰ ਨੇੜੇ ਦੇ ਰਿਸ਼ਤੇਦਾਰ ਸੋਢੀ 22 ਮੰਜੀਆਂ ਡਾਹ ਕੇ ਗੁਰਤਾ ਦੇ ਨਕਲੀ ਦਾਅਵੇਦਾਰ ਬਣ ਬੈਠੇ ਸੀ ਪਰ ਤਿਆਗ ਦੀ ਮੂਰਤ ਗੁਰੂ ਤੇਗ਼ ਬਹਾਦਰ ਜੀ ਨੇ ਗੁਰਤਾ ਦਾ ਦਾਅਵਾ ਪ੍ਰਗਟ ਕਰਨ ਤੋਂ ਸਪਸ਼ਟ ਇਨਕਾਰ ਕਰ, ਕਿਸੇ ਕਿਸਮ ਦੇ ਲਾਲਚ, ਲਾਲਸਾ ਅਤੇ ਪਕੜ ਤੋਂ ਉਚੇਰਾ ਆਚਰਨ ਪ੍ਰਗਟਾਇਆ।

ਜਦ ਭਾਈ ਮੱਖਣ ਸ਼ਾਹ ਵਣਜਾਰਾ ਨੇ ਸਾਰੇ ਨਕਲੀ ਦਾਅਵੇਦਾਰਾਂ ਨੂੰ ਦੋ-ਦੋ ਮੁਹਰਾਂ ਦੇ ਲਾਲਚ ਵਿੱਚ ਫਸੇ, ਦੂਸਰਿਆਂ ਦੀ ਨਿੰਦ-ਬਖ਼ੀਲੀ ਕਰਦਿਆਂ ਤੱਕਿਆ ਅਤੇ ਗੁਰੂ ਤੇਗ ਬਹਾਦਰ ਜੀ ਦੀ ਅੰਤਰਯਾਤਮਾ ਤੋਂ ਗੁਰਤਾ ਪ੍ਰਤੱਖ ਦਿਸ ਆਈ ਤਾਂ 'ਗੁਰੂ ਲਾਧੋ ਰੇ' ਦਾ ਨਾਅਰਾ ਬੁਲੰਦ ਕਰ ਗੁਰਤਾ ਦਾ ਸੱਚ ਪ੍ਰਗਟ ਕਰ ਦਿਤਾ।

ਗੁੱਸੇ ਵਿੱਚ ਆਏ ਧੀਰਮੱਲ ਦੀ ਸਾਜ਼ਿਸ਼ ਅਨੁਸਾਰ ਸ਼ੀਹੇਂ ਮਸੰਦ ਨੇ ਹਮਲਾ ਕਰ ਜਦ ਗੋਲੀ ਚਲਾਈ, ਜਦੋਂ ਧੀਰ ਮੱਲ ਨੇ ਲੁੱਟਮਾਰ ਕੀਤੀ ਤਾਂ ਵੀ ਗੁਰੂ ਪਾਤਸ਼ਾਹ ਦੀ ਅਡੋਲਤਾ, ਉਨ੍ਹਾਂ ਦੀ ਸੂਚਕ ਸੀ। ਸ੍ਰੀ ਦਰਬਾਰ ਸਾਹਿਬ ਜੀ ਦੇ ਦਰਸ਼ਨ ਕਰਨ ਸ੍ਰੀ ਅੰਮ੍ਰਿਤਸਰ ਆਇਆਂ ਤੋਂ ਮਸੰਦਾ ਨੇ ਜਦ ਦਰਵਾਜ਼ੇ ਬੰਦ ਕਰ ਦਿੱਤੇ ਤਾਂ ਵੀ ਬਾਹਰ 'ਕੋਠਾ ਸਾਹਿਬ' ਬੈਠ ਕੇ ਬਿਨਾਂ ਕਬਜ਼ਾ ਜਾਂ ਪਕੜ ਦਿਖਾਏ ਵਾਪਸ ਆ ਗਏ। 'ਧਨੁ ਦਾਰਾ ਸੰਪਤਿ ਸਗਲ' ਪ੍ਰਤੀ ਉਨ੍ਹਾਂ ਦੀ ਉਦਾਸੀਨਤਾ ਅਤੇ ਤਿਆਗ ਸਪਸ਼ਟ ਦਿਸ ਆਉਂਦਾ ਹੈ, ਪਰ ਉਨ੍ਹਾਂ ਦੇ ਤਿਆਗ ਅਤੇ ਵੈਰਾਗ ਦੀ ਵਿਲੱਖਣਤਾ ਸਿਖਰ 'ਤੇ ਉਦੋਂ ਪ੍ਰਗਟ ਹੁੰਦੀ ਹੈ ਜਦ ਉਹ ਸੱਚ ਦੇ ਪ੍ਰਕਾਸ਼ ਲਈ, ਜ਼ੁਲਮ ਦੀ ਚੱਕੀ ਵਿੱਚ ਪਿਸ ਰਹੀ ਪਰਜਾ ਵਿੱਚ ਆਤਮਕ ਬਲ, ਸਵੈ ਵਿਸ਼ਵਾਸ ਦਾ ਸੰਚਾਰ ਕਰਨ ਲਈ ਅਤੇ ਦੇਸ਼ ਵਿੱਚ ਦੂਰ-ਦੂਰ ਤਕ ਫੈਲੀਆਂ ਗੁਰਸਿਖ ਸੰਗਤਾਂ ਦੀ ਮੁੜ ਸੰਭਾਲ ਕਰਦਿਆਂ ਹੋਇਆਂ ਨਾਮ ਬਾਣੀ ਦੀ ਦੌਲਤ ਵੰਡਦਿਆਂ, ਆਉਣ ਵਾਲੇ ਬਿਖਮ ਸਮਿਆਂ ਦੇ ਚੈਲੰਜ ਲਈ ਸੰਗਤਾਂ ਦੀ ਜਥੇਬੰਦਕ ਸ਼ਕਤੀ ਮਜ਼ਬੂਤ ਕਰਨ ਦੇ ਮਨੋਰਥ ਨਾਲ ਪ੍ਰਚਾਰ ਦੌਰੇ 'ਤੇ ਨਿਕਲੇ। ਬਾਬੇ ਬਕਾਲੇ ਦੀ ਇਕਾਂਤ ਸਮਾਧੀ ਵਿਚੋਂ ਨਿਕਲ ਸ਼ਬਦ ਉਚਾਰਿਆ:

ਅਬ ਮੈ ਕਉਨ ਉਪਾਉ ਕਰਉ ॥ਜਨਮੁ ਪਾਇ ਕਛੁ ਭਲੋ ਨ ਕੀਨੋ ਤਾ ਤੇ ਅਧਿਕ ਡਰਉ ।। ਪੰਨਾ- ॥685

ਗੁਰਮਤਿ ਸਿਧਾਂਤ ਸਪਸ਼ਟ ਹੋ ਗਿਆ ਕਿ ਆਤਮਕ ਬਲ ਲਈ ਨਾਮ ਸਿਮਰਨ ਆਵਸ਼ਕ ਹੈ ਪਰ ਆਤਮਕ ਸ਼ਕਤੀ ਦਾ ਪ੍ਰਯੋਗ ਆਪਣੀ ਹਉਮੈ ਦੇ ਪ੍ਰਗਟਾਵੇ ਲਈ, ਰਿੱਧਾਂ ਸਿੱਧਾਂ ਦੀ ਤਾਕਤ ਦਿਖਾਉਣ ਲਈ ਨਹੀਂ ਬਲਕਿ ਮਨੁੱਖੀ ਸਮਾਜ ਦੀ ਸੇਵ ਕਮਾਈ ਲਈ ਹੈ। ਲੋਕਾਂ ਵਿਚ ਆਤਮਕ ਬਲ ਦੇ ਸੰਚਾਰ ਲਈ ਗੁਰੂ ਪਾਤਸ਼ਾਹ ਨੇ ਇਲਾਹੀ ਸ਼ਬਦ, ਬਾਣੀ ਦੀ ਸ਼ਕਤੀ ਦਾ ਵਿਸ਼ੇਸ਼ ਕਰ ਚਾਰ-ਮੰਤਕੀ ਸਲੋਕਾਂ ਦਾ ਪ੍ਰਯੋਗ ਕੀਤਾ।

ਗੁਰੂ ਤੇਗ਼ ਬਹਾਦਰ ਜੀ ਦੀ ਵੈਰਾਗਮਈ ਬਾਣੀ 'ਗਿਆਨੀ' ਨੂੰ ਪਰਿਭਾਸ਼ਤ ਕਰਦੀ ਦਰਸਾਉਂਦੀ ਹੈ ਕਿ ਗਿਆਨੀ ਦਾ ਰੂਪ ਰੰਗ ਅਤੇ ਰਸ ਅਲੌਕਿਕ ਹੈ। ਇਸ ਵਿਚ ਵਿਦਰੋਹ ਤੇ ਬਗਾਵਤ ਹੈ:

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ ।। ਪੰਨਾ-1427

ਪਰ ਇਹ ਨਿੱਡਰਤਾ ਉਪਜਦੀ ਹੈ ਇਸ ਗਿਆਨ ਤੋਂ ਕਿ ਸੰਸਾਰ ਤੇ ਉਸ ਦੇ ਪਦਾਰਥ, ਪਦ-ਪਦਵੀ ਮਾਨ-ਅਪਮਾਨ ਸਦਾ ਨਹੀਂ ਰਹਿਣੇ। ਇਨ੍ਹਾਂ ਦਾ ਜਾਣਾ ਮਨੁਖ ਦੀ ਹੋਣੀ ਅਤੇ ਇਲਾਹੀ ਸਚ ਹੈ ਜਿਸ ਨੂੰ ਪ੍ਰਵਾਨ ਕਰ ਲੈਣ ਨਾਲ ਮਨੁਖ ਚਿੰਤਾ ਮੁਕਤ ਹੋ ਜਾਂਦਾ ਹੈ :

ਚਿੰਤਾ ਤਾ ਕੀ ਕੀਜੀਐ ਜੋ ਅਨਹੋਣੀ ਹੋਇ ॥ਇਹੁ ਮਾਰਗੁ ਸੰਸਾਰ ਕੋ ਨਾਨਕ ਥਿਰ ਨਹੀ ਕੋਇ ।। ਪੰਨਾ-1428

ਗਿਆਨਵਾਨ ਨਿਰਭੈ ਮਨੁਖ ਜਦੋਂ ਧਰਤੀ ਨੂੰ ਪਾਪ-ਗ੍ਰਸੀ, ਪਰਜਾ ਗਿਆਨ ਵਿਹੂਣੀ, ਮਜ਼ਬੀ ਪਾਖੰਡ ਦੇ ਮਕੜ-ਜਾਲ ਵਿਚ ਫਸੀ, ਸਮਾਜਿਕ ਅਸਮਾਨਤਾ ਦੇ ਵਖਰੇਵਿਆਂ ਉਲਝੀ ਅਤੇ ਰਾਜਸੀ ਜ਼ੁਲਮ ਦੀ ਪਰਾਧੀਨਤਾ ਦੀ ਚੱਕੀ ਵਿਚ ਪਿਸਦੀ ਹੋਈ ਦੇਖਦਾ ਹੈ ਤਾਂ ਉਹ ਆਪਣੀ ਸ਼ਖਸੀ ਤਾਕਤ ਨੂੰ ਜ਼ੁਲਮ, ਪਾਖੰਡ,ਅਧਰਮ ਤੇ ਪਾਪ ਦੀਆਂ ਤਾਕਤਾਂ ਦੇ ਮੈਚ ਦਾ ਨਹੀਂ ਸਮਝਦਾ ਤਾਂ ਨਿਰਾਸ਼ ਹੋ ਕੇ ਬਹਿ ਜਾਂਦਾ ਹੈ, ਬਲਕਿ ਉਸ 'ਸਰਬ ਸ਼ਕਤੀਮਾਨ ਅੱਗੇ,ਸ਼ਕਤੀ ਬਖਸ਼ਣ ਲਈ ਅਰਦਾਸ-ਬੇਨਤੀ ਕਰਦਾ ਹੈ:

ਬਲ ਛੁਟਕਿ ? ਬੰਧਨ ਪਰੇ ਕਛੂ ਨ ਹੋਤ ਉਪਾਇ ॥ਕਹੁ ਨਾਨਕ ਅਬ ਓਟ ਹਰਿ ਗਜ ਜਿਉਂ ਹੋਹੁ ਸਹਾਇ।। ਪੰਨਾ-1429

ਅਰਦਾਸ ਵਿਪਰੀਤ ਹਵਾਵਾਂ ਦੇ ਉਲਟ ਖੜ੍ਹਨ ਦੀ ਦਰਿਆਵਾਂ ਦਾ ਵਹਾਉ ਮੋੜਨ ਦੀ ਹਿੰਮਤ ਬਖਸ਼ਦੀ ਹੈ। 'ਸਿਰ ਧਰਿ ਤਲੀ ਗਲੀ ਮੇਰੀ ਆਉ' ਲਈ ਤਤਪਰ ਕਰਦੀ 'ਪਹਿਲਾ ਮਰਣੁ ਕਬੂਲਿ' ਦਾ ਸੱਚ ਗ੍ਰਹਿਣ ਕਰਾਉਂਦੀ 'ਸੰਤਾ ਮਾਨਉ ਦੂਤਾ ਡਾਨਉ' ਦੇ ਰੱਬੀ ਇਨਸਾਫ ਦੀ ਪ੍ਰਾਪਤੀ ਲਈ 'ਸੀਸ ਭੇਟ ਮਾਰਗ ਤੇ ਚੱਲਣ ਅਤੇ ਧਰਮ ਹੇਤ ਹੱਸ-ਹੱਸ ਸ਼ਹੀਦੀਆਂ ਪ੍ਰਾਪਤ ਕਰਨ ਦਾ ਮਾਰਗ ਰੁਸ਼ਨਾਉਣ ਲਈ ਆਤਮਿਕ ਬਲ ਦਾ ਸੰਚਾਰ ਕਰਦੀ ਹੈ, ਤਾਂ ਜੋ ਮਨੁੱਖ 'ਨਿਸ਼ਚੈ ਕਰਿ ਅਪੁਨੀ ਜੀਤ ਕਰੋਂ' ਦੇ ਦ੍ਰਿੜ ਵਿਸ਼ਵਾਸ ਨਾਲ ਪੁਰਜਾ ਪੁਰਜਾ ਕਟਿ ਮਰੈ' ਦੀ ਸੂਰਬੀਰਤਾ ਨਾਲ 'ਅਤਿ ਹੀ ਰਨ ਮੈ ਤਬ ਜੂਝ ਮਰੋਂ' ਦਾ ਸੱਚ ਦ੍ਰਿਸ਼ਟਮਾਨ ਕਰ ਸਕੇ। ਇਉਂ ਸਮੇਂ ਦੇ ਹੁਕਮਰਾਨ ਔਰੰਗਜ਼ੇਬ ਆਲਮਗੀਰ ਦੇ ਮਜ਼ਬੀ ਤੁਅੱਸਬ ਤੇ ਅਤਿਆਚਾਰ ਦੀ ਸਿਖਰ 'ਤੇ ਪਹੁੰਚ ਰਹੀ ਅੱਗ ਦਾ ਮੁਕਾਬਲਾ ਕਰਨ ਲਈ ਨਿਰਭੈ ਹੋਣ, ਚਿੰਤਾ ਛੱਡਣ, ਨਾਮ ਬਾਣੀ ਦੇ ਸਿਮਰਨ ਇਸ ਦੀ ਸਾਧਨਾ ਰਾਹੀਂ ਜੀਵਨ ਦਾ ਸੱਚ ਪਛਾਣਨ ਦੀ ਜੁਗਤ ਦਰਸਾਉਦਿਆਂ ਹੋਇਆਂ ਦੁਨਿਆਵੀ ਤੇ ਸ਼ਖ਼ਸੀ ਬੰਧਨ ਕੱਟਣ ਲਈ ਅਰਦਾਸ ਰਾਹੀਂ ਆਤਮਿਕ ਸ਼ਕਤੀ ਪ੍ਰਾਪਤ ਕਰਨ ਦਾ ਬਲ ਦੂਰ-ਨੇੜੇ ਦੀਆਂ ਸੰਗਤਾਂ ਨੂੰ ਦੱਸ ਰਾਜ ਦੀ ਤਾਕਤ ਦੇ ਮੁਕਾਬਲੇ ਧਰਮ ਦੀ ਸੰਗਤੀ ਸ਼ਕਤੀ ਨੂੰ ਜਥੇਬੰਦ ਕੀਤਾ। ਇਉਂ ਉਪਦੇਸ਼ ਕਰ ਸੰਗਤਾਂ ਵਿੱਚ ਸ਼ਕਤੀ ਦਾ ਸੰਚਾਰ ਕਰਦਿਆਂ ਹੋਇਆਂ ਗੁਰੂ ਸਾਹਿਬ ਕਰਮਭੂਮੀ ਪੰਜਾਬ ਆ ਪਹੁੰਚੇ, ਸਿੱਖੀ ਕਹਿਣੀ ਨਹੀਂ, ਕਰਮ ਪ੍ਰਧਾਨ ਹੈ। ਸਮੇਂ ਦੇ ਬਾਦਸ਼ਾਹ ਔਰੰਗਜ਼ੇਬ ਦੇ ਫਿਰਕਾਪ੍ਰਸਤੀ ਦੇ ਅਤੰਕੀ ਜ਼ੁਲਮ ਤੋਂ ਸਾਰੇ ਦੇਸ਼ ਵਿੱਚ ਡਰ-ਭੈ ਪਸਰ ਰਿਹਾ ਸੀ। ਹਿੰਦੂ ਮੰਦਰ, ਪਾਠਸ਼ਾਲਾਵਾਂ ਢਾਹੁਣ ਦਾ ਅਤੇ ਜਬਰੀ ਮਜ਼ਬ ਤਬਦੀਲੀ ਦਾ ਬਾਦਸ਼ਾਹੀ ਹੁਕਮ ਸੀ।

ਜਬਰੀ ਮਜ਼ਬ ਤਬਦੀਲੀ ਦੀ ਤਾਨਾਸ਼ਾਹੀ ਹੁਕਮ ਦੀ ਗਾਜ ਸਭ ਤੋਂ ਪਹਿਲਾਂ ਕਸ਼ਮੀਰੀ ਪੰਡਤਾਂ 'ਤੇ ਪਈ। ਆਪਣੇ ਬਚਾਅ ਲਈ ਹਰ ਪ੍ਰਕਾਰ ਦੀ ਪੂਜਾ ਅਰਚਨਾ, ਬੰਦਨਾਂ, ਯੱਗ ਤੇ ਹਵਨ ਆਦਿ ਕਰ ਨਿਰਾਸ਼ ਹੋਏ ਧਾਰਮਿਕ ਆਗੂਆਂ ਦੇ ਦਰਾਂ 'ਤੇ ਭਟਕਣ ਉਪ੍ਰੰਤ ਚੱਕ ਨਾਨਕੀ (ਜੋ ਹੁਣ ਵਿਸਤ੍ਰਿਤ ਰੂਪ 'ਚ ਸ੍ਰੀ ਅਨੰਦਪੁਰ ਸਾਹਿਬ ਦੇ ਨਾਂ ਨਾਲ ਵਿਸ਼ਵ ਪ੍ਰਸਿੱਧ ਹੈ) ਗੁਰੂ ਤੇਗ਼ ਬਹਾਦਰ ਸਾਹਿਬ ਨੂੰ ਗੁਰੂ ਨਾਨਕ ਦੀ ਨੌਂਵੀਂ ਜੋਤ ਦੇ ਸਰੂਪ ਸਮਝ ਗੁਰੂ ਦਰ 'ਤੇ ਹਾਜ਼ਰ ਹੋ, ਧਰਮ ਬਚਾਉਣ ਦੀ ਪੁਕਾਰ ਕੀਤੀ, 'ਬਾਂਹਿ ਅਸਾਡੀ ਪਕੜੀਐ, ਗੁਰੂ ਹਰਿਗੋਬਿੰਦ ਕੇ ਚੰਦ' 'ਸਾਡਾ ਬੱਲ ਛੁਟਕ ਗਿਆ ਹੈ, ਸਾਡੇ ਧਰਮ ਦੀ ਰਾਖੀ ਕਰੋ। ਇਹ ਸਭ ਵਿਥਿਆ ਸੁਣ ਕੇ ਗੁਰੂ ਜੀ ਨੇ ਜੋ ਉਚਾਰਨ ਕੀਤਾ ਉਸ ਨੂੰ ਭਾਟ ਚਾਂਦ ਜੀ ਨੇ 'ਬੋਲਣਾ ਗੁਰੂ ਤੇਗ਼ ਬਹਾਦਰ ਜੀ ਜੁਬਾਨੀ ਭਟ' ਕਰਕੇ ਇਉਂ ਲਿਖਿਆ ਹੈ:

ਬਾਂਹਿ ਜਿਨ੍ਹਾਂ ਦੀ ਪਕੜੀਐ ਸਿਰ ਦੀਜੈ ਬਾਂਹਿ ਨ ਛੋੜੀਐ, ਤੇਗ ਬਹਾਦਰ ਬੋਲਿਆ ਧਰ ਪਈਏ ਧਰਮ ਨ ਛੋੜੀਐ।

ਇਹ ਅਧਰਮ, ਪਾਪ ਅਤੇ ਅਤਿਆਚਾਰ ਕਿਸੇ ਸੱਚੇ-ਸੁੱਚੇ ਮਹਾਂਪੁਰਸ਼ ਦੇ ਪਵਿੱਤਰ ਖ਼ੂਨ ਦੇ ਬਲੀਦਾਨ ਨਾਲ ਹੀ ਬਚਾਇਆ ਜਾ ਸਕਦਾ ਹੈ। ਐਸਾ ਗੁਰੂ ਤੇਗ ਬਹਾਦੁਰ ਨੇ ਅਨੁ।' ਕੀਤਾ। ਬਾਲ ਗੋਬਿੰਦ ਰਾਇ ਨੇ ਇਸ ਇਤਿਹਾਸਕ ਕਥਨ ਕਿ 'ਤੁਹਾਡੇ ਤੋਂ ਵੱਡਾ ਮਹਾਂਪੁਰਸ਼ ਹੋਰ ਕੌਣ ਹੈ' ਅਤੇ ਪਵਿੱਤਰ ਖੂਨ ਹੋਰ ਕਿਸ ਦਾ ਹੈ। ਗੁਰੂ ਤੇਗ ਬਹਾਦਰ ਜੀ ਨੇ ਕਸ਼ਮੀਰੀ ਪੰਡਤਾਂ ਦੇ ਆਗੂ ਕਿਰਪਾ ਰਾਮ ਨੂੰ ਇਹ ਕਹਿ ਕੇ ਨਿਸਚਿੰਤ ਕਰ ਦਿੱਤਾ ਕਿ ਤੁਸੀਂ ਬਾਦਸ਼ਾਹ ਨੂੰ ਮੋੜਵਾਂ ਉੱਤਰ ਭੇਜ ਦਿਓ ਕਿ ਸਾਡਾ ਧਾਰਮਿਕ ਰਹਿਬਰ ਗੁਰੂ ਤੇਗ਼ ਬਹਾਦਰ ਹੈ ਅਤੇ ਜੇ ਉਹ ਧਰਮ ਤਬਦੀਲ ਕਰਨ ਲਈ ਰਜ਼ਾਮੰਦ ਹੋ ਜਾਵੇ ਤਾਂ ਅਸੀਂ ਸਾਰੇ ਇਸਲਾਮ ਕਬੂਲ ਕਰ ਲਵਾਂਗੇ। ਬਾਦਸ਼ਾਹ ਨੂੰ ਇਹ ਉੱਤਰ ਭੇਜ ਗੁਰੂ ਪਾਤਸ਼ਾਹ ਆਪ ਹੀ ਬਾਦਸ਼ਾਹ ਦਾ ਕਹਿਰ ਝੱਲਣ ਲਈ ਤੁਰ ਪਏ। ਦੁਨੀਆਂ ਨੇ ਪਹਿਲੀ ਵਾਰ ਦੇਖਿਆ ਕਿ ਕੋਈ ਮਕਤੂਲ ਕਾਤਲ ਵੱਲ ਆਪ ਜਾਂਦਾ ਹੈ। ਰਾਹ ਵਿੱਚ ਹੀ ਸਿੱਖ ਇਤਿਹਾਸਕ ਰਵਾਇਤ ਅਨੁਸਾਰ ਆਗਰੇ ਗ੍ਰਿਫਤਾਰ ਕਰ ਵੱਡੀ ਫੌਜ ਦੀ ਨਿਗਰਾਨੀ ਹੇਠਾਂ ਦਿੱਲੀ ਲਿਆਂਦੇ ਗਏ ਅਤੇ ਦਿੱਲੀ ਦੇ ਨਜ਼ਾਮ ਸਫੀ ਖਾਂ ਤੇ ਕਿਲ੍ਹੇਦਾਰ ਮੁਲਤਫੈਤ ਖਾਂ ਦੇ ਹਵਾਲੇ ਕੀਤੇ ਗਏ। ਭਾਈ ਦਿਆਲਾ, ਭਾਈ ਮਤੀ ਦਾਸ ਅਤੇ ਭਾਈ ਸਤੀ ਦਾਸ ਵੀ ਗ੍ਰਿਫਤਾਰ ਕਰਕੇ ਦਿੱਲੀ ਲਿਆਂਦੇ ਗਏ। ਪਹਿਲਾਂ ਪੁਰਾਣੀ, ਡਰਾਉਣੀ ਅਤੇ ਢੱਠੀ ਹੋਈ ਹਵੇਲੀ ਵਿੱਚ ਰੱਖਿਆ। ਉਪਰੰਤ ਆਪ ਜੀ ਨੂੰ ਚਾਂਦਨੀ ਚੌਂਕ ਕੋਤਵਾਲੀ ਵਿੱਚ ਪਿੰਜਰੇ ਵਿੱਚ ਪਾ ਕੇ ਰੱਖਿਆ ਗਿਆ। ਚਾਂਦਨੀ ਚੌਕ ਦੀ ਕੋਤਵਾਲੀ (ਜਿਥੇ ਹੁਣ ਗੁਰਦੁਆਰਾ ਸੀਸਗੰਜ ਸਾਹਿਬ ਦਾ ਇਤਿਹਾਸਿਕ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ) ਦੇ ਸਥਾਨ 'ਤੇ ਗੁਰੂ ਜੀ ਨੂੰ ਦੀਨ ਵਿੱਚ ਆਉਣ ਜਾਂ ਕਰਾਮਾਤ ਦਿਖਾਉਣ ਲਈ ਬਾਦਸ਼ਾਹ ਦਾ ਆਤਾਬੀ ਹੁਕਮ ਬਾਰ-ਬਾਰ ਸੁਣਾਇਆ ਗਿਆ। ਸਤਿਗੁਰੂ ਜੀ ਨੇ ਕਿਹਾ ਕਿ ਕਰਾਮਾਤ ਕਹਿਰ ਦਾ ਨਾਮ ਹੈ, ਫਕੀਰ ਅਤੇ ਦਰਵੇਸ਼ ਇਹ ਨਹੀਂ ਦਿਖਾਉਂਦੇ। ਮਜ਼ਹਬ ਤੂੰ ਦੋ ਤੋਂ ਇੱਕ ਕਰਨਾ ਚਾਹੁੰਦਾ ਹੈ ਪਰ ਰੱਬੀ ਰਜ਼ਾ ਇਸ ਨੂੰ ਦੋ ਤੋਂ ਤਿੰਨ ਕਰਨ ਵਿੱਚ ਹੈ। ਇਸ ਕੈਦ ਵਿੱਚ ਆਪ ਜੀ 'ਤੇ ਬੜੀਆਂ ਸਖਤੀਆਂ ਖੇਚਲਾਂ ਅਤੇ ਜ਼ੁਲਮ ਢਾਏ ਗਏ। ਗੁਰੂ ਪਾਤਸ਼ਾਹ ਨੂੰ ਭੈਅ-ਭੀਤ ਕਰਨ ਲਈ ਭਾਈ ਮਤੀ ਦਾਸ ਜੋ ਗੁਰੂ ਜੀ ਦੇ ਦੀਵਾਨ ਸਨ ਤੇ ਸਤਿਗੁਰੂ ਉਸ ਨੂੰ ਆਪਣਾ ਪਿਆਰਾ ਮਿੱਤਰ ਤੇ ਸਖਾ ਕਹਿੰਦੇ ਸਨ, ਉਨ੍ਹਾਂ ਨੂੰ ਆਰੇ ਨਾਲ ਚੀਰਨ ਦਾ ਹੁਕਮ ਸੁਣਾਇਆ ਗਿਆ। ਜਲਾਦਾਂ ਨੇ ਚਾਂਦਨੀ ਚੌਕ ਦੇ ਬਾਜ਼ਾਰ ਵਿੱਚ ਆਰੇ ਨਾਲ ਚੀਰਨ ਤੋਂ ਪਹਿਲਾਂ ਆਖਰੀ ਖੁਆਹਿਸ਼ ਦੱਸਣ ਲਈ ਕਿਹਾ ਤਾਂ ਭਾਈ ਜੀ ਦਾ ਜਵਾਬ ਸੀ ਜਦੋਂ ਉਨ੍ਹਾਂ ਨੂੰ ਆਰੇ ਨਾਲ ਚੀਰਿਆ ਜਾਵੇ ਤਾਂ ਉਨ੍ਹਾਂ ਦਾ ਮੂੰਹ ਸਤਿਗੁਰੂ ਵੱਲ ਸਨਮੁੱਖ ਹੋਵੇ, ਉਆਰਾ ਪਿਆਰਾ ਲਗਤ ਹੈ ਹੀ ਕਹਿ ਸੁਣਾਇਆ। ਜਦ ਤਨ ਦੇ ਦੋ ਟੁੱਕੜੇ ਹੋ ਕੇ ਜ਼ਮੀਨ 'ਤੇ ਡਿੱਗੇ ਤਾਂ ਦੋਹਾਂ ਵਿੱਚੋਂ ਜਪੁਜੀ ਦੀ ਆਵਾਜ਼ ਆ ਰਹੀ ਸੀ। ਦੋਨਹੁ ਤਨ ਤੇ ਜਪੁਜੀ ਪਢੈ ਹੇਰਤ ਸਭ ਤੇ ਅਚਰਜ ਬਢੈ ।। ਪੰਨਾ- ॥46 ॥ ਸੂਰਜ ਪ੍ਰਕਾਸ਼ ਭਾਈ ਦਿਆਲਾ ਜੀ ਦੇਗ ਵਿੱਚ ਪਾ ਕੇ ਉਬਾਲ ਦਿੱਤੇ ਗਏ। ਭਾਈ ਸਤੀ ਦਾਸ ਜੀ ਨੂੰ ਰੂੰ ਵਿੱਚ ਲਪੇਟ ਕੇ ਅੱਗ ਲਾ ਸ਼ਹੀਦ ਕਰ ਦਿੱਤਾ ਗਿਆ। ਜਦੋਂ ਯਸੂ ਮਸੀਹ ਨੂੰ ਗ੍ਰਿਫਤਾਰ ਕੀਤਾ ਗਿਆ ਤਾਂ ਉਨ੍ਹਾਂ ਦੇ 13 ਸ਼ਰਧਾਲੂ ਸਾਥੀ ਸਨ ਪਰ ਸੂਲੀ ਦੇ ਡਰ ਤੋਂ ਕੋਈ ਸਾਥ ਨਾ ਨਿਭਿਆ ਸਭ ਬੇਵਫਾਈ ਕਰ ਗਏ। ਇਸੇ ਲਈ ਇਸਾਈਆਂ ਵਿੱਚ 13 ਦਾ ਅੰਕੜਾਂ ਮਾੜਾ ਮੰਨਿਆਂ ਜਾਂਦਾ ਹੈ। ਸਾਰੇ ਯੂਰਪ, ਅਮਰੀਕਾ ਵਿੱਚ ਕੋਈ ਤੇਹਰਵੀਂ ਮੰਜ਼ਿਲ, ਤੇਹਰਵਾਂ ਫਲੈਟ, ਤੇਹਰਵੀਂ ਰੋਡ ਜਾਂ ਸਟਰੀਟ ਨਹੀਂ ਹੁੰਦੀ। ਇਸੇ ਦਾ ਹੀ ਇੱਕ ਰੂਪ ਚੰਡੀਗੜ੍ਹ ਹੈ ਜਿਥੇ ਇਸ ਸ਼ਹਿਰ ਦੀ ਯੋਜਨਾ ਫਰਾਂਸੀਸੀ ਇੰਜੀਨੀਅਰ ਵੱਲੋਂ ਬਣਾਏ ਜਾਣ ਕਾਰਨ ਇਥੇ ਤੇਹਰਵਾਂ ਸੈਕਟਰ ਨਹੀਂ ਹੈ ਪਰ ਧੰਨ ਸਿੱਖੀ, ਧੰਨ ਗੁਰੂ ਅਤੇ ਧੰਨ ਗੁਰੂ ਦੇ ਸਿੱਖ, ਕਿ ਤਿੰਨੇ ਸਿੱਖ ਗੁਰੂ ਤੇਗ ਬਹਾਦੁਰ ਸਾਹਿਬ ਤੋਂ ਪਹਿਲਾਂ ਸ਼ਹਾਦਤ ਦੇ ਸਿੱਖੀ ਸਿਦਕ ਜਗਤ ਵਿੱਚ ਪ੍ਰਗਟ ਕਰ ਗਏ। 11 ਨਵੰਬਰ 1675 ਨੂੰ ਗੁਰੂ ਤੇਗ ਬਹਾਦਰ ਸ਼ਹੀਦ ਕਰਨ ਦਾ ਆਲਮਗੀਰੀ ਹੁਕਮ ਨਾਦਰ ਕੀਤਾ ਗਿਆ। ਪਹਿਲਾਂ ਮੁਨਾਦੀ ਕਰਾਈ ਗਈ। ਕੋਤਵਾਲ ਜਿਹੜਾ ਗੁਰੂ ਸਾਹਿਬ ਦੇ ਤੱਪ, ਤਿਆਗ ਅਤੇ ਸਹਿਜ ਤੋਂ ਅਤਿ ਪ੍ਰਭਾਵਤ ਸੀ, ਨੇ ਪੁੱਛਿਆ ਕਿ ਕੀ ਤੁਸੀਂ ਇਹ ਮੁਨਾਦੀ ਸੁਣੀ ਹੈ ਤਾਂ ਗੁਰੂ ਪਾਤਸ਼ਾਹ ਨੇ ਕਿਹਾ ਕਿ ਹਾਂ ਸੁਣੀ ਹੈ। ਜਦੋਂ ਗੁਰੂ ਪਾਤਸ਼ਾਹ ਦਾ ਉਤਰ ਪੁੱਛਿਆ ਤਾਂ ਗੁਰੂ ਜੀ ਨੇ ਇੱਕ ਕੋਇਲਾ ਲੈ ਕੇ ਧਰਤੀ ਦੇ ਉਪਰ ਆਪਣਾ ਜਵਾਬ ਲਿਖ ਦਿੱਤਾ ਕਿ ਇਹ ਠੀਕ ਹੈ ਕਿ ਕੱਲ੍ਹ ਦੁਪਹਿਰ ਤੋਂ ਬਾਅਦ ਗੁਰੂ ਤੇਗ਼ ਬਹਾਦਰ ਸਰੀਰਕ ਰੂਪ ਵਿੱਚ ਨਹੀਂ ਰਹੇਗਾ, ਪਰ ਗੋਬਿੰਦ ਰੂਪੀ ਪਰਮਾਤਮਾ ਰਹੇਗਾ, ਧਰਮ ਦੀ ਸ਼ਕਤੀ ਨਾਮ ਰੂਪ ਵਿੱਚ ਰਹੇਗੀ ਤੇ ਧਰਮ ਮਾਰਗ 'ਤੇ ਚੱਲਣ ਵਾਲੇ ਧਰਮੀ ਜਿਊੜੇ ਰਹਿਣਗੇ। ਜੋ ਸ਼ਬਦ ਲਿਖਿਆ ਗਿਆ ਉਹ ਇਹ ਹੈ: ਨਾਮੁ ਰਹਿਓ ਸਾਧੂ ਰਹਿਓ ਰਹਿਓ ਗੁਰੁ ਗੋਬਿੰਦੁ ॥ ਕਹੁ ਨਾਨਕ ਇਹ ਜਗਤ ਮੈ ਕਿਨ ਜਪਿਓ ਗੁਰ ਮੰਤ ।। ਪੰਨਾ-1429 ਲੋਕਾਂ ਨੂੰ ਭੈਅ-ਭੀਤ ਕਰਨ ਲਈ ਦਿੱਲੀ ਦੇ ਚਾਂਦਨੀ ਚੌਕ ਵਿੱਚ ਸ਼ਰੇਆਮ ਸ਼ਹੀਦ ਕਰਨ ਲਈ ਗੁਰੂ ਸਾਹਿਬ ਨੂੰ ਪਿੰਜਰੇ 'ਚ ਲਿਆਂਦਾ ਗਿਆ। ਹਜਾਰਾ ਦੀ ਗਿਣਤੀ ਵਿੱਚ ਲੋਕ ਅਜਬ ਤਮਾਸ਼ਾ ਵੇਖਣ ਲਈ ਇਕੱਠੇ ਹੋਏ ਸਨ। ਕਾਜ਼ੀ ਨੇ ਬਾਦਸ਼ਾਹ ਵੱਲੋਂ ਫੇਰ ਸ਼ਰਤਾਂ ਰੱਖੀਆਂ ਪਰ ਆਪ ਜੀ ਨੂੰ ਉਸੇ ਦ੍ਰਿੜਤਾ ਨਾਲ ਰਾਖੇਗੇ ਨਿਜ ਧਰਮ ਨਾ ਹਾਰੇ। ਜਲਾਦ ਜਲਾਲੂਦੀਨ ਨੇ ਤਲਵਾਰ ਚਲਾਈ ਅਤੇ ਗੁਰੂ ਜੀ ਦਾ ਸੀਸ ਧੜ ਨਾਲੋਂ ਜੁਦਾ ਕਰ ਦਿੱਤਾ। ਸੀਸ ਕੱਟਿਆ ਗਿਆ ਪਰ ਧਰਮ ਦੀ ਮੂਰਤ ਸਤਿਗੁਰੂ ਦਾ ਸੀਸ ਝੁਕਾਇਆ ਨਾ ਜਾ ਸਕਿਆ। ਦਿੱਲੀ ਰਾਜ ਦੇ ਸਿਰ ਧਰਮ ਦੇ ਨਾਇਕ ਨੇ ਆਪਣੇ ਸਰੀਰ ਦਾ ਠੀਕਰਾ ਭੰਨ ਦਿੱਤਾ। ਠੀਕਰ ਫੋਰਿ ਦਿਲੀਸ ਸਿਰਿ ਪ੍ਰਭ ਪੁਰਿ ਕੀਯਾ ਪਯਾਨ ॥ ਤੇਗ ਬਹਾਦੁਰ ਸੀ ਕ੍ਰਿਆ ਕਰੀ ਨ ਕਿਨਹੂੰ ਆਨਿ ॥(ਬਚਿੱਤਰ ਨਾਟਕ) ਇਤਿਹਾਸ ਵਿੱਚ ਜ਼ਿਕਰ ਆਉਂਦਾ ਹੈ ਕਿ ਸ਼ਹੀਦੀ ਹੁੰਦਿਆਂ ਸਾਰ ਕੁਦਰਤੀ ਕਹਿਰ ਦਾ ਐਸਾ ਗਰਦ ਭਰਿਆ ਤੂਫਾਨ ਉਠਿਆ ਕਿ ਲੋਕੀ ਭੱਜ ਉੱਠੇ ਭੇਸ ਵਟਾ ਕੇ ਉੱਥੇ ਫਿਰ ਰਹੇ ਭਾਈ ਜੈਤਾ ਜੀ ਨੇ ਗੁਰੂ ਦਾ ਸੀਸ ਚੁੱਕ ਲਿਆ ਤੇ ਭਾਈ ਲੱਖੀ ਸ਼ਾਹ ਨੇ ਸਤਿਗੁਰੂ ਜੀ ਦਾ ਧੜ। ਸੀਸ ਲੈ ਭਾਈ ਜੈਤਾ ਜੀ ਅਨੰਦਪੁਰ ਸਾਹਿਬ ਲਈ ਰਵਾਨਾ ਹੋਏ ਅਤੇ ਧੜ ਲੱਖੀ ਸ਼ਾਹ ਦਿੱਲੀ ਦੇ ਨਾਲ ਹੀ ਰਕਾਬ ਗੰਜ ਪਿੰਡ ਵਿੱਚ ਆਪਣੀ ਰਿਹਾਇਸ਼ 'ਤੇ ਲੈ ਆਇਆ। ਸਰਕਾਰੀ ਜਸੂਸ ਚਾਰੇ ਪਾਸੇ ਫਿਰ ਰਹੇ ਸਨ ਇਸ ਲਈ ਭਾਈ ਸਾਹਿਬ ਨੇ ਆਪਣੇ ਘਰ ਨੂੰ ਅੱਗ ਲਾ ਕੇ ਗੁਰੂ ਜੀ ਦੇ ਧੜ ਦਾ ਸਸਕਾਰ ਕੀਤਾ। ਆਪਣਾ ਘਰ ਆਪਣੇ ਹੱਥੀਂ ਹੀ ਸਾੜ ਕੇ ਪਾਵਨ ਦੇਹ ਦਾ ਸਸਕਾਰ ਕੀਤਾ ਜਿੱਥੇ ਅੱਜ ਗੁਰਦੁਆਰਾ ਰਕਾਬ ਗੰਜ ਸਾਹਿਬ ਦਾ ਮਾਣਮੱਤਾ ਗੁਰਦੁਆਰਾ ਬੁਲੰਦ ਹੈ ਅਤੇ ਭਾਈ ਲੱਖੀ ਸ਼ਾਹ ਵਣਜਾਰਾ ਦਾ ਸਦੀਵੀ ਘਰ ਕ੍ਰਿਤਗ ਕੌਮ ਨੇ ਬਣਾ ਦਿੱਤਾ। ਭਾਈ ਜੈਤਾ ਜੀ ਸੀਸ ਲੈ ਕੇ ਗੁਰੂ ਗੋਬਿੰਦ ਰਾਇ ਜੀ ਪਾਸ ਆਨੰਦਪੁਰ ਸਾਹਿਬ ਪਹੁੰਚੇ ਤੇ ਸਮੁੱਚਾ ਸ਼ਹੀਦੀ ਸਾਕਾ ਸੁਣਾਇਆ। ਨੌਂ ਸਾਲ ਦੇ ਗੁਰੂ ਜੀ ਨੇ ਇਹ ਸੁਣ ਕੋਈ ਡਰ-ਭੈਅ ਨਿਕਟ ਨਾ ਆਉਣ ਦਿੱਤਾ ਬਲਕਿ ਆਪਣਾ ਦ੍ਰਿੜ੍ਹ ਇਰਾਦਾ ਇਉਂ ਪ੍ਰਗਟਾਇਆ: ਸ੍ਰੀ ਗੋਬਿੰਦ ਸੁਨਿ ਕਰ ਐਸੇ, ਗਰਜਤ ਬੋਲੇ ਜਲਧਰ ਜੈਸੇ।

ਇਸ ਬਿਧਿ ਕੋ ਅਬਿ ਪੰਥ ਬਨਾਵੋਂ। ਸਗਲ ਜਗਤ ਮਹਿ ਬਹੁ ਬਿਦਤਾਵੋਂ ।। 8 ॥

ਲਾਖਹੁ ਜਗ ਕੇ ਨਰ ਇਕ ਥਾਇ। ਤਿਨ ਮਹਿ ਮਿਲੇ ਏਕ ਸਿੱਖ ਜਾਇ।

ਸਭਿ ਮਹਿ ਪ੍ਰਥਕ ਪਛਾਨਯੋ ਪਰੈ। ਰਲੈ ਨ ਕਬਹੂੰ ਕੈ ਸਿਹੁ ਕਰੈ।। ੯ ॥

ਜ਼ਾਲਮ ਅੱਗੇ ਧਰਮ ਗੋਪਣ ਜਾਂ ਛੁਪਾਉਣ ਦੀ ਕਾਇਰਤਾ ਸਦੈਵ ਖਤਮ ਕਰ ਦਿੱਤੀ। ਧੜ ਅਤੇ ਸੀਸ ਦਾ ਅੱਡੋ ਅੱਡ ਸਸਕਾਰ ਇਤਿਹਾਸ ਵਿੱਚ ਪਹਿਲੀ ਵਾਰ ਹੋਇਆ। ਗੁਰੂ ਨਾਨਕ ਸਾਹਿਬ ਨੇ ਕੇਵਲ ਪੰਜਾਬ ਜਾਂ ਹਿੰਦੋਸਤਾਨ ਹੀ ਨਹੀਂ ਬਲਕਿ 'ਚੜ੍ਹਿਆ ਸੋਧਣ ਧਰਤ ਲੋਕਾਈ' ਦਾ ਆਦਰਸ਼ ਰੂਪਮਾਨ ਕੀਤਾ ਸੀ। ਉਨ੍ਹਾਂ ਦੇ ਨੌਂਵੀਂ ਜੋਤ ਤੇ ਸਰੂਪ ਰੂਪ ਗੁਰੂ ਤੇਗ਼ ਬਹਾਦਰ ਸਾਹਿਬ ਨੇ ਵੀ ਮਨੁੱਖੀ ਸਮਾਜ ਨੂੰ ਬੇਗੈਰਤੀ ਅਤੇ ਪਰਾਧੀਨਤਾ ਦੇ ਸ਼ਿਦਰਾਂ ਨੇ ਤਾਰਤਾਰ ਕਰ ਦਿੱਤਾ ਸੀ। ਉਸ 'ਤੇ ਆਪਣੀ ਸਰੀਰ ਰੂਪੀ ਚਾਦਰ ਪਾ ਕੇ ਮਨੁੱਖੀ ਸਵੈਮਾਨ ਅਤੇ ਅਜ਼ਾਦੀ ਦੀ ਰਾਖੀ ਕੀਤੀ। 'ਪ੍ਰਗਟ ਭਏ ਗੁਰੂ ਤੇਗ ਬਹਾਦਰ-ਸਗਲ ਸ੍ਰਿਸ਼ਟਿ ਪੈ ਢਾਪੀ ਚਾਦਰ। ਕਰਮ ਧਰਮ ਕੀ ਜਿਨ ਕਲ ਰਾਖੀ। ਅਟਲ ਕਰੀ

# ਪੰਜਾਬੀ ਭਾਸ਼ਾ ਸਬੰਧੀ ਨਵੀਂ ਸਰਕਾਰ ਦੀ ਪਹੁੰਚ ਕੀ ਹੋਵੇ ?

**ਪੰਜਾਬੀ ਮਾਧਿਅਮ ਵਿਚ ਸਿੱਖਿਆ ਨਾ ਦੇਣ ਦਾ ਇਕ ਤਰਕ ਇਹ ਵੀ ਦਿੱਤਾ ਜਾਂਦਾ ਹੈ ਕਿ ਪੰਜਾਬੀ ਵਿਚ ਸਿੱਖਿਆ ਸਮੱਗਰੀ ਦੀ ਘਾਟ ਹੈ। ਇਹ ਤਰਕ ਕਿਸੇ ਹੱਦ ਤੱਕ ਠੀਕ ਹੈ ਪਰ ਪੂਰਾ ਸੱਚ ਨਹੀਂ ਹੈ ਕਿਉਂਕਿ, ਜਿਵੇਂ ਕਿ ਉੱਤੇ ਕਿਹਾ ਗਿਆ ਹੈ, ਬਹੁਤ ਸਮੇਂ ਤੱਕ ਸਕੂਲੀ ਸਿੱਖਿਆ ਪੰਜਾਬੀ ਮਾਧਿਅਮ ਵਿਚ ਹੀ ਦਿੱਤੀ ਜਾਂਦੀ ਸੀ ਅਤੇ ਸਰਕਾਰੀ ਸਕੂਲਾਂ ਵਿਚ ਅੱਜ ਵੀ ਦਿੱਤੀ ਜਾਂਦੀ ਹੈ। ਪੰਜਾਬੀ ਵਿਚ ਸਿੱਖਿਆ ਸਮੱਗਰੀ ਪੈਦਾ ਕਰਨ ਦਾ ਅਮਲ ਇਸ ਕਰਕੇ ਮੱਧਮ ਪੈ ਗਿਆ ਹੈ ਕਿ ਪੰਜਾਬੀ ਵਿਚ ਸਿੱਖਿਆ ਦੇਣੀ ਜ਼ਰੂਰੀ ਹੀ ਨਹੀਂ ਸਮਝੀ ਜਾ ਰਹੀ। ਜੇ ਸਿੱਖਿਆ ਕੇਵਲ ਅਤੇ ਕੇਵਲ ਪੰਜਾਬੀ ਮਾਧਿਅਮ ਰਾਹੀਂ ਦੇਣ ਦਾ ਟੀਚਾ ਮਿਥ ਲਿਆ ਜਾਵੇ, ਜੋ ਕਿ ਮਿਥਿਆ ਜਾਣਾ ਬਹੁਤ ਜ਼ਰੂਰੀ ਹੈ, ਤਾਂ ਪੰਜਾਬੀ ਵਿਚ ਸਿੱਖਿਆ ਸਮੱਗਰੀ ਪੈਦਾ ਕਰਨ ਦਾ ਅਮਲ ਵੀ ਆਪਣੇ-ਆਪ ਤਿੱਖਾ ਹੋ ਜਾਵੇਗਾ। ਇਸ ਸਥਿਤੀ ਵਿਚ ਨਿੱਜੀ ਅਦਾਰੇ ਵੀ ਮੁਨਾਫ਼ੇ ਦੇ ਕਾਰਨ ਕਰਕੇ ਵੱਡੀ ਦਿਲਚਸਪੀ ਦਿਖਾਉਣਗੇ।**

ਭਾਸ਼ਾ ਸਿਰਫ਼ ਗੱਲਬਾਤ ਦਾ ਸਾਧਨ ਮਾਤਰ ਨਹੀਂ ਹੈ। ਇਹ ਮਨੁੱਖ ਦੇ ਗਿਆਨ ਹਾਸਲ ਕਰਨ ਦਾ ਆਧਾਰ ਹੈ। ਇਹ ਵਿਅਕਤੀ ਨੂੰ ਆਪਣੇ ਸੱਭਿਆਚਾਰ, ਆਪਣੇ ਇਤਿਹਾਸ, ਆਪਣੇ ਵਿਰਸੇ ਨਾਲ ਜੋੜਨ ਵਾਲੀ ਬਹੁਤ ਜ਼ਰੂਰੀ ਤੰਦ ਹੈ। ਇਹ ਕਿਸੇ ਕੌਮੀਅਤ ਦੀਆਂ ਸਾਂਝੀਆਂ ਸਿਮਰਤੀਆਂ ਦਾ ਮਾਧਿਅਮ ਹੈ ਅਤੇ ਇਹ ਕਿਸੇ ਕੌਮੀਅਤ ਨੂੰ ਕੌਮੀਅਤ ਦੇ ਰੂਪ ਵਿਚ ਬੰਨ੍ਹਣ ਵਾਲੀ ਕੜੀ ਹੈ। ਅੱਜ ਦੇ ਸਮੇਂ ਵਿਚ ਠੀਕ ਭਾਸ਼ਾ ਨੀਤੀ ਦੀ ਮਹੱਤਤਾ ਹੋਰ ਵੀ ਵਧ ਗਈ ਹੈ ਕਿਉਂਕਿ ਵਿਗਿਆਨ ਅਤੇ ਤਕਨੀਕ ਦੇ ਇਸ ਯੁੱਗ ਵਿਚ ਸਿੱਖਿਆ ਪ੍ਰਣਾਲੀ ਹਰ ਸਮਾਜ ਦੇ ਆਰਥਿਕ ਵਿਕਾਸ ਦੀ ਬੁਨਿਆਦ ਬਣ ਗਈ ਹੈ ਅਤੇ ਸਫ਼ਲ ਸਿੱਖਿਆ ਕੇਵਲ ਮਾਤ-ਭਾਸ਼ਾ ਰਾਹੀਂ ਹੀ ਸੰਭਵ ਹੈ। ਯੂਨੈਸਕੋ ਦੀ ਪੁਸਤਕ ਵਿਚੋਂ ਹੇਠਲੀ ਟੂਕ ਇਸ ਮਾਮਲੇ ਵਿਚ ਦੁਨੀਆ ਭਰ ਦੀ ਖੋਜ ਅਤੇ ਤਜਰਬੇ ਦਾ ਨਿਚੋੜ ਹੈ। 'ਇਹ ਸਵੈ-ਸਿੱਧ ਹੈ ਕਿ ਬੱਚੇ ਲਈ ਸਿੱਖਿਆ ਦਾ ਸਭ ਤੋਂ ਵਧੀਆ ਮਾਧਿਅਮ ਉਸ ਦੀ ਮਾਤ-ਭਾਸ਼ਾ ਹੈ। ਮਨੋਵਿਗਿਆਨਕ ਤੌਰ 'ਤੇ ਇਹ ਸਾਰਥਕੀ ਚਿੰਨ੍ਹਾਂ ਦੀ ਅਜਿਹੀ ਪ੍ਰਣਾਲੀ ਹੁੰਦੀ ਹੈ ਜੋ ਪ੍ਰਗਟਾਓ ਅਤੇ ਸਮਝ ਲਈ ਉਸ ਦੇ ਦਿਮਾਗ ਵਿਚ ਸਵੈ-ਚਾਲੀ ਰੂਪ ਵਿਚ ਕੰਮ ਕਰਦੀ ਹੈ, ਸਮਾਜੀ ਤੌਰ 'ਤੇ ਜਿਸ ਜਨ-ਸਮੂਹ ਦੇ ਮੈਂਬਰਾਂ ਨਾਲ ਉਸ ਦਾ ਸਬੰਧ ਹੁੰਦਾ ਹੈ ਉਸ ਨਾਲ ਇਕਮਿਕ ਹੋਣ ਦਾ ਸਾਧਨ ਹੈ, ਸਿੱਖਿਆਵੀ ਤੌਰ 'ਤੇ ਉਹ ਮਾਤ-ਭਾਸ਼ਾ ਰਾਹੀਂ ਇਕ ਅਣਜਾਣੇ ਭਾਸ਼ਾਈ ਮਾਧਿਅਮ ਨਾਲੋਂ ਤੇਜ਼ੀ ਨਾਲ ਸਿੱਖਦਾ ਹੈ।' ਇਹ ਬਿਲਕੁਲ ਇਕ ਭਰਮ ਹੈ ਕਿ ਚੰਗੀ ਸਿੱਖਿਆ ਅੰਗਰੇਜ਼ੀ ਰਾਹੀਂ ਹੀ ਦਿੱਤੀ ਜਾ ਸਕਦੀ ਹੈ। ਇਸ ਭਰਮ ਨੂੰ ਤੋੜਨ ਲਈ ਜ਼ਰੂਰੀ ਹੈ ਕਿ ਸਰਕਾਰੀ ਸਕੂਲਾਂ ਦੇ ਪੱਧਰ ਨੂੰ ਤੁਰੰਤ ਉੱਚਾ ਚੁੱਕਿਆ ਜਾਵੇ। ਇਹ ਹੋਣ ਨਾਲ ਨਿਸਚਤ ਤੌਰ 'ਤੇ ਪੰਜਾਬੀ ਮਾਧਿਅਮ ਵਿਚ ਪੜ੍ਹਨ ਵਾਲੇ ਬੱਚੇ ਅੰਗਰੇਜ਼ੀ ਮਾਧਿਅਮ ਵਿਚ ਪੜ੍ਹਨ ਵਾਲੇ ਬੱਚਿਆਂ ਨਾਲੋਂ ਪੜ੍ਹਾਈ ਦੇ ਵਿਸ਼ਿਆਂ ਵਿਚ ਵੀ ਅਤੇ ਅੰਗਰੇਜ਼ੀ ਵਿਚ ਵੀ ਬਿਹਤਰ ਸਾਬਤ ਹੋਣਗੇ।

ਪੰਜਾਬੀ ਮਾਧਿਅਮ ਵਿਚ ਸਿੱਖਿਆ ਨਾ ਦੇਣ ਦਾ ਇਕ ਤਰਕ ਇਹ ਵੀ ਦਿੱਤਾ ਜਾਂਦਾ ਹੈ ਕਿ ਪੰਜਾਬੀ ਵਿਚ ਸਿੱਖਿਆ ਸਮੱਗਰੀ ਦੀ ਘਾਟ ਹੈ। ਇਹ ਤਰਕ ਕਿਸੇ ਹੱਦ ਤੱਕ ਠੀਕ ਹੈ ਪਰ ਪੂਰਾ ਸੱਚ ਨਹੀਂ ਹੈ ਕਿਉਂਕਿ, ਜਿਵੇਂ ਕਿ ਉੱਤੇ ਕਿਹਾ ਗਿਆ ਹੈ, ਬਹੁਤ ਸਮੇਂ ਤੱਕ ਸਕੂਲੀ ਸਿੱਖਿਆ ਪੰਜਾਬੀ ਮਾਧਿਅਮ ਵਿਚ ਹੀ ਦਿੱਤੀ ਜਾਂਦੀ ਸੀ ਅਤੇ ਸਰਕਾਰੀ ਸਕੂਲਾਂ ਵਿਚ ਅੱਜ ਵੀ ਦਿੱਤੀ ਜਾਂਦੀ ਹੈ। ਪੰਜਾਬੀ ਵਿਚ ਸਿੱਖਿਆ ਸਮੱਗਰੀ ਪੈਦਾ ਕਰਨ ਦਾ ਅਮਲ ਇਸ ਕਰਕੇ ਮੱਧਮ ਪੈ ਗਿਆ ਹੈ ਕਿ ਪੰਜਾਬੀ ਵਿਚ ਸਿੱਖਿਆ ਦੇਣੀ ਜ਼ਰੂਰੀ ਹੀ ਨਹੀਂ ਸਮਝੀ ਜਾ ਰਹੀ। ਜੇ ਸਿੱਖਿਆ ਕੇਵਲ ਅਤੇ ਕੇਵਲ ਪੰਜਾਬੀ ਮਾਧਿਅਮ ਰਾਹੀਂ ਦੇਣ ਦਾ ਟੀਚਾ ਮਿਥ ਲਿਆ ਜਾਵੇ, ਜੋ ਕਿ ਮਿਥਿਆ ਜਾਣਾ ਬਹੁਤ ਜ਼ਰੂਰੀ ਹੈ, ਤਾਂ ਪੰਜਾਬੀ ਵਿਚ ਸਿੱਖਿਆ ਸਮੱਗਰੀ ਪੈਦਾ ਕਰਨ ਦਾ ਅਮਲ ਵੀ ਆਪਣੇ-ਆਪ ਤਿੱਖਾ ਹੋ ਜਾਵੇਗਾ। ਇਸ ਸਥਿਤੀ ਵਿਚ ਨਿੱਜੀ ਅਦਾਰੇ ਵੀ ਮੁਨਾਫ਼ੇ ਦੇ ਕਾਰਨ ਕਰਕੇ ਵੱਡੀ ਦਿਲਚਸਪੀ ਦਿਖਾਉਣਗੇ।

ਇਹ ਸੰਦੇਹ ਵੀ ਅਕਸਰ ਪ੍ਰਗਟਾਇਆ ਜਾਂਦਾ ਹੈ ਕਿ ਪੰਜਾਬੀ ਵਿਚ ਵਿਗਿਆਨ ਅਤੇ ਤਕਨਾਲੋਜੀ ਜਿਹੇ ਵਿਸ਼ਿਆਂ ਦੀ ਸਿੱਖਿਆ ਲਈ ਸਮਰੱਥਾ ਨਹੀਂ ਹੈ। ਪਰ ਇਹ ਸੰਦੇਹ ਵੀ ਨਿਰਾਧਾਰ ਹੈ। ਇਹ ਗੱਲ ਯਾਦ ਰੱਖਣ ਵਾਲੀ ਹੈ ਕਿ ਪੰਜਾਬੀ ਅੰਗਰੇਜ਼ੀ ਤੋਂ ਪੁਰਾਣੀ ਸਾਹਿਤਕ ਭਾਸ਼ਾ ਹੈ। ਅੰਗਰੇਜ਼ੀ ਦਾ ਪਹਿਲਾ ਕਵੀ ਚੌਸਰ 14ਵੀਂ ਸਦੀ ਦਾ ਕਵੀ ਹੈ ਪਰ ਪੰਜਾਬੀ ਵਿਚ ਬਾਬਾ ਫ਼ਰੀਦ 12ਵੀਂ ਸਦੀ ਵਿਚ ਹੀ ਉਚਤਮ ਦਰਜੇ ਦੀ ਰਚਨਾ ਕਰ ਚੁੱਕੇ ਸਨ। ਦੂਜੇ, ਸ਼ਬਦਾਵਲੀ ਸਿਰਜਣ ਦੇ ਮਾਮਲੇ ਵਿਚ ਹਰ ਭਾਸ਼ਾ ਬਰਾਬਰ ਦੀ ਸਮਰੱਥਾ ਰੱਖਦੀ ਹੈ ਕਿਉਂਕਿ ਸਾਰੀ ਸ਼ਬਦਾਵਲੀ ਜਿਨ੍ਹਾਂ ਮੂਲ ਧਾਤੂਆਂ 'ਤੇ ਆਧਾਰਿਤ ਹੁੰਦੀ ਹੈ ਉਨ੍ਹਾਂ ਧਾਤੂਆਂ ਦੀ ਗਿਣਤੀ ਪੱਖੋਂ ਭਾਸ਼ਾਵਾਂ ਵਿਚ ਕੋਈ ਵੱਡਾ ਫ਼ਰਕ ਨਹੀਂ ਹੈ ਅਤੇ ਹਰ ਭਾਸ਼ਾ ਵਿਚ ਹਰ ਸੰਕਲਪ ਨੂੰ ਆਪਣੇ-ਆਪਣੇ ਢੰਗ ਨਾਲ ਪ੍ਰਗਟ ਕਰਨ ਦੀ ਸਮਰੱਥਾ ਹੈ। ਸਿੱਖਿਆ ਦਾ ਮਾਤ-ਭਾਸ਼ਾ ਵਿਚ ਹੋਣਾ ਸਿੱਖਿਆ ਦੀ ਕਾਮਯਾਬੀ ਲਈ ਜ਼ਰੂਰੀ ਤਾਂ ਹੈ ਹੀ ਇਹ ਕਿਸੇ ਭਾਸ਼ਾ ਦੇ ਜੀਵਨ ਅਤੇ ਵਿਕਾਸ ਲਈ ਵੀ ਜ਼ਰੂਰੀ ਕਾਰਕ ਹੈ। ਸਿੱਖਿਆ ਰਾਹੀਂ ਭਾਸ਼ਾ ਦੇ ਖਾਤਮੇ ਦੀ ਪ੍ਰਕਿਰਿਆ ਨੂੰ ਭਾਸ਼ਾ ਨੀਤੀ ਮਾਹਿਰ ਸਕੁਤਨਬ-ਕਾਂਗਸ ਭਾਸ਼ਾ ਕਤਲ ਦਾ ਨਾਂਅ ਦਿੰਦਾ ਹੈ। ਇਸ ਪਰਿਕਿਰਿਆ ਵਿਚ ਸਥਾਨਕ ਆਬਾਦੀ ਰੋਅਬ-ਦਾਅਬ ਵਾਲੀ ਭਾਸ਼ਾ ਨੂੰ ਦੂਜੀ ਭਾਸ਼ਾ ਵਜੋਂ ਅਪਣਾਉਂਦੀ ਹੈ ਜਿਸ ਨਾਲ ਹੌਲੀ-ਹੌਲੀ ਅਬਾਦੀ ਦੁਭਾਸ਼ੀਆਂ ਵਿਚ ਬਦਲ ਜਾਂਦੀ ਹੈ। ਫਿਰ ਰੋਅਬ-ਦਾਅਬ ਵਾਲੀ ਭਾਸ਼ਾ ਦੇ ਬੁਲਾਰੇ ਇਕ ਭਾਸ਼ੀ ਹੀ ਬਣ ਜਾਂਦੇ ਹਨ ਅਤੇ ਬੱਚਿਆਂ ਨੂੰ ਰੋਅਬ-ਦਾਅਬ ਵਾਲੀ ਭਾਸ਼ਾ ਦੀ ਸਿੱਖਿਆ ਹੀ ਦਿੱਤੀ ਜਾਂਦੀ ਹੈ। ਸਕੁਤਨਾਬ-ਕਾਂਗਸ ਅਨੁਸਾਰ ਭਾਸ਼ਾਕੁਸ਼ੀ ਦੇ ਮੁੱਖ ਅਪਰਾਧੀਆਂ ਵਿਚੋਂ ਉਹ ਹਨ ਜਿਸ ਨੂੰ ਚੇਤਨਾ-ਕਾਰਖਾਨੇ ਕਿਹਾ ਜਾਂਦਾ ਹੈ। ਇਹ ਹਨ ਸਿੱਖਿਆ ਪ੍ਰਣਾਲੀ ਅਤੇ ਜਨਤਕ ਸੰਚਾਰ-ਤੰਤਰ (ਮੀਡੀਆ, ਜਿਸ ਵਿਚ ਟੈਲੀਵਿਜ਼ਨ ਸ਼ਾਮਲ ਹੈ ਜਿਸ ਨੂੰ ਮਾਈਕਲ ਕਰੋਸ 'ਸੱਭਿਆਚਾਰਕ ਤੰਤੂ-ਪ੍ਰਣਾਲੀ ਮਾਰੂ ਗੈਸ' ਕਹਿੰਦਾ ਹੈ)। ਇਸ ਮਾਹਿਰ ਅਨੁਸਾਰ ਦੁਨੀਆ ਦੀਆਂ ਬਹੁਤ ਸਥਾਨਕ ਆਬਾਦੀਆਂ (ਜਿਵੇਂ ਕਿ ਭਾਰਤ) ਨੇ ਅਜਿਹੀ ਸਿੱਖਿਆ ਪ੍ਰਣਾਲੀ ਅਪਣਾਈ ਹੋਈ ਹੈ ਜੋ ਵਿਗਿਆਨਕ ਲੀਹਾਂ ਤੋਂ ਉਲਟ ਤਾਂ ਹੈ ਹੀ, ਇਸ ਨਾਲ ਸੱਭਿਆਚਾਰਕ ਅਤੇ ਭਾਸ਼ਾਈ ਵੰਨ-ਸੁਵੰਨਤਾ ਵੀ ਲੋਪ ਹੋ ਰਹੀ ਹੈ। ਉਹ ਕਹਿੰਦਾ ਹੈ ਕਿ 'ਸਕੂਲ ਹਰ ਰੋਜ਼ ਭਾਸ਼ਾਈ ਨਸਲਕੁਸ਼ੀ ਕਰ ਰਹੇ ਹਨ।'

ਇਹ ਵੀ ਵਿਚਾਰ ਕਈ ਵਾਰ ਪ੍ਰਗਟ ਕੀਤਾ ਜਾਂਦਾ ਹੈ ਕਿ ਜੇ ਪੰਜਾਬੀ ਦੀ ਹੋਂਦ ਹਜ਼ਾਰਾਂ ਸਾਲਾਂ ਦੀਆਂ ਮਾਰਾਂ ਦੇ ਬਾਵਜੂਦ ਹਾਲੇ ਤੱਕ ਬਰਕਰਾਰ ਹੈ ਤਾਂ ਅੱਗੋਂ ਵੀ ਕੋਈ ਖ਼ਤਰਾ ਨਹੀਂ। ਇਸ ਵਿਚਾਰ ਦੇ ਧਾਰਨੀ ਇਹ ਭੁੱਲ ਜਾਂਦੇ ਹਨ ਕਿ ਅੱਜ ਤੋਂ ਕੋਈ ਸੌ ਸਾਲ ਪਹਿਲਾਂ ਥੋੜ੍ਹੇ ਕੁ ਵਿਅਕਤੀਆਂ ਨੂੰ ਹੀ ਸਿੱਖਿਆ ਦੇ ਅਮਲ ਵਿਚ ਵਿਦੇਸ਼ੀ ਭਾਸ਼ਾ ਦੀ ਜਾਣਕਾਰੀ ਦਿੱਤੀ ਜਾਂਦੀ ਸੀ। ਪਰ ਅੱਜ ਹਰ ਬੱਚਾ ਸਿੱਖਿਆ ਦੀ ਧਾਰਾ ਵਿਚ ਸ਼ਾਮਿਲ ਹੈ ਅਤੇ ਬਹੁਤ ਵੱਡੇ ਪ੍ਰਤੀਸ਼ਤ ਨੂੰ ਸਿੱਖਿਆ ਵਿਦੇਸ਼ੀ ਭਾਸ਼ਾ ਵਿਚ ਦਿੱਤੀ ਜਾ ਰਹੀ ਹੈ। ਨਿਸਚਤ ਤੌਰ 'ਤੇ ਇਹ ਬੱਚੇ ਵਿਦੇਸ਼ੀ ਭਾਸ਼ਾ ਦੀ ਮੁਹਾਰਤ ਮਾਤ-ਭਾਸ਼ਾ ਨਾਲੋਂ ਵਧੇਰੇ ਹਾਸਲ ਕਰ ਰਹੇ ਹਨ। ਇੰਜ ਇਨ੍ਹਾਂ ਬੱਚਿਆਂ ਨੂੰ ਪੰਜਾਬੀ ਭਾਸ਼ਾਈ ਬੱਚੇ ਕਹਿਣਾ ਵੀ ਦਰੁਸਤ ਨਹੀਂ ਜਾਪਦਾ। ਪੰਜਾਬ ਵਿਚ ਚੱਲ ਰਹੇ ਭਾਸ਼ਾ ਵਿਵਹਾਰ ਨੂੰ ਉੱਪਰਲੀ ਚਰਚਾ ਦੀ ਰੋਸ਼ਨੀ ਵਿਚ ਵੇਖਣਾ ਜ਼ਰੂਰੀ ਹੈ। ਜਿਵੇਂ ਕਿ ਇਸ ਲੇਖ ਦੇ ਸ਼ੁਰੂ ਵਿਚ ਹੀ ਕਿਹਾ ਗਿਆ ਹੈ, ਪਿਛਲੇ ਤਿੰਨ ਦਹਾਕਿਆਂ ਤੋਂ ਵੱਖ-ਵੱਖ ਖੇਤਰਾਂ (ਖ਼ਾਸ ਤੌਰ 'ਤੇ ਸਿੱਖਿਆ) ਵਿਚ ਅੰਗਰੇਜ਼ੀ ਭਾਸ਼ਾ ਦਾ ਦਖਲ ਦਿਨੋ-ਦਿਨ ਵਧਦਾ ਜਾ ਰਿਹਾ ਹੈ। ਇਹ ਬਹੁਤ ਹੀ ਮੰਦਭਾਗਾ ਹੈ ਕਿ ਸ਼੍ਰੋਮਣੀ ਕਮੇਟੀ ਅਤੇ ਅਕਾਲ ਅਕਾਦਮੀਆਂ ਜਿਹੀਆਂ ਧਾਰਮਿਕ ਸੰਸਥਾਵਾਂ ਵੱਲੋਂ ਚਲਾਏ ਜਾ ਰਹੇ ਸਕੂਲ ਵੀ ਅੰਗਰੇਜ਼ੀ ਮਾਧਿਅਮ ਵਿਚ ਸਿੱਖਿਆ ਦੇ ਰਹੇ ਹਨ। ਇਸ ਤੋਂ ਵੀ ਮੰਦਭਾਗਾ ਹੈ ਕਿ ਪੰਜਾਬ ਸਰਕਾਰ ਵੱਲੋਂ ਚਲਾਏ ਜਾ ਰਹੇ ਮਾਡਲ ਅਤੇ ਆਦਰਸ਼ ਸਕੂਲ ਵੀ ਅੰਗਰੇਜ਼ੀ ਮਾਧਿਅਮ ਵਿਚ ਸਿੱਖਿਆ ਦੇ ਰਹੇ ਹਨ। ਇਹ ਸੰਸਥਾਵਾਂ ਭਾਵੇਂ ਕਿੰਨੇ ਵੀ ਨੇਕ ਇਰਾਦਿਆਂ ਨਾਲ ਸ਼ੁਰੂ ਕੀਤੀਆਂ ਗਈਆਂ ਹੋਣ, ਇਨ੍ਹਾਂ ਬਾਰੇ ਦੋ ਗੱਲਾਂ ਬੜੀਆਂ ਸਾਫ਼ ਹਨ-ਇਕ ਤਾਂ ਇਹ ਕਿ ਇਹ ਸਿੱਖਿਆ (ਅਤੇ ਭਾਸ਼ਾ) ਬਾਰੇ ਸੌ ਫੀਸਦੀ ਅਗਿਆਨਤਾ ਦੀ ਪੈਦਾਇਸ਼ ਹਨ ਅਤੇ ਦੂਜੇ ਕਿ ਇਤਿਹਾਸ ਅੰਗਰੇਜ਼ੀ ਮਾਧਿਅਮ ਸੰਸਥਾਵਾਂ ਦੇ ਸੂਤਰਧਾਰਾਂ ਨੂੰ ਪੰਜਾਬ ਦੀ ਸਿੱਖਿਆ ਅਤੇ ਪੰਜਾਬੀ ਭਾਸ਼ਾ ਦੇ ਕਾਤਲਾਂ ਦਾ ਖਿਤਾਬ ਨਿਸਚਤ ਤੌਰ 'ਤੇ ਦੇਣ ਵਾਲਾ ਹੈ। ਸਹੀ ਨੀਤੀ ਨੇਕ ਨੀਅਤ ਜਿੰਨੀ ਹੀ ਜ਼ਰੂਰੀ ਹੈ (ਬਲਕਿ ਵਧੇਰੇ ਜ਼ਰੂਰੀ)।

ਨਵੀਂ ਪੰਜਾਬ ਸਰਕਾਰ ਨੂੰ ਬੇਨਤੀ ਹੈ ਕਿ ਦੁਨੀਆ ਦੇ ਸਿੱਖਿਆ ਅਤੇ ਭਾਸ਼ਾ ਤਜਰਬੇ 'ਤੇ ਨਜ਼ਰਸਾਨੀ ਲਈ ਆਪਣੇ ਸੜਕੀ ਰੁਝੇਵਿਆਂ 'ਚੋਂ ਕੁਝ ਸਮਾਂ ਕੱਢਣ ਦੀ ਕਿਰਪਾਲਤਾ ਕਰੇ ਅਤੇ ਪੰਜਾਬੀ ਭਾਸ਼ਾ (ਅਤੇ ਪੰਜਾਬ ਦੀ ਸਿੱਖਿਆ) ਨੂੰ ਬਚਾਉਣ ਲਈ ਤੁਰੰਤ ਹੇਠਲੇ ਲੋੜੀਂਦੇ ਕਦਮ ਚੁੱਕੇ:

?. ਪੰਜਾਬ ਦੀ ਸਾਰੀ ਸਿੱਖਿਆ ਪੰਜਾਬੀ ਭਾਸ਼ਾ ਵਿਚ ਕਰਨ ਦਾ ਟੀਚਾ ਇਕ ਨਿਸਚਤ ਸਮੇਂ ਵਿਚ ਪ੍ਰਾਪਤ ਕਰਨ ਦਾ ਤੁਰੰਤ ਐਲਾਨ ਕੀਤਾ ਜਾਵੇ। ਸਕੂਲ ਪੱਧਰ ਦੀ ਸਿੱਖਿਆ ਲਈ ਇਹ ਸਮਾਂ ਤਿੰਨ ਸਾਲ ਅਤੇ ਉਚੇਰੀ ਸਿੱਖਿਆ ਲਈ ਛੇ ਸਾਲ ਮਿਥਿਆ ਜਾਵੇ।

ਅ. ਇਹ ਟੀਚਾ ਪ੍ਰਾਪਤ ਕਰਨ ਲਈ ਲੋੜੀਂਦੀ ਸਮੱਗਰੀ ਤਿਆਰ ਕਰਨ ਲਈ ਸਮਾਂ-ਬੱਧ ਯੋਜਨਾਵਾਂ ਸ਼ੁਰੂ ਕੀਤੀਆਂ ਜਾਣ। ਇਹ ਕੰਮ ਪੰਜਾਬੀ ਯੂਨੀਵਰਸਿਟੀ ਨੂੰ ਸੌਂਪਿਆ ਜਾਵੇ ਜੋ ਇਸ ਨਾਲ ਸਾਰੇ ਅਦਾਰਿਆਂ ਨੂੰ ਜੋੜ ਕੇ ਲੋੜੀਂਦੀ ਸਮੱਗਰੀ ਤਿਆਰ ਕਰੇ। ਇਸ ਕੰਮ ਲਈ ਪੰਜਾਬੀ ਯੂਨੀਵਰਸਿਟੀ ਨੂੰ 50 ਕਰੋੜ ਰੁਪਏ ਦੀ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਜਾਵੇ। ਅੱਠਵੀਂ ਜਮਾਤ ਤੱਕ ਦੀ ਸਿੱਖਿਆ ਵਿਚ ਅੰਗਰੇਜ਼ੀ ਮਾਧਿਅਮ ਤੁਰੰਤ ਬੰਦ ਕੀਤਾ ਜਾਵੇ। ਨੌਂਵੀਂ ਤੇ ਬਾਰ੍ਹਵੀਂ ਜਮਾਤ ਲਈ ਅੰਗਰੇਜ਼ੀ ਮਾਧਿਅਮ ਸਕੂਲਾਂ ਨੂੰ ਘੱਟੋ-ਘੱਟ ਅੱਧੇ ਵਿਸ਼ੇ ਤੁਰੰਤ ਪੰਜਾਬੀ ਵਿਚ ਪੜ੍ਹਾਉਣ ਦੇ ਆਦੇਸ਼ ਦਿੱਤੇ ਜਾਣ।

ਸ. ਮੌਜੂਦਾ ਭਾਸ਼ਾ ਐਕਟ ਕੇਵਲ ਦਫ਼ਤਰੀ ਪੱਤਰ-ਵਿਹਾਰ ਨੂੰ ਹੀ ਪੰਜਾਬੀ ਵਿਚ ਕਰਨ ਦਾ ਆਦੇਸ਼ ਦਿੰਦਾ ਹੈ ਅਤੇ ਇਹ ਐਕਟ ਸਿਰਫ ਸਰਕਾਰੀ ਅਦਾਰਿਆਂ 'ਤੇ ਹੀ ਲਾਗੂ ਹੁੰਦਾ ਹੈ। ਇਹ ਸੋਧ ਕੇ ਇਸ ਵਿਚ ਸਾਰਾ ਦਫ਼ਤਰੀ ਕੰਮ-ਕਾਜ ਸ਼ਾਮਿਲ ਕੀਤਾ ਜਾਵੇ ਅਤੇ ਇਸ ਵਿਚ ਨਿੱਜੀ ਅਦਾਰਿਆਂ ਨੂੰ ਵੀ ਸ਼ਾਮਿਲ ਕੀਤਾ ਜਾਵੇ।

# ਭਗਤ ਕਬੀਰ ਸਾਹਿਬ ਜੀ ਜੀਵਨ ਅਤੇ ਸਿਖਿਆਵਾਂ



ਭਾਰਤ ਦੀ ਧਰਤੀ ਉੱਪਰ ਬਹੁਤ ਸਾਰੀਆਂ ਮਹਾਨ ਸ਼ਖ਼ਸੀਅਤਾਂ ਨੇ ਜਨਮ ਲਿਆ ਹੈ ਅਤੇ ਉਨ੍ਹਾਂ ਦੇ ਕੁਝ ਮਹਾਨ ਕਾਰਨਾਮਿਆਂ ਦੀ ਬਦੌਲਤ ਉਨ੍ਹਾਂ ਦਾ ਨਾਮ ਰਹਿੰਦੀ ਦੁਨੀਆਂ ਤੱਕ ਰਹੇਗਾ। ਭਾਰਤ ਦੀ ਧਰਤੀ ਬਹੁਤ ਸਾਰੇ ਮਹਾਨ ਰਿਸ਼ੀਆਂ-ਮੁਨੀਆਂ, ਪੀਰਾਂ ਤੇ ਪੈਗੰਬਰਾਂ ਦੀ ਧਰਤੀ ਹੈ। ਭਗਤ ਕਬੀਰ ਜੀ ਉਨ੍ਹਾਂ ਮਹਾਨ ਸ਼ਖ਼ਸੀਅਤਾਂ ਵਿੱਚੋਂ ਇੱਕ ਹਨ। ਭਗਤ ਕਬੀਰ ਜੀ ਦੇ ਜਨਮ ਸੰਬੰਧੀ ਵੱਖ ਵੱਖ ਸਾਖੀਆਂ ਪ੍ਰਚਲਿਤ ਹਨ। ਇੱਕ ਮਨੌਤ ਅਨੁਸਾਰ ਉਨ੍ਹਾਂ ਦਾ ਜਨਮ 1440 ਵਿੱਚ ਲਾਹੌਰ, ਜੋ ਅੱਜ ਕੱਲ ਪਾਕਿਸਤਾਨ ਵਿੱਚ ਹੈ; ਵਿਖੇ ਹੋਇਆ ਮੰਨਿਆ ਜਾਂਦਾ ਹੈ। ਭਾਈ ਕਾਹਨ ਸਿੰਘ ਨਾਭਾ ਕ੍ਰਿਤ 'ਮਹਾਨ ਕੋਸ਼' ਅਨੁਸਾਰ ਭਗਤ ਕਬੀਰ ਜੀ ਦਾ ਜਨਮ ਇੱਕ ਵਿਧਵਾ ਬ੍ਰਾਹਮਣੀ ਦੇ ਉਦਰ ਤੋਂ ਜੇਠ ਸੁਦੀ 15 ਸੰਮਤ 1455 ਭਾਵ ਗੁਰੂ ਨਾਨਕ ਸਾਹਿਬ ਜੀ ਤੋਂ ਲਗਪਗ 71 ਸਾਲ ਪਹਿਲਾਂ ਹੋਇਆ। ਇਨ੍ਹਾਂ ਦੀ ਮਾਤਾ ਨੇ ਬਨਾਰਸ ਕੋਲ ਲਹਿਰ- ਤਲਾਉ ਦੇ ਪਾਸ ਨਵੇਂ ਜਨਮੇ ਬਾਲਕ ਨੂੰ ਰੱਖ ਦਿੱਤਾ; ਜਿਸ 'ਤੇ ਤਰਸ ਖਾ ਕੇ ਅਲੀ (ਨੀਰੂ) ਜੁਲਾਹੇ ਨੇ ਆਪਣੇ ਘਰ ਲੈ ਆਂਦਾ ਅਤੇ ਉਸ ਦੀ ਇਸਤ੍ਰੀ ਨੀਮਾ ਨੇ ਪੁੱਤ੍ਰ ਮੰਨ ਕੇ ਪਾਲ੍ਹਿਆ। ਯੋਗ ਸਮੇਂ ਮੁਸਲਮਾਨੀ ਮਤ ਅਨੁਸਾਰ ਬੱਚੇ ਦਾ ਨਾਉਂ 'ਕਬੀਰ' ਰੱਖਿਆ ਗਿਆ। 'ਕਬੀਰ' ਅਰਬੀ ਸ਼ਬਦ ਅਲ-ਕਬੀਰ ਤੋਂ ਆਇਆ ਹੈ, ਜਿਸ ਦਾ ਅਰਥ ਹੈ 'ਮਹਾਨ'। ਪੁੱਤਰ ਮੰਨ ਕੇ ਉਨ੍ਹਾਂ ਦੀ ਪਾਲਣਾ ਕਰਨ ਵਾਲੇ ਮਾਤਾ ਪਿਤਾ ਨੇ ਉਨ੍ਹਾਂ ਨੂੰ ਇਸਲਾਮ ਦੀ ਸਿੱਖਿਆ ਦਿੱਤੀ, ਪਰ ਕਬੀਰ ਜੀ ਦਾ ਸੁਭਾਵਕ ਝੁਕਾਅ ਹਿੰਦੂ ਮਤ ਵੱਲ ਸੀ। ਜਵਾਨ ਅਵਸਥਾ ਹੋਣ ਪੁਰ ਆਪ ਦੀ ਸ਼ਾਦੀ 'ਬੀਬੀ ਲੋਈ' ਨਾਲ ਹੋਈ, ਜਿਸ ਤੋਂ 'ਕਮਾਲ' ਪੁੱਤਰ ਪੈਦਾ ਹੋਇਆ। ਕਬੀਰ ਜੀ ਨੇ ਰਾਮਾਨੰਦ ਜੀ ਤੋਂ ਰਾਮ ਨਾਮ ਦਾ ਉਪਦੇਸ਼ ਲੈ ਕੇ ਵੈਸ਼ਨਵ ਮਤ ਧਾਰਨ ਕੀਤਾ। ਕਾਸ਼ੀ ਵਿਦਵਾਨਾਂ ਦਾ ਅਸਥਾਨ ਹੋਣ ਕਰਕੇ ਕਬੀਰ ਜੀ ਨੂੰ ਮਤ ਮਤਾਂਤਰਾਂ ਦੇ ਨਿਯਮ ਜਾਣਨ ਅਤੇ ਚਰਚਾ ਕਰਨ ਦਾ ਚੰਗਾ ਮੌਕਾ ਮਿਲਿਆ ਅਤੇ ਤੀਖਣ ਬੁੱਧੀ ਹੋਣ ਕਰਕੇ ਏਹ ਖੰਡਨ ਮੰਡਨ ਵਿੱਚ ਵੱਡੇ ਨਿਪੁੰਨ ਹੋ ਗਏ। ਬਹੁਤ ਚਿਰ ਪੂਰਨ ਗਿਆਨੀਆਂ ਦੀ ਸੰਗਤ ਕਰਕੇ ਆਪ ਤੱਤ ਗਿਆਨੀ ਹੋਏ ਅਤੇ ਆਪਣੀ ਸੰਗਤ ਤੋਂ ਅਨੇਕਾਂ ਨੂੰ ਲਾਭ ਪਹੁੰਚਾਇਆ। ਕਾਸ਼ੀ ਵਿੱਚ ਕਬੀਰ ਜੀ ਦਾ ਅਸਥਾਨ 'ਕਬੀਰ ਚੌਰਾ' ਨਾਉਂ ਤੋਂ ਪ੍ਰਸਿੱਧ ਹੈ। ਲਹਿਰ ਤਲਾਉ 'ਤੇ ਭੀ ਆਪ ਜੀ ਦਾ ਮੰਦਿਰ ਹੈ। ਕਬੀਰ ਜੀ ਦੀ ਬਾਣੀ ਦਾ ਸੰਗ੍ਰਹਿ, ਜੋ ਧਰਮ ਦਾਸ ਅਤੇ ਸੂਰਤ ਗੋਪਾਲ ਆਦਿ ਚੇਲਿਆਂ ਨੇ ਕੀਤਾ ਹੈ, ਉਸ ਦਾ ਨਾਉਂ 'ਕਬੀਰ ਬੀਜਕ' ਹੈ। ਰਿਆਸਤ ਰੀਵਾ ਵਿੱਚ 'ਕਬੀਰ ਬੀਜਕ' ਧਰਮ ਦਾਸ ਦਾ ਲਿਖਿਆ ਹੋਇਆ ਸੰਮਤ 1521 ਦਾ ਦੱਸਿਆ ਜਾਂਦਾ ਹੈ। ਇਸ ਤੋਂ ਇਲਾਵਾ ਕਬੀਰ ਗ੍ਰੰਥਾਵਲੀ, ਸਾਖੀ ਕਬੀਰ ਅਤੇ ਅਨੁਰਾਗ ਸਾਗਰ ਆਪ ਜੀ ਦੀਆਂ ਮੁੱਖ ਰਚਨਾਵਾਂ ਹਨ। ਕਬੀਰ ਜੀ ਦੀ ਬਾਣੀ ਦਾ ਦੂਜਾ ਵੱਡਾ ਅਤੇ ਪ੍ਰਮਾਣਿਕ ਸਰੋਤ 'ਗੁਰੂ ਗ੍ਰੰਥ ਸਾਹਿਬ ਜੀ' ਹਨ। 'ਗੁਰੂ ਗ੍ਰੰਥ ਸਾਹਿਬ ਜੀ' ਵਿੱਚ ਆਪ ਜੀ ਦੀ ਬਾਣੀ 17 ਰਾਗਾਂ ਵਿੱਚ ਉਪਲਬਧ ਹੈ ਜਿਸ ਵਿੱਚ ਕੁੱਲ 225 ਸ਼ਬਦ, 3 ਅਸਟਪਦੀਆਂ, 1 ਬਾਵਨ ਅੱਖਰੀ, 1 ਥਿਤੀ, 1 ਸਤ ਵਾਰ ਤੇ 243 ਸਲੋਕ ਦਰਜ ਹਨ। ਇਤਿਹਾਸ 'ਰਾਮਾਨੰਦ ਸਾਗਰ' ਜੀ ਨੂੰ ਭਗਤ ਕਬੀਰ ਜੀ ਦੇ ਗੁਰੂ ਹੋਣ ਬਾਰੇ ਬਿਆਨ ਕਰਦਾ ਹੈ। ਆਪ ਜੀ ਦੀਆਂ ਲਿਖਤਾਂ ਨੇ ਭਗਤੀ ਲਹਿਰ ਉੱਤੇ ਬਹੁਤ ਪ੍ਰਭਾਵ ਪਾਇਆ। ਕਬੀਰ ਜੀ ਦੀ ਫ਼ਿਲਾਸਫ਼ੀ ਦਾ ਗੁਰਮਤਿ ਵਿਚਾਰਧਾਰਾ ਨਾਲ ਬਹੁਤ ਸੁਮੇਲ ਹੈ। ਕਬੀਰ ਜੀ ਦੇ ਵਿਰਸੇ ਨੂੰ ਅੱਜ 'ਕਬੀਰ ਪੰਥ' ਅੱਗੇ ਲਿਜਾ ਰਿਹਾ ਹੈ। ਇਹ ਸੰਤ ਮਤ ਪੰਥਾਂ ਵਿਚੋਂ ਇੱਕ ਹੈ ਅਤੇ ਇਸ ਦੇ ਅਨੁਯਾਈ ਉੱਤਰੀ ਅਤੇ ਕੇਂਦਰੀ ਭਾਰਤ ਵਿੱਚ ਫੈਲੇ ਹੋਏ ਹਨ।

ਜਦ ਸਿਕੰਦਰ ਲੋਧੀ ਸੰਮਤ 1547 ਵਿੱਚ ਬਨਾਰਸ ਆਇਆ, ਤਦ ਕਬੀਰ ਜੀ ਨੂੰ ਮੁਤੱਸਵੀ ਮੁਸਲਮਾਨਾਂ ਦੀ ਤੰਗ ਦ੍ਰਿਸ਼ਟੀ ਕਰਕੇ ਬਹੁਤ ਕਸ਼ਟ ਦਿੱਤੇ ਗਏ, ਜਿਸ ਦਾ ਜ਼ਿਕਰ ਕਬੀਰ ਜੀ ਨੇ ਗੋਂਡ ਰਾਗੁ ਵਿੱਚ ਉਚਾਰਨ ਕੀਤੇ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ 870 ਉੱਪਰ ਦਰਜ ਸ਼ਬਦ ਵਿੱਚ ਇਸ ਤਰ੍ਹਾਂ ਕੀਤਾ ਹੈ: ਭੁਜਾ ਬਾਂਧਿ ਭਿਲਾ ਕਰਿ ਡਾਰਿਓ ॥ ਹਸਤੀ ਕ੍ਰੋਪਿ ਮੂੰਡ ਮਹਿ ਮਾਰਿਓ ॥ ਹਸਤਿ ਭਾਗਿ ਕੈ ਚੀਸਾ ਮਾਰੈ ॥ ਇਆ ਮੂਰਤਿ ਕੈ ਹਉ ਬਲਿਹਾਰੈ॥ ਭਾਵ ਮੇਰੀਆਂ ਬਾਹਾਂ ਬੰਨ੍ਹ ਕੇ ਢੇਮ ਵਾਂਗ (ਮੈਨੂੰ ਇਹਨਾਂ ਲੋਕਾਂ ਨੇ ਹਾਥੀ ਅੱਗੇ) ਸੁੱਟ ਦਿੱਤਾ, (ਮਹਾਵਤ ਨੇ) ਗੁੱਸੇ ਵਿਚ ਆ ਕੇ ਹਾਥੀ ਦੇ ਸਿਰ ਉੱਤੇ (ਕੁੰਡੀ ਦੀ ਚੋਟ) ਮਾਰੀ। ਪਰ ਹਾਥੀ (ਮੈਨੂੰ ਪੈਰਾਂ ਹੇਠ ਲਿਤਾੜਨ ਦੀ ਬਜਾਏ) ਚੀਕਾਂ ਮਾਰ ਕੇ (ਹੋਰ ਪਾਸੇ) ਭੱਜਦਾ ਹੈ, (ਜਿਵੇਂ ਆਖਦਾ ਹੋਵੇ ਕਿ) ਮੈਂ ਸਦਕੇ ਹਾਂ ਇਸ ਸੋਹਣੇ ਬੰਦੇ ਤੋਂ।

ਪਰ ਅੰਤ ਨੂੰ ਇਨ੍ਹਾਂ ਦੀ ਬਜ਼ੁਰਗੀ ਦਾ ਅਸਰ ਬਾਦਸ਼ਾਹ ਦੇ ਚਿੱਤ ਉੱਪਰ ਹੋਇਆ। ਪੁਜਾਰੀ ਵਰਗ ਵੱਲੋਂ ਪ੍ਰਚਲਿਤ ਕੀਤੀ ਇਸ ਗ਼ਲਤ ਮਨੌਤ ਕਿ 'ਕਾਸ਼ੀ ਵਿੱਚ ਮਰਨ ਵਾਲੇ ਨੂੰ ਮੁਕਤੀ ਮਿਲਦੀ ਹੈ ਅਤੇ ਮਗਹਰ ਮਰਨ ਵਾਲੇ ਦੀ ਗਤਿ ਨਹੀਂ ਹੁੰਦੀ' ਦਾ ਖੰਡਨ ਕਰਨ ਲਈ ਕਬੀਰ ਸਾਹਿਬ ਜੀ ਆਪਣੇ ਦੇਹਾਂਤ ਤੋਂ ਕੁਛ ਸਮਾਂ ਪਹਿਲਾਂ ਮਗਹਰ (ਜੋ ਗੋਰਖਪੁਰ ਤੋਂ ਪੱਛਮ ਵੱਲ 15 ਮੀਲ ਦੀ ਦੂਰੀ 'ਤੇ ਹੈ) ਜਾ ਕੇ ਵੱਸ ਗਏ। ਪੁਜਾਰੀ ਵਰਗ ਵੱਲੋਂ ਪਾਏ ਇਨ੍ਹਾਂ ਵਹਿਮਾ ਭਰਮਾ ਵਿਚੋਂ ਕੱਢਣ ਲਈ ਉਨ੍ਹਾਂ ਇਹ ਸ਼ਬਦ ਉਚਾਰਨ ਕੀਤੇ, ਜੋ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਹਨ: ਜਿਉ, ਜਲ ਛੋਡਿ; ਬਾਹਰਿ ਭਇਓ ਮੀਨਾ ॥ ਪੂਰਬ ਜਨਮ; ਹਉ ਤਪ ਕਾ ਹੀਨਾ ॥1॥ ਅਬ ਕਹੁ, ਰਾਮ ਕਵਨ ਗਤਿ ਮੋਰੀ ? ॥ ਤਜੀ ਲੇ ਬਨਾਰਸ; ਮਤਿ ਭਈ ਥੋਰੀ ॥1॥ ਰਹਾਉ ॥ ਸਗਲ ਜਨਮੁ, ਸਿਵ ਪੁਰੀ ਗਵਾਇਆ ॥ ਮਰਤੀ ਬਾਰ, ਮਗਹਰਿ ਉਠਿ ਆਇਆ ॥2॥ ਬਹੁਤੁ ਬਰਸ, ਤਪੁ ਕੀਆ ਕਾਸੀ ॥ ਮਰਨੁ ਭਇਆ, ਮਗਹਰ ਕੀ ਬਾਸੀ ॥3॥ ਕਾਸੀ ਮਗਹਰ ਸਮ ਬੀਚਾਰੀ ॥ ਓਛੀ ਭਗਤਿ; ਕੈਸੇ ਉਤਰਸਿ ਪਾਰੀ ?॥4॥ ਕਹੁ, ਗੁਰ ਗਜ ਸਿਵ; ਸਭੁ ਕੋ ਜਾਨੈ ॥ ਮੁਆ ਕਬੀਰੁ, ਰਮਤ ਸ੍ਰੀ ਰਾਮੈ ॥5॥ (ਭਗਤ ਕਬੀਰ ਜੀ /ਪੰਨਾ 326), ਤੋਰੇ ਭਰੋਸੇ ਮਗਹਰ ਬਸਿਓ; ਮੇਰੇ ਤਨ ਕੀ ਤਪਤਿ ਬੁਝਾਈ ॥ ਪਹਿਲੇ ਦਰਸਨੁ ਮਗਹਰ ਪਾਇਓ; ਫੁਨਿ ਕਾਸੀ ਬਸੇ ਆਈ ॥2॥ ਜੈਸਾ ਮਗਹਰੁ, ਤੈਸੀ ਕਾਸੀ; ਹਮ ਏਕੈ ਕਰਿ ਜਾਨੀ ॥ ਹਮ ਨਿਰਧਨ ਜਿਉ ਇਹੁ ਧਨੁ ਪਾਇਆ; ਮਰਤੇ ਫੂਟਿ ਗੁਮਾਨੀ ॥3॥ (ਭਗਤ ਕਬੀਰ ਜੀ /ਪੰਨਾ 969)

ਕਬੀਰ ਜੀ ਅਨੁਸਾਰ ਸਾਡਾ ਸਾਰਾ ਜੀਵਨ ਦੋ ਧਾਰਮਿਕ ਸਿਧਾਂਤਾਂ ਦੇ ਇਰਦ-ਗਿਰਦ ਹੀ ਘੁੰਮਦਾ ਹੈ: ਇੱਕ ਤਾਂ ਸਾਡੀ ਜੀਵ ਆਤਮਾ ਹੈ ਤੇ ਦੂਜਾ ਪ੍ਰਮਾਤਮਾ ਹੈ। ਕਬੀਰ ਜੀ ਇਨ੍ਹਾਂ ਦੋਹਾਂ ਸਿਧਾਂਤਾਂ ਵਿੱਚ ਮੇਲ਼ ਹੋਣ ਨੂੰ ਮੁਕਤੀ ਦਾ ਰਾਹ ਦੱਸਦੇ ਹਨ। ਕਬੀਰ ਜਾਤ ਪਾਤ ਤੋਂ ਮੁਕਤ ਹਨ। ਜਾਤ ਅਭਿਮਾਨੀ ਬ੍ਰਾਹਮਣਾਂ ਨੂੰ ਤਾਂ ਉਹ ਵੰਗਾਰ ਕੇ ਆਖਦੇ ਹਨ:

(1). ਸਾਰੇ ਜੀਵਾਂ ਦੀ ਉਤਪਤੀ ਪਰਮਾਤਮਾ ਦੀ ਅੰਸ਼ ਤੋਂ (ਹੋ ਰਹੀ) ਹੈ ਭਾਵ ਸਭ ਦਾ ਮੂਲ ਪਰਮਾਤਮਾ ਆਪ ਹੈ; ਮਾਂ ਦੇ ਪੇਟ ਵਿਚ ਤਾਂ ਕਿਸੇ ਨੂੰ ਇਹ ਸਮਝ ਨਹੀਂ ਹੁੰਦੀ ਕਿ ਮੈਂ ਕਿਸ ਕੁਲ ਦਾ ਹਾਂ: ਗਰਭ ਵਾਸ ਮਹਿ, ਕੁਲੁ ਨਹੀ ਜਾਤੀ ॥ ਬ੍ਰਹਮ ਬਿੰਦੁ ਤੇ, ਸਭ ਉਤਪਾਤੀ ॥

ਸ਼ਬਦ ਦੇ ਤੱਤ-ਸਾਰ (ਰਹਾਉ) ਰਾਹੀਂ ਸਮਝਾਉਂਦੇ ਹਨ ਕਿ ਹੇ ਪੰਡਿਤ ! ਦੱਸ ਤੁਸੀਂ ਬ੍ਰਾਹਮਣ ਕਦੋਂ ਤੋਂ ਬਣ ਗਏ ਹੋ ? ਇਹ ਆਖ ਆਖ ਕੇ ਕਿ ਮੈਂ ਬ੍ਰਾਹਮਣ ਹਾਂ, ਮੈਂ ਬ੍ਰਾਹਮਣ ਹਾਂ, ਮਨੁੱਖਾ ਜਨਮ (ਅਹੰਕਾਰ ਵਿਚ ਅਜਾਈਂ) ਨਾ ਗਵਾਓ: ਕਹੁ ਰੇ ਪੰਡਿਤ ! ਬਾਮਨ ਕਬ ਕੇ ਹੋਏ ॥ ਬਾਮਨ ਕਹਿ ਕਹਿ, ਜਨਮੁ ਮਤ ਖੋਏ ॥1॥ ਰਹਾਉ ॥

(2). ਜੇ (ਹੇ ਪੰਡਿਤ !) ਤੂੰ (ਸੱਚ-ਮੁੱਚ) ਬ੍ਰਾਹਮਣ ਹੈਂ ਤੇ ਬ੍ਰਾਹਮਣੀ ਦੇ ਪੇਟੋਂ ਜੰਮਿਆ ਹੈਂ ਤਾਂ ਕਿਸੇ ਹੋਰ (ਮਾਤਾ ਦੇ ਗਰਭ ਤੋਂ ਬਿਨਾਂ) ਰਾਸਤੇ ਕਿਉਂ ਨਹੀਂ ਜੰਮ ਪਿਆ ? ਪਰ ਜੇ ਅਸੀਂ ਸਾਰਿਆਂ ਨੇ ਹੀ ਮਾਤਾ ਦੇ ਗਰਭ ਰਾਹੀਂ ਜਨਮ ਲਿਆ ਹੈ, ਫਿਰ ਤੂੰ ਵਿਸ਼ੇਸ਼ ਕਿਵੇਂ : ਜੌ ਤੂੰ ਬ੍ਰਾਹਮਣੁ, ਬ੍ਰਹਮਣੀ ਜਾਇਆ ॥ ਤਉ ਆਨ ਬਾਟ, ਕਾਹੇ ਨਹੀ ਆਇਆ ॥2॥

(3). (ਹੇ ਪੰਡਿਤ !) ਤੁਸੀਂ ਕਿਵੇਂ ਬ੍ਰਾਹਮਣ (ਬਣ ਗਏ) ? ਅਤੇ ਅਸੀਂ ਕਿਵੇਂ ਸ਼ੂਦਰ (ਰਹਿ ਗਏ) ? ਅਗਰ ਸਾਡੇ ਸਰੀਰ ਵਿਚ ਲਹੂ ਹੈ ? ਤਾਂ ਤੁਹਾਡੇ ਸਰੀਰ ਵਿਚ ਕਿਹੜਾ (ਲਹੂ ਦੀ ਥਾਂ) ਦੁੱਧ ਹੈ ?: ਤੁਮ ਕਤ ਬ੍ਰਾਹਮਣ ? ਹਮ ਕਤ ਸੂਦ ? ॥ ਹਮ ਕਤ ਲੋਹੂ ? ਤੁਮ ਕਤ ਦੂਧ ? ॥3॥

(4). ਦਰਅਸਲ, ਕਬੀਰ ਜੀ ਆਖਦੇ ਹਨ ਕਿ ਅਸੀਂ ਤਾਂ ਉਸ ਮਨੁੱਖ ਨੂੰ ਬ੍ਰਾਹਮਣ ਮੰਨਦੇ ਹਾਂ ਜੋ ਸਦਾ ਪਰਮਾਤਮਾ (ਬ੍ਰਹਮ) ਨੂੰ ਵੀਚਾਰਦਾ (ਯਾਦ ਕਰਦਾ) ਰਹਿੰਦਾ ਹੈ : ਕਹੁ ਕਬੀਰ ! ਜੋ ਬ੍ਰਹਮੁ ਬੀਚਾਰੈ ॥ ਸੋ ਬ੍ਰਾਹਮਣੁ, ਕਹੀਅਤੁ ਹੈ ਹਮਾਰੈ ॥4॥ (ਭਗਤ ਕਬੀਰ/੩੨੪)

ਕਬੀਰ ਜੀ ਮਹਾਰਾਜ, ਮਨੁੱਖ ਨੂੰ ਜੀਵਨ-ਮਰਨ ਦੇ ਚੱਕਰ ਦੀ ਚਿੰਤਾ ਤੋਂ ਮੁਕਤ ਹੋਣ ਲਈ ਪ੍ਰਭੂ ਜੀ ਦੀ ਭਗਤੀ ਵੱਲ ਪ੍ਰੇਰਦੇ ਹਨ। ਕਬੀਰ ਜੀ ਨੂੰ ਮਰਨ ਦਾ ਕੋਈ ਵੀ ਭੈਅ ਨਹੀਂ ਸਤਾਉਂਦਾ, ਉਹ ਕਹਿੰਦੇ ਹਨ ਕਿ ਦੁਨਿਆਵੀ ਬੰਧਨਾਂ ਵਿੱਚ ਫਸ ਕੇ ਜੀਵ-ਆਤਮਾਵਾਂ ਦੁੱਖ ਭੋਗਦੀਆਂ ਹਨ। ਮਨ ਦੀਆਂ ਇਛਾਵਾਂ ਮਰਨ ਤੋਂ ਬਾਅਦ ਹੀ ਉਹ ਸੁੱਖ ਸ਼ਾਂਤ ਰਹਿ ਸਕਦੀਆਂ ਹਨ ਭਾਵ ਮਨ ਦੀਆਂ ਇਛਾਵਾਂ ਮਰਨ ਤੋਂ ਬਾਅਦ ਹੀ ਅਸਲ ਮੁਕਤੀ ਪ੍ਰਾਪਤ ਹੁੰਦੀ ਹੈ।

ਮੁਕਤੀ ਬਾਰੇ ਕਬੀਰ ਜੀ ਦੇ ਵਚਨ ਹਨ ਕਿ ('ਦੁਨੀਆ' ਦੀ ਖ਼ਾਤਰ 'ਦੀਨ' ਨੂੰ ਵਿਸਾਰ ਕੇ ਮਨੁੱਖ ਧਨ-ਪਦਾਰਥ, ਪੁੱਤ੍ਰ, ਇਸਤ੍ਰੀ ਆਦਿਕ ਕਈ ਮਿੱਤ੍ਰ ਬਣਾਉਂਦਾ ਹੈ ਅਤੇ ਇਹਨਾਂ ਤੋਂ ਸੁੱਖ ਦੀ ਆਸ ਰੱਖਦਾ ਹੈ, ਜਿਸ ਕਾਰਨ ਇਹਨਾਂ ਨਾਲੋਂ ਮੋਹ ਤੋੜ ਨਹੀਂ ਸਕਦਾ; ਪਰ) ਹੇ ਕਬੀਰ ! ਜਿਸ (ਮੋਹ ਦੇ ਤਿਆਗ-ਰੂਪ) ਮੌਤ ਤੋਂ ਜਗਤ ਡਰਦਾ ਹੈ, ਉਸ (ਮੌਤ) ਨਾਲ ਮੇਰੇ ਮਨ ਵਿਚ ਖ਼ੁਸ਼ੀ ਪੈਦਾ ਹੁੰਦੀ ਹੈ; 'ਦੁਨੀਆ' ਦੇ ਇਸ ਮੋਹ ਵੱਲੋਂ ਮਰਿਆਂ ਹੀ ਉਹ ਪਰਮਾਤਮਾ ਮਿਲਦਾ ਹੈ, ਜੋ ਮੁਕੰਮਲ ਤੌਰ 'ਤੇ ਆਨੰਦ ਸਰੂਪ ਹੈ: ਕਬੀਰ ! ਜਿਸੁ ਮਰਨੇ ਤੇ ਜਗੁ ਡਰੈ, ਮੇਰੇ ਮਨਿ ਆਨੰਦੁ ॥ ਮਰਨੇ ਹੀ ਤੇ, ਪਾਈਐ ਪੂਰਨੁ ਪਰਮਾਨੰਦੁ ॥ (ਕਬੀਰ ਜੀ/1365)

ਪੁਜਾਰੀ ਵਰਗ ਵੱਲੋਂ ਪ੍ਰਭੂ ਸਿਮਰਨ ਨੂੰ ਵਿਸਾਰ ਕੇ ਹੋਰ ਵਿਖਾਵੇ ਦੇ ਧਾਰਮਿਕ ਚਿਨ੍ਹਾਂ ਅਤੇ ਕਰਮਕਾਂਡਾਂ ਦਾ ਵੀ ਕਬੀਰ ਜੀ ਨੇ ਜੋਰਦਾਰ ਸ਼ਬਦਾਂ ਵਿੱਚ ਖੰਡਨ ਕੀਤਾ; ਜਿਵੇਂ ਕਿ (ਲੋਕ) ਮੱਥੇ ਉੱਤੇ ਤਿਲਕ ਲਾ ਲੈਂਦੇ ਹਨ, ਹੱਥ ਵਿਚ ਮਾਲਾ ਫੜ ਲੈਂਦੇ ਹਨ, ਧਾਰਮਿਕ ਪਹਿਰਾਵਾ ਬਣਾ ਲੈਂਦੇ ਹਨ (ਤੇ ਸਮਝਦੇ ਹਨ ਕਿ ਪਰਮਾਤਮਾ ਦੇ ਭਗਤ ਬਣ ਗਏ ਹਾਂ) ਲੋਕਾਂ ਨੇ ਪਰਮਾਤਮਾ ਨੂੰ ਖਿਡੌਣਾ (ਭਾਵ ਅੰਞਾਣ ਬਾਲ) ਸਮਝ ਲਿਆ ਹੈ (ਕਿ ਇਨ੍ਹੀਂ ਗੱਲੀਂ ਉਸ ਨੂੰ ਪਰਚਾਇਆ ਜਾ ਸਕਦਾ ਹੈ:- ਮਾਥੇ ਤਿਲਕੁ, ਹਥਿ ਮਾਲਾ ਬਾਨਾਂ ॥ ਲੋਗਨ, ਰਾਮੁ ਖਿਲਉਨਾ ਜਾਨਾਂ ॥ (ਕਬੀਰ ਜੀ/ 1158) ਆਪ ਜੀ ਵਿਖਾਵੇ ਮਾਤਰ ਭਗਤੀ ਦੇ ਖਿਲਾਫ ਸਨ, ਇਸ ਲਈ ਵਚਨ ਕੀਤੇ ਕਿ ਹੇ ਭਾਈ ! ਤੂੰ ਤੁਲਸੀ ਰੁੱਦ੍ਰਾਖ ਆਦਿਕ ਦੀ ਮਾਲਾ (ਹੱਥ ਵਿਚ ਲੈ ਕੇ) ਕਿਉਂ ਲੋਕਾਂ ਨੂੰ ਵਿਖਾਂਦਾ ਫਿਰਦਾ ਹੈਂ ? ਤੂੰ ਆਪਣੇ ਹਿਰਦੇ ਵਿਚ ਤਾਂ ਪਰਮਾਤਮਾ ਨੂੰ ਯਾਦ ਨਹੀਂ ਕਰਦਾ, (ਹੱਥ ਵਿਚ ਫੜੀ ਹੋਈ) ਇਸ ਮਾਲਾ ਦਾ ਕੋਈ ਲਾਭ ਨਹੀਂ ਹੋ ਸਕਦਾ: ਕਬੀਰ ! ਜਪਨੀ ਕਾਠ ਕੀ, ਕਿਆ ਦਿਖਲਾਵਹਿ ਲੋਇ ॥ ਹਿਰਦੈ ਰਾਮੁ ਨ ਚੇਤਹੀ, ਇਹ ਜਪਨੀ ਕਿਆ ਹੋਇ ॥ ਆਪ ਜੀ ਦੇ ਵਚਨ ਹਨ ਕਿ ਅਗਰ ਪਾਣੀ ਵਿਚ ਚੁੱਭੀ ਲਾਇਆਂ ਮੁਕਤੀ ਮਿਲ ਸਕਦੀ ਹੋਵੇ ਤਾਂ ਡੱਡੂ ਸਦਾ ਹੀ ਨ੍ਹਾਉਂਦੇ ਰਹਿੰਦੇ ਹਨ, ਜਿਵੇਂ ਡੱਡੂ ਹਨ ਤਿਵੇਂ ਉਨ੍ਹਾਂ ਮਨੁੱਖਾਂ ਨੂੰ ਸਮਝੋ; (ਜੋ ਨਾਮ ਤੋਂ ਬਿਨਾਂ ਕੇਵਲ ਤੀਰਥ ਇਸਨਾਨਾ 'ਚ ਸਮਾ ਬਰਬਾਦ ਕਰਦੇ ਹਨ ਕਿਉਂਕਿ ਇਸ ਉਪਰੰਤ ਵੀ) ਸਦਾ ਜੂਨਾਂ ਵਿਚ ਪਏ ਰਹਿੰਦੇ ਹਨ: ਜਲ ਕੈ ਮਜਨਿ ਜੇ ਗਤਿ ਹੋਵੈ, ਨਿਤ ਨਿਤ ਮੇਂਡੁਕ ਨਾਵਹਿ ॥ ਜੈਸੇ ਮੇਂਡੁਕ, ਤੈਸੇ ਓਇ ਨਰ; ਫਿਰਿ ਫਿਰਿ ਜੋਨੀ ਆਵਹਿ ॥ (ਕਬੀਰ ਜੀ/484)

ਕਰਮਕਾਂਡਾਂ ਦੀਆਂ ਜਨਮ ਦਾਤੀਆਂ ਸਿੰਮ੍ਰਿਤੀਆਂ ਤੋਂ ਸੁਚੇਤ ਕਰਦੇ ਹੋਏ ਭਗਤ ਜੀ ਫੁਰਮਾਂਦੇ ਹਨ ਕਿ ਹੇ ਵੀਰ ! ਇਹ ਸਿੰਮ੍ਰਿਤੀ ਜੋ ਵੇਦਾਂ ਦੇ ਆਧਾਰ 'ਤੇ ਬਣੀ ਹੈ (ਇਹ ਤਾਂ ਮਾਨੋ, ਆਪਣੇ ਸ਼ਰਧਾਲੂਆਂ ਵਾਸਤੇ ਵਰਨ ਆਸ਼ਰਮ ਦੇ) ਸੰਗਲ ਤੇ (ਕਰਮਕਾਂਡਾਂ ਦੀਆਂ) ਰੱਸੀਆਂ ਹੀ ਲੈ ਕੇ ਆਈ ਹੋਈ ਹੈ: ਬੇਦ ਕੀ ਪੁਤ੍ਰੀ ਸਿੰਮ੍ਰਿਤਿ ਭਾਈ ॥ ਸਾਂਕਲ ਜੇਵਰੀ ਲੈ ਹੈ ਆਈ ॥ (ਕਬੀਰ ਜੀ/ 329) ਲੁਕਾਈ ਨੂੰ ਵਿਕਾਰਾਂ ਵੱਲੋਂ ਸੁਚੇਤ ਕਰਦੇ ਆਪ ਜੀ ਵਚਨ ਕਰਦੇ ਹਨ ਕਿ ਹੇ ਭਾਈ ! ਹੇ ਜਗਤ ਦੇ ਲੋਕੋ ! ਸੁਚੇਤ ਰਹੋ, ਜਾਗਦੇ ਰਹੋ, ਤੁਸੀਂ ਤਾਂ (ਆਪਣੇ ਵੱਲੋਂ) ਜਾਗਦੇ ਹੀ ਲੁੱਟੇ ਜਾ ਰਹੇ ਹੋ; ਵੇਦ ਸ਼ਾਸਤ੍ਰ-ਰੂਪ ਸੁਚੇਤ ਪਹਿਰੇਦਾਰਾਂ ਦੇ ਵੇਖਦਿਆਂ (ਹੁੰਦਿਆਂ) ਵੀ ਤੁਹਾਨੂੰ ਜਮ-ਰਾਜ ਲਈ ਜਾ ਰਿਹਾ ਹੈ ਭਾਵ ਸ਼ਾਸਤ੍ਰਾਂ ਦੀ ਰਾਖੀ ਪਹਿਰੇਦਾਰੀ ਵਿਚ ਭੀ ਤੁਸੀਂ ਅਜਿਹੇ ਕੰਮ ਕਰੀ ਜਾ ਰਹੇ ਹੋ, ਜਿਨ੍ਹਾਂ ਕਰਕੇ ਜਨਮ ਮਰਨ ਦਾ ਗੇੜ ਬਣਿਆ ਰਹਿੰਦਾ ਹੈ: ਦੁਨੀਆ ਹੁਸੀਆਰ ਬੇਦਾਰ, ਜਾਗਤ ਮੁਸੀਅਤ ਹਉ ਰੇ ਭਾਈ ॥ ਨਿਗਮ ਹੁਸੀਆਰ ਪਹਰੂਆ ਦੇਖਤ ਜਮੁ ਲੇ ਜਾਈ ॥ (ਕਬੀਰ ਜੀ/ 972) ਨਾਮ ਸਿਮਰਨ ਨੂੰ ਛੱਡ ਕੇ ਕੇਵਲ ਕਰਮਕਾਂਡਾਂ ਦੀ ਸਿੱਖਿਆ ਦੇਣ ਵਾਲੇ ਪੁਜਾਰੀ ਵਰਗ ਦੇ ਪੰਡਿਤਾਂ ਤੇ ਮੁਲਾਣਿਆਂ ਤੋਂ ਸੁਚੇਤ ਕਰਦੇ ਹੋਏ ਭਗਤ ਕਬੀਰ ਜੀ ਲਿਖਦੇ ਹਨ ਕਿ ਮੈਂ (ਜਿਉਂ ਜਿਉਂ ਨਾਮ ਸਿਮਰਨ ਦੀ ਤਾਣੀ ਉਣ ਰਿਹਾ ਹਾਂ) ਪੰਡਿਤ ਅਤੇ ਮੁੱਲਾਂ ਦੋਵੇਂ ਹੀ ਛੱਡ ਦਿੱਤੇ ਹਨ। ਦੋਹਾਂ (ਦੇ ਦੱਸੇ ਕਰਮਕਾਂਡਾਂ ਤੇ ਸ਼ਰਹ ਦੇ ਰਸਤੇ) ਨਾਲ ਮੇਰਾ ਕੋਈ ਵਾਸਤਾ ਨਹੀਂ ਰਿਹਾ ਭਾਵ ਕਰਮਕਾਂਡ ਅਤੇ ਸ਼ਰਹ ਇਹ ਦੋਵੇਂ ਹੀ ਨਾਮ-ਸਿਮਰਨ ਦੇ ਮੁਕਾਬਲੇ ਤੁੱਛ ਹਨ: ਹਮਰਾ ਝਗਰਾ ਰਹਾ ਨ ਕੋਊ ॥ ਪੰਡਿਤ ਮੁਲਾਂ ਛਾਡੇ ਦੋਊ ॥ (ਭੈਰਉ/ ਪੰਨਾ 1159) ਕਬੀਰ ਸਾਹਿਬ ਜੀ ਦੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਕਰਨ ਦਾ ਇਹੀ ਕਾਰਨ ਸੀ ਕਿ ਇਹ ਗੁਰਮਤਿ ਅਨੁਸਾਰੀ ਸੱਚ 'ਤੇ ਪਹਿਰਾ ਦੇ ਰਹੀ ਸੀ ਅਤੇ ਝੂਠ (ਕਰਮਕਾਂਡਾਂ) ਦਾ ਵਿਰੋਧ ਕਰ ਰਹੀ ਸੀ। ਗੁਰਮਤਿ ਨਾਲ ਇਤਨਾ ਜ਼ਿਆਦਾ ਮੇਲ਼ ਹੋਣ ਕਾਰਨ ਆਮ ਮਨੁੱਖ ਨਹੀਂ ਪਛਾਣ ਸਕਦਾ ਕਿ ਇਸ ਦੇ ਕਰਤਾ ਗੁਰੂ ਨਾਨਕ ਸਾਹਿਬ ਜੀ ਹਨ ਜਾਂ ਭਗਤ ਕਬੀਰ ਜੀ; ਜਿਵੇਂ: ਗਗਨ ਦਮਾਮਾ ਬਾਜਿਓ, ਪਰਿਓ ਨੀਸਾਨੈ ਘਾਉ ॥ ਖੇਤੁ ਜੁ ਮਾਂਡਿਓ ਸੂਰਮਾ, ਅਬ ਜੂਝਨ ਕੋ ਦਾਉ ॥ (ਕਬੀਰ ਜੀ/1105) ਅਤੇ ਗੁਰੂ ਨਾਨਕ ਸਾਹਿਬ ਜੀ ਆਖ ਰਹੇ ਹਨ: ਜਉ ਤਉ, ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ, ਗਲੀ ਮੇਰੀ ਆਉ ॥ ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥ (ਮ: 1/1412) ਇਸ ਲਈ ਆਮ ਗ੍ਰੰਥੀ ਸਿੰਘ ਵੀ ਇਹ ਟਪਲਾ ਖਾ ਜਾਂਦੇ ਹਨ ਕਿ ਉਕਤ ਸ਼ਬਦ ਗੁਰੂ ਗੋਬਿੰਦ ਸਿੰਘ ਜੀ ਦਾ ਉਚਾਰਨ ਕੀਤਾ ਹੋਇਆ ਹੈ ਜਾਂ ਭਗਤ ਕਬੀਰ ਸਾਹਿਬ ਜੀ ਦਾ।

# ਆਪਣੇ ਅਤੇ ਬੇਗਾਨਿਆਂ ਦੀ ਮਾਰ ਹੇਠ ਸਿੱਖ ?

ਸਿੱਖਾਂ ਨੂੰ ਮੇਰੀ ਜਾਚੇ ਸਭ ਤੋਂ ਵੱਧ ਨੁਕਸਾਨ ਅਖੌਤੀ ਧਾਰਮਿਕ ਮੁਖੀਆਂ, ਧਰਮ 'ਤੇ ਆਧਾਰਿਤ ਸਿਆਸੀ ਪਾਰਟੀਆਂ ਅਤੇ ਸਿੱਖ ਸਮਾਜ ਵਿਚ ਪੱਸਰਿਆ ਹੋਇਆ ਗੱਗੜ ਗਿਆਨੀ ਕਿਸਮ ਦਾ ਪੁਜਾਰੀਵਾਦ ਪਹੁੰਚਾ ਰਿਹਾ ਹੈ। ਇਹ ਸਾਰੇ ਆਪੇ ਬਣੇ ਚੌਧਰੀ ਇਹ ਨਹੀਂ ਸਮਝ ਰਹੇ ਕਿ ਦੁਨੀਆਂ ਅਤੇ ਇਸ ਦੇ ਅਗਾਂਹਵਧੂ ਮੁਲਕਾਂ ਦਾ ਸਮਾਜਕ ਤਾਣਾ-ਬਾਣਾ ਕਿਵੇਂ ਸੁਹਿਰਦ ਤੇ ਨਰਮ ਹੈ; ਕਿਵੇਂ ਇਕ ਦੂਜੇ ਦੇ ਸਹਾਇਕ ਬਣ ਕੇ ਕੌਮ ਤੇ ਦੇਸ਼ ਤਰੱਕੀ ਕਰਦੇ ਹਨ; ਕਿਵੇਂ ਨਾਬਰਾਬਰੀ ਤੇ ਜਾਤ-ਪਾਤ ਤੋਂ ਮੁਕਤ ਹੋ ਕੇ ਇਨਸਾਨੀ ਦਿਮਾਗ ਜ਼ਰਖੇਜ਼ ਬਣਦੇ ਹਨ ਅਤੇ ਉਨ੍ਹਾਂ ਦੀਆਂ ਕੀਤੀਆਂ ਖੋਜਾਂ ਕਿਵੇਂ ਕੌਮ ਤੇ ਦੇਸ਼ ਲਈ ਗੌਰਵ ਦਾ ਕਾਰਨ ਬਣਦੀਆਂ ਹਨ !

ਪਰ ਬਦਕਿਸਮਤੀ ਨਾਲ ਸਿੱਖਾਂ ਨੂੰ ਹਰ ਸੰਭਵ ਮਾੜੀ ਰਵਾਇਤ ਅਤੇ ਅਹਿਲ ਦਰਜੇ ਦੀ ਘਟੀਆ ਰਾਜਨੀਤਕ/ਧਾਰਮਿਕ ਪਹੁੰਚ ਨੇ ਗ੍ਰਸਿਆ ਹੋਇਆ ਹੈ। ਇਸ ਵੇਲੇ ਰਾਜਨੀਤਕ ਤੌਰ 'ਤੇ ਸਿੱਖ ਬਹੁਤ ਡੂੰਘੀ ਅਸੁਰੱਖਿਅਤਾ ਦੀ ਹੀਣ ਭਾਵਨਾ ਦਾ ਸ਼ਿਕਾਰ ਹੈ। ਉਸ ਨੂੰ ਹਰ ਵਕਤ ਲੱਗਦਾ ਹੈ ਕਿ ਜਿਵੇਂ ਉਸ ਦੀ ਹੋਂਦ ਖਤਰੇ ਵਿਚ ਹੈ ਅਤੇ ਉਹ ਆਪਣਾ ਕਾਫੀ ਸਮਾਂ ਇਸੇ ਚਿੰਤਾ ਤੇ ਉਪਾਵਾਂ ਵਿਚ ਹੀ ਵਿਅਰਥ ਗਵਾ ਦਿੰਦਾ ਹੈ। ਉਸ ਨੂੰ ਇਸ ਬਾਰੇ ਕੋਈ ਵੀ ਹੌਸਲੇ ਦੀ ਬਾਂਹ ਨਹੀਂ ਫੜਾਉਂਦਾ ਸਗੋਂ ਨਸਲਕੁਸ਼ੀ ਦਾ ਬੰਬ ਉਸ ਦੀ ਜੇਬ ਵਿਚ ਪਾ ਦਿੰਦਾ ਹੈ।

ਗੁਰਦੁਆਰੇ ਵੀ ਸਿੱਖਾਂ ਨੂੰ ਮਾਨਸਿਕ ਸਕੂਨ ਨਹੀਂ ਦਿੰਦੇ। ਇਥੇ ਸਿਰਫ ਧਰਮ ਦੀਆਂ ਗੱਲਾਂ ਨਹੀਂ ਹੁੰਦੀਆਂ। ਗੁਰਦੁਆਰਿਆਂ ਵਿਚ ਜ਼ਿਆਦਾਤਰ ਧਾਰਮਿਕ ਬੁਲਾਰੇ ਗੁਰਬਾਣੀ ਤੇ ਕਥਾ ਵਿਆਖਿਆ ਦੌਰਾਨ ਆਪਣੇ ਨਿਜੀ ਵਿਚਾਰਾਂ ਨੂੰ ਬਾਣੀ ਦੀ ਚਾਸ਼ਣੀ ਚੜ੍ਹਾ ਕੇ ਭਾਈਚਾਰੇ ਦੀ ਹੋਣ ਵਾਲੀ ਸੋਚ ਵਜੋਂ ਪੇਸ਼ ਕਰਦੇ ਹਨ। ਉਹ ਗੁਰੂ ਗ੍ਰੰਥ ਸਾਹਿਬ ਦੀ ਹਾਜ਼ਰੀ ਦੀ ਬਿਲਕੁਲ ਪ੍ਰਵਾਹ ਨਹੀਂ ਕਰਦੇ। ਉਨ੍ਹਾਂ ਦਾ ਮੁੱਖ ਮਕਸਦ ਹੁੰਦਾ ਹੈ, ਸੰਗਤ ਦੀ ਜੇਬ ਹਲਕੀ ਕਰਨੀ। ਉਹ ਅਜਿਹੇ ਪ੍ਰਸੰਗਾਂ ਦੀ ਛਹਿਬਰ ਲਾਉਂਦੇ ਹਨ, ਜੋ ਸਿੱਖਾਂ ਦੀ ਅਸਥਿਰ ਮਾਨਸਿਕਤਾ ਨੂੰ ਟੁੰਬਦੇ ਹਨ। ਫਿਰ ਵਾਰੀ ਆਉਂਦੀ ਹੈ, ਅਖੌਤੀ ਪੰਥ-ਪ੍ਰਸਤ ਸਿਆਸੀ/ਸਮਾਜਕ ਬੁਲਾਰਿਆਂ ਦੀ। ਇਹ ਸਿੱਖਾਂ ਨੂੰ ਇਕ ਨਹੀਂ, ਕਈ ਅਖੌਤੀ ਸਮੱਸਿਆਵਾਂ ਦੇ ਦਰਪੇਸ਼ ਦੱਸਦੇ ਹਨ। ਹਰ ਕੋਈ ਆਪਣੇ ਨਿਜੀ ਮੁਫਾਦ ਅਨੁਸਾਰ ਹੀ ਭੁਗਤਦਾ ਹੈ।

ਸਿੱਖ ਧਰਮ ਦੇ ਵਿਰੋਧੀਆਂ ਦੀ ਅੱਜ ਕੱਲ੍ਹ ਚੜ੍ਹ ਮੱਚੀ ਹੋਈ ਹੈ। ਹੁਣ ਉਨ੍ਹਾਂ ਨੂੰ ਖੁਦ ਆਪਣੇ ਹੱਥੀਂ ਕੁਝ ਵੀ ਕਰਨ ਦੀ ਲੋੜ ਨਹੀਂ ਪੈਂਦੀ। ਜ਼ਰਾ ਜਿਹੇ ਸਿਆਸੀ ਲਾਭ ਵਾਲਾ ਲੌਲੀਪੌਪ ਦਿਖਾਉ, ਇਕ ਨਹੀਂ, ਦਰਜਨਾਂ ਦੇ ਦਰਜਨ ਸਿੱਖ ਉਸ ਲੌਲੀਪੌਪ ਦੀ ਪ੍ਰਾਪਤੀ ਖਾਤਰ ਇਕ ਦੂਜੇ ਦਾ ਘਾਣ ਕਰਨ ਲਈ ਤਿਆਰ ਹੋ ਜਾਣਗੇ। ਸਿੱਖਾਂ ਵਿਚ ਵੱਡੇ ਪੱਧਰ 'ਤੇ ਫੈਲੀ ਹੋਈ ਅਨੁਸ਼ਾਸਨ ਹੀਣਤਾ ਇਸ ਦਾ ਇਕ ਮੁੱਖ ਕਾਰਨ ਹੈ। ਅਨੁਸ਼ਾਸਨ ਨਾਲ ਹੀ ਸਿੱਖ ਤਰੱਕੀ ਕਰ ਸਕਦੇ ਹਨ, ਨਹੀਂ ਤਾਂ ਆਸਾਰ ਕੋਈ ਚੰਗੇ ਸੰਕੇਤ ਨਹੀਂ ਦੇ ਰਹੇ। ਪ੍ਰਭਸ਼ਰਨਬੀਰ ਸਿੰਘ ਨੇ ਹੋਰ ਕਈ ਛਿੱਟ-ਪੁੱਟ ਸਿਆਸੀ ਦਸ਼ਿਟਾਂਤਾਂ ਦਾ ਜ਼ਿਕਰ ਕੀਤਾ ਹੈ। ਮੇਰੇ ਵਿਚਾਰ ਵਿਚ ਸਿੱਖ ਦੁਨੀਆਂ ਵਿਚ ਜਿੱਥੇ ਕਿਤੇ ਵੀ ਹੈ, ਉਸ ਨੂੰ ਨਿਜੀ ਪੱਧਰ 'ਤੇ ਆਪਣੇ ਆਪ ਨੂੰ ਗਿਆਨਵਾਨ ਤੇ ਚਰਿੱਤਰਵਾਨ ਬਣਾਉਣਾ ਪਵੇਗਾ, ਉਹ ਵੀ ਬਿਨਾ ਕਿਸੇ ਨਾਮ ਧਰੀਕ ਧਾਰਮਿਕ/ਸਿਆਸੀ ਵਿਦਵਾਨ ਦੀ ਮਦਦ ਦੇ। ਸਿੱਖਾਂ ਨੂੰ ਹਰ ਵੇਲੇ ਚੇਤੇ ਰੱਖਣਾ ਚਾਹੀਦਾ ਹੈ ਕਿ ਉਨ੍ਹਾਂ ਦੇ ਰਹਿਬਰ ਗੁਰੂ ਨਾਨਕ ਨੇ ਕੁਦਰਤ ਦੇ ਬਖਸ਼ੇ ਗਿਆਨ ਨਾਲ ਹੀ ਉਸ ਵਕਤ ਪ੍ਰਚਲਿਤ ਸਾਰੇ ਵੱਖ-ਵੱਖ ਧਰਮਾਂ ਦੇ ਸਮਕਾਲੀ ਧਾਰਮਿਕ ਮੁਖੀਆਂ ਨੂੰ ਚਿੱਤ ਕੀਤਾ ਸੀ। ਹਰ ਸਿੱਖ ਨੂੰ ਇਹ ਮੰਨ ਕੇ ਚੱਲਣਾ ਚਾਹੀਦਾ ਹੈ ਕਿ ਸਿੱਖ ਹੋਣ ਦੇ ਨਾਤੇ ਉਸ ਵਿਚ ਵੀ ਗਿਆਨ ਦੀ ਉਹੋ ਸਮਰੱਥਾ ਹੈ, ਪਰ ਸ਼ਾਇਦ ਉਸ ਕੋਲੋਂ ਆਤਮ ਚਿੰਤਨ ਨਹੀਂ ਹੋ ਰਿਹਾ ਜਾਂ ਉਸ ਨੂੰ ਅਜਿਹਾ ਕਰਨ ਤੋਂ ਹਟਕਾਰਿਆ ਜਾ ਰਿਹਾ ਹੈ ਤਾਂ ਜੋ ਗੁਰੂ ਨਾਨਕ ਦੇ ਕਥਨ ਅਨੁਸਾਰ 'ਘਰ ਘਰ ਅੰਦਰ ਧਰਮਸਾਲ' ਨਾ ਬਣ ਸਕੇ ਅਤੇ ਸਿੱਖਾਂ ਨੂੰ ਭੇਡਾਂ ਵਿਚ ਤਬਦੀਲ ਕੀਤਾ ਜਾ ਸਕੇ।

ਪ੍ਰਭਸ਼ਰਨਬੀਰ ਸਿੰਘ ਨੇ ਇਹ ਕਾਮਨਾ ਵੀ ਕੀਤੀ ਹੈ ਕਿ ਸਿੱਖ ਹਰ ਖੇਤਰ ਵਿਚ ਉਚਕੋਟੀ ਦੇ ਸਿਰਨਾਵੇਂ ਸਥਾਪਿਤ ਕਰਨ। ਹਰ ਸਿੱਖ ਦੀ ਵੀ ਇਹੋ ਚਾਹਤ ਹੋਣੀ ਚਾਹੀਦੀ ਹੈ, ਪਰ ਜਦੋਂ ਤੁਸੀਂ ਸਿੱਖਿਆ ਦੇ ਪਿੜ ਵਿਚ ਉਚੇ ਮੁਕਾਮ ਹਾਸਿਲ ਕਰ ਲੈਂਦੇ ਹੋ ਤਾਂ ਕੁਦਰਤੀ ਜਦੋਂ ਤੁਹਾਡੇ ਗਿਆਨ ਦੇ ਅੰਜਨ ਖੁਲ੍ਹਦੇ ਹਨ ਤਾਂ ਅਨਪੜ੍ਹਾਂ ਜਿਹੇ ਧਾਰਮਿਕ ਲੀਡਰਾਂ ਨੂੰ ਤੁਹਾਡੀ ਗੱਲ ਸਮਝ ਨਹੀਂ ਆਉਂਦੀ ਤੇ ਤੁਸੀਂ ਪੰਥ ਵਿਚੋਂ ਛੇਕ ਦਿੱਤੇ ਜਾਂਦੇ ਹੋ। ਧਾਰਮਿਕ ਉਚ ਅਹੁਦਿਆਂ 'ਤੇ ਵੀ ਵਿਸ਼ਾਲ ਦੂਰ-ਦਸ਼ਿਟੀ ਵਾਲੇ ਉਚ ਸਿੱਖਿਅਤ ਲੋਕ ਹੀ ਹੋਣ, ਤਾਂ ਹੀ ਤੁਹਾਡੀ ਇਸ ਕਾਮਨਾ ਤੋਂ ਸਿੱਖ ਲਾਹਾ ਲੈ ਸਕਦੇ ਹਨ।

**ਅਮਰਜੀਤ ਸਿੰਘ ਮੁਲਤਾਨੀ, ਨਿਊਯਾਰਕ**

# ਫੇਸ ਮਾਸਕ ਵਰਤ ਕੇ ਖੁਦ ਬਚੋ ਤੇ ਦੂਜੇ ਨੂੰ ਬਚਾਓ

ਅੱਜਕਲ ਫੇਸ ਮਾਸਕ ?ਸੀਡੀਸੀ ?(ਯੂ.ਐਸ), ਐਨ.ਆਈ. ਓ.ਐਸ.ਐਚ ਅਤੇ ਐਫ.ਡੀ.ਏ ਦੀ ਗਾਈਡੈਂਸ ਵਿਚ ਤਿਆਰ ਕੀਤੇ ਜਾ ਰਹੇ ਹਨ। ?ਵਾਇਰਸ ਤੋਂ ਬਚਣ ਲਈ ਕਿਹੜਾ ਫੇਸ-ਮਾਸਕ ਵਰਤਿਆ ਜਾਵੇ ਹਰੇਕ ਨੂੰ ਜਾਣਕਾਰੀ ਹੋਣੀ ਚਾਹੀਦੀ ਹੈ।ਸਮਾਜਿਕ ਦੂਰੀਆਂ ਦੇ ਨਾਲ-ਨਾਲ ਸਹੀ ਫੇਸ-ਮਾਸਕ ਵਰਤਨਾ ਬੜਾ ਅਹਿਮ ਹੈ।ਸਾਓਥ-ਏਸ਼ਿਅਨ ਮੁਲਕਾਂ ਵਿਚ ਦੇਖਿਆ ਜਾ ਰਿਹਾ ਹੈ ਕਿ ਜਨਤਾ ਰੁਮਾਲ, ਸਕਾਫ, ਘਰ ਬਣਾਇਆ ਮਾਸਕ, ਜਾਂ ਆਮ ਕਪੜੇ ਨਾਲ ਮੂੰਹ ਨੂੰ ਕਵਰ ਕਰ ਰਹੇ ਹਨ।ਕੀ ਇਹ ਤਰੀਕਾ ਵਾਇਰਸ ਤੋਂ ਬਚਾ ਲਵੇਗਾ ?

ਕੋਵਿਡ-19 ਦਾ ਰੋਗੀ ਖੰਘਦੇ, ਛਿੱਕਾਂ ਤੇ ਗੱਲਾਂ ਦੌਰਾਣ ਵਾਇਰਸ ਦੇ ਨਾਲ ਛੋਟੀ-ਛੋਟੀਆਂ ਬੂੰਦਾਂ ਹਵਾ ਵਿਚ ਭੇਜਦਾ ਹੈ।ਇਸ ਹਾਲਤ ਵਿਚ ਚੰਗਾ ਫੇਸ ਮਾਸਕ ਕੰਮ ਕਰਦਾ ਹੈ।ਫੇਸ ਮਾਸਕ ਮੂੰਹ ਤੇ ਨੱਕ ਨੂੰ ਕਵਰ ਕਰਕੇ ਖੰਘਦੇ, ਛਿੱਕਾਂ, ਗੱਲਾਂ ਦੌਰਾਣ ਵਾਇਰਸ ਨਾਲ ਭਰੀਆਂ ਬੂੰਦਾਂ ਹਵਾ ਵਿਚ ਜਾਣ ਤੋਂ ਰੋਕਦਾ ਹੈ।ਵਾਇਰਸ ਦੇ ਫੈਲਾਅ ਨੂੰ ਘਟਾਓਂਦਾ ਹੈ।

?ਵਾਇਰਸ ਦੀ ਇਨਫੈਕਸ਼ਨ ਵਾਲਾ ਦੂਜੇ ਦੇ ਨੇੜੇ ਤੇ ਖਾਂਸੀ, ਛਿੱਕਾਂ ਤੇ ਗੱਲਾਂ ਦੌਰਾਣ ਸਾਹ ਦੀਆਂ ਬੂੰਦਾਂ ਦੁਆਰਾ ਤੰਦਰੁਸਤ ਨੂੰ ਵੀ ਆਪਣੇ ਘੇਰੇ ਵਿਚ ਲੈ ਲੈਂਦਾ ਹੈ।ਅੱਜਕਲ ਕਪੜੇ ਨਾਲ ਬਣੇ ਮਾਸਕ, ਸਰਜੀਕਲ ਅਤੇ ਐਨ-95, ਦੀ ਵਰਤੋਂ ਕੀਤੀ ਜਾ ਰਹੀ ਹੈ।ਐਨ-95 ?ਮਾਸਕ ਨੈਸ਼ਨਲ ਇੰਸਟੀਚਿਊਟ ਫਾਰ ਆਕੂਪੇਸ਼ਨਲ ਸੇਫਟੀ ਐਂਡ ਹੈਲਥ ਨੇ ਟੈਸਟ ਕਰਕੇ ਮਨਜ਼ੂਰੀ ਦਿੱਤੀ ਹੈ। ਇਹ ਮਾਸਕ 95 ਪ੍ਰਤੀਸ਼ਤ ਹਵਾ ਦੇ ਜਣਨ ਨੂੰ ਫਿਲਟਰ ਕਰਕੇ ਛੋਟੇ-ਬੜੇ ਐਰੋਸੋਲ ਦੇ ਕਣਾਂ ਤੋਂ ਬਚਾਉਂਦਾ ਹੈ।ਇਹ ਮਾਸਕ ਬਹੁਤ ਛੋਟੇ ਕਣਾਂ ਦੇ 95% ਨੂੰ ਰੋਕਣ ਲਈ ਦੱਸਿਆ ਗਿਆ ਹੈ।ਸਰਜ਼ੀਕਲ ?ਜਾਂ ਮੈਡਿਕਲ ਮਾਸਕ ਲੋਕਾਂ ਨੂੰ ਪਹਿਨਣ ਵਾਲੇ ਸਾਹ ਦੇ ਨਿਕਾਸ ਤੋਂ ਬਚਾਓਂਦਾ ਹੈ।ਪਰ ਇਹ ਸ਼ਰੀਰ ਦੀਆਂ ਤਰਲ ਬੂੰਦਾਂ ਜਾਂ ਸਪ੍ਰੇਅ ਤੋਂ ਬਚਾਅ ਲਈ ਐਫ.ਡੀ.ਏ ਦੀ ਗਾਈਡ, ਸੀਡੀਸੀ ਅਮਰੀਕਾ ਦੀ ਗਾਈਡੈਂਸ ਮੁਤਾਬਿਕ ਸਰਜ਼ੀਕਲ ਮਾਸਕ ਡਾਕਟਰ, ਸਿਹਤ ਮੁਲਾਜ਼ਮ, ਫਰੰਟ ਲਾਈਨ ਵਰਕਰਜ਼ ਇਸਤੇਮਾਲ ਕਰ ਰਹੇ ਹਨ।ਕਲੋਥ ਫੇਸ ਮਾਸਕ ਦੀ ਵਰਤੋਂ ਵਾਇਰਸ ਦੇ ਫੈਲਣ ਦੀ ਸਪੀਡ ਘੱਟ ਕਰਦਾ ਹੈ।

- ਫੇਸ ਮਾਸਕ ?ਸੋਸ਼ਲ ਡਿਸਟੈਂਸ ਦਾ ਬਦਲ ਨਹੀਂ ਹੈ,ਪਰ ਆਪਣੀ ?ਤੇ ਸਾਹਮਣੇ ਵਾਲੇ ਦੀ ਸੇਫਟੀ ਲਈ ਘਰ ਤੋਂ ਬਾਹਰ ਪਾ ਕੇ ਜਾਣ ਦੀ ਆਦਤ ਬਣਾ ਲਵੋ।
- ਪਾਲਤੂ ਜਾਨਵਰ ?ਕੁੱਤੇ, ਬਿੱਲੀਆਂ ਵੀ ਇਸ ਵਾਇਰਸ ਨਾਲ ਪੀੜਿਤ ਹੋ ਰਹੇ ਹਨ, ਜੋ ਚਿੰਤਾ ਦਾ ਵਿਸ਼ਾ ਹੈ।ਬਾਹਰ ਲਿਜਾਣ ਵੇਲੇ ਇਹਨਾਂ ਦਾ ਮੂੰਹ ਵੀ ਮਾਸਕ ਨਾਲ ਕਵਰ ਕਰ ਸਕਦੇ ਹੋ।ਬਾਹਰੀ ਆਈਕਾਨ ਨੂੰ ਵਾਇਰਸ ਨਾਲ ਪੀੜਿਤ ਹੋਣ ਲਈ ਦੱਸਿਆ ਜਾਂਦਾ ਹੈ, ਜਿਸ ਕਾਰਨ ਕੋਵਿਡ-19 ਦੀ ਸੰਭਾਵਨਾ ਬਣਦੀ ਹੈ।ਕੁੱਤਿਆਂ ਨੂੰ ਪਾਰਕ ਵਿਚ ਸਾਹਮਣੇ ਵਾਲਿਆਂ ਤੋਂ ਦੂਰੀ ਬਣਾ ਕੇ ਰੱਖੋ।
- ਕੁੱਤੇ-ਬਿੱਲੀ ?ਅਦਿ ?ਜਾਨਵਰਾਂ ?ਨੂੰ ਕੋਵਿਡ-19 ਇਨਫੈਕਸ਼ਨ ਦੀ ਸੰਭਾਵਨਾ ਘੱਟ ਸਮਝੀ ਜਾ ਰਹੀ ਹੈ।ਕੱਝ ਹਾਲਤਾਂ ਵਿਚ ਮਨੁਖ ਤੋਂ ਜਾਨਵਰਾਂ ਵਿਚ ਵਾਇਰਸ ਆ ਸਕਦਾ ਹੈ।
- ਪਾਲਤੂ ਜਾਨਵਰ ?ਪਰਿਵਾਰਕ ਮੈਂਬਰਾਂ ਵਾਂਗ ਰਹਿੰਦੇ ਹਨ, ਘਰ ਤੋਂ ਬਾਹਰ ਜਾਨਵਰ ਅਤੇ ਲੋਕਾਂ ਤੋਂ ਹਮੇਸ਼ਾ ਦੂਰ ਰੱਖੋ।ਘਰ ਵਿਚ ਬੀਮਾਰ ਮੈਂਬਰ ਤੋਂ ਪਾਲਤੂ ਜਾਨਵਰਾਂ ਨੂੰ ਦੂਰ ਰੱਖਣ ਦੀ ਕੋਸ਼ਿਸ਼ ਕਰੋ। ????
- ਆਪਣਾ ਮਾਸਕ ?ਧਿਆਣ ਨਾਲ ਉਤਾਰੋ, ਹਟਾਉਣ ਵੇਲੇ ਅੱਖਾਂ, ਨੱਕ ਅਤੇ ਮੂੰਹ ਨੂੰ ਟਚ ਨਾ ਕਰੋ। ਤੁਰੰਤ ਬਾਅਦ ਸਾਬੁਣ ਨਾਲ ਹੱਥ ਧੋਵੋਂ।
- 2 ਸਾਲ ?ਤੋਂ ਘੱਟ ਉਮਰ ਦੇ ਬੱਚਿਆਂ ਨੂੰ ਮਾਸਕ ਨਾ ਪਾਓ। ਸਾਹ ਲੈਣ ਵਿਚ ਮੁਸ਼ਕਲ ਦੀ ਹਾਲਤ ਵਿਚ ਬੱਚਾ ਆਪਣੇ ਆਪ ਕੁੱਝ ਨਹੀਂ ਕਰ ਸਕਦਾ।
- ਅਪਾਹਜ਼ ?ਅਤੇ ਸਾਹ ਦੇ ਰੋਗੀ ਠੀਕ ਸਾਹ ਨਾ ਲੈਣ ਦੀ ਹਾਲਤ ਵਿਚ ਬੇਹੋਸ਼ ਹੋ ਜਾਣ ਜਾਂ ਬਿਨਾ ਮਦਦ ਮਾਸਕ ਨੂੰ ਹਟਾਉਣ ਵਿਚ ਅਸਮਰਥ ਹਨ, ਸਾਵਧਾਨੀ ਵਰਤਨ।
- ਫੇਸ ਮਾਸਕ ?ਦੀ ਅਤੇ ਆਪਣੇ ਹੱਥਾਂ ਦੀ ਸਫਾਈ ਦਾ ਖਾਸ ਖਿਆਲ ਰੱਖੋ।ਦੂਜੇ ਕਪੜਿਆਂ ਤੋਂ ਅਲਗ ਤਾਜ਼ੇ ਪਾਣੀ ਵਿਚ ਘਰੇਲੂ ਬਲੀਚ ਮਿਲਾ ਕੇ ਮਾਸਕ ਨੂੰ ਸਾਫ ਕਰੋ।ਇੱਕ ਜੋੜੀ ਫਾਲਤੂ ਰਖੋ।ਡਿਸਪੋਜ਼ੇਬਲ ਮਾਸਕ ਖਰਾਬ, ਗੰਦਾ ਹੋ ਜਾਣ ਦੀ ਹਾਲਤ ਵਿਚ ਬਿਨਾ ਦੇਰ ਬਦਲ ਦਿਓ।
- ਐਨ-95 ਮਾਸਕ ?ਨਾ ਮਿਲਣ ਦੀ ਹਾਲਤ ਵਿਚ ਸਰਜੀਕਲ ਮਾਸਕ ਹਵਾ ਵਿਚ ਮੌਜ਼ੂਦ ਕਣਾਂ ਨੂੰ ਫਿਲਟਰ ਕਰਦਾ ਹੈ।ਥੁੱਕ ਅਤੇ ਸਾਹ ਦੁਆਰਾ ਹੋਂਣ ਵਾਲੀ ਇਨਫੈਕਸ਼ਨ ਨੂੰ ਘਟਾ ਕੇ ਸਾਹਮਣੇ ਵਾਲੇ ਦੀ ਰੱਖਿਆ ਕਰਦੇ ਹਨ।ਐਫਡੀਏ ਨੇ ਮਨਜ਼ੂਰੀ ਵੀ ਦਿੱਤੀ ਹੋਈ ਹੈ।
- ਕਪੜੇ ਦਾ ?ਮਾਸਕ ਚੰਗੀ ਨਾਈਲੋਨ ਦਾ ਕਈ ਲੇਅਰਾਂ ਵਾਲਾ ਹੋਣਾ ਚਾਹੀਦਾ ਹੈ।ਇਹ ਮਾਸਕ ? - ਚੰਗੀ ਤਰਾਂ ਧੋ ਕੇ ਦੁਬਾਰਾ ਇਸਤੇਮਾਲ ਕੀਤੇ ਜਾ ਸਕਦੇ ਹਨ।
- ਅਗਰ ?ਤੁਹਾਡੇ ਅੰਦਰ ਕੋਵਿਡ-19 ਦੀ ਇਨਫੈਕਸ਼ਨ ਹੈ, ਪਰ ਤੁਸੀਂ ਨਹੀਂ ਜਾਣਦੇ ਇਸ ਹਾਲਤ ਵਿਚ ਮੋਟੇ ਕਪੜੇ(ਨਾਈਲੋਨ ਜ਼ਿਆਦਾ ਲੇਅਰਾਂਵਾਲਾ) ਵਾਲਾ ਪਾਇਆ ਹੋਇਆ ਮਾਸਕ ਵੀ ਸਾਹਮਣੇ ਵਾਲੇ ਇਨਫੈਕਸ਼ਨ ਤੋਂ ਬਚ ਸਕਦਾ ਹੈ। - ਜ਼ਿਆਦਾ ?ਖਤਰਾ ਰੋਗੀ ਦੁਆਰਾ ਵਸਤਾਂ ਨੂੰ ਛੂਹਣ ਅਤੇ ਫਿਰ ਤੰਦਰੁਸਤ ਦੁਆਰਾ ਸੰਕਰਮਿਤ ਵਸਤਾਂ ਟਚ ਕਰਨ ਤੋਂ ਬਾਅਦ ਆਪਣੇ ਹੱਥ ਨੱਕ-ਮੂੰਹ ਨੂੰ ਬਿਨਾ ਹਥਾਂ ਨੂੰ ? ?ਧੌਤੇ ਟਚ ਕਰਨਾ ਹੈ, ਜੋ ਖਤਰੇ ਤੋਂ ਖਾਲੀ ਨਹੀਂ।ਇਸ ਲਈ ਘਰ ਤੋਂ ਬਾਹਰ ਹਮੇਸ਼ਾ ਡਿਸਪੋਜ਼ੇਬਲ ਗਲੱਬਸ ਇਸਤੇਮਾਲ ਕਰੋ।
- ਇਨਫੈਕਸ਼ਨ ਤੋਂ ਬਚਣ ਤੇ ਫੈਲਣ ਲਈ ?ਡਿਸਪੋਜ਼ੇਬਲ ਗਲੱਬਸ ?ਦੀ ਵਰਤੋਂ ?ਘਰ ਤੋਂ ਬਾਹਰ ਗਰੋਸਰੀ ਸਟੋਰ ਅੰਦਰ ਖਰੀਦਦਾਰੀ ਕਰਕੇ ਆਪਣੀ ਕਾਰ ਅੰਦਰ ਸਮਾਨ ਰੱਖਣ ਤੱਕ ਅਤੇ ਗੱਡੀ ਅੰਦਰ ਗੈਸ ਭਰਨ ਵੇਲੇ, ਏਟੀਐਮ ਇਸਤੇਮਾਲ ਕਰਨ ਤੋਂ ਬਾਅਦ ਗਲੱਬਸ ਗਾਰਬੇਜ਼ ਕਰ ਦਿਓ। - ਨੋਟ: ?ਆਪਣਾ ਫੇਸ ਮਾਸਕ ਉਤਾਰਨ ਤੋਂ ਬਾਅਦ ਹੱਥਾਂ ਨੂੰ ਸਾਬੁਨ ਨਾਲ ਕਲੀਨ ਕਰਕੇ ਚੰਗੇ ਸੈਨੀਟਾਈਜ਼ਰ (ਘੱਟੋ ਘੱਟ 60% ਅਲਕੋਹਲ ਵਾਲਾ) ਦੀ ਵਰਤੋਂ ਕਰਨ ਦੀ ਆਦਤ ਪਾ ਲਵੋ।

# ਵਤਨ ਵਾਪਸੀ ਬਹਾਨੇ ਪਰਵਾਸੀਆਂ ਦੀ ਲੁੱਟ, ਵੰਦੇ ਭਾਰਤ ਮਿਸ਼ਨ ਸਵਾਲਾਂ ਦੇ ਘੇਰੇ ਵਿਚ

ਚੰਡੀਗੜ੍ਹ: ਕਰੋਨਾ ਮਹਾਮਾਰੀ ਅਤੇ ਲੌਕਡਾਊਨ ਕਾਰਨ ਵਿਦੇਸ਼ਾਂ ਵਿਚ ਫਸੇ ਭਾਰਤੀਆਂ ਦੀ ਵਾਪਸੀ ਲਈ ਚਲਾਇਆ ਵੰਦੇ ਭਾਰਤ ਮਿਸ਼ਨ ਸਵਾਲਾਂ ਦੇ ਘੇਰੇ ਵਿਚ ਆ ਗਿਆ ਹੈ। ਸਰਕਾਰ ਦਾਅਵਾ ਕਰ ਰਹੀ ਹੈ ਕਿ ਪਿਛਲੇ 30 ਸਾਲਾਂ ਵਿਚ ਇਹ ਸਭ ਤੋਂ ਵੱਡਾ ਏਅਰ ਲਿਫਟ ਹੈ, ਪਰ ਇਸ ਮਿਸ਼ਨ ਆਸਰੇ ਕਿਸ ਤਰ੍ਹਾਂ ਪਰਵਾਸੀਆਂ ਦੀ ਲੁੱਟ ਹੋ ਰਹੀ ਹੈ, ਇਸ ਦੀਆਂ ਪਰਤਾਂ ਖੁੱਲ੍ਹਣ ਲੱਗੀਆਂ ਹਨ। ਵਿਦੇਸ਼ਾਂ ਤੋਂ ਪਰਤੇ ਲੋਕ ਸਵਾਲ ਕਰ ਰਹੇ ਹਨ ਕਿ ਇਕ ਪਾਸੇ ਮੋਦੀ ਸਰਕਾਰ ਇਸ ਨੂੰ 'ਮਿਸ਼ਨ' ਐਲਾਨ ਦਾਅਵਾ ਕਰ ਰਹੀ ਹੈ ਕਿ ਬਿਪਤਾ ਦੀ ਘੜੀ ਵਿਚ ਸਰਕਾਰ ਉਨ੍ਹਾਂ ਦੇ ਨਾਲ ਖੜ੍ਹੀ ਹੈ, ਦੂਜੇ ਪਾਸੇ 3 ਗੁਣਾ ਭਾੜਾ ਵਸੂਲ ਕੇ ਉਨ੍ਹਾਂ ਦੀ ਲੁੱਟ ਕੀਤੀ ਜਾ ਰਹੀ ਹੈ। ਇਹੀ ਨਹੀਂ, ਜਦੋਂ ਇਹ ਲੋਕ ਦਿੱਲੀ ਜਾਂ ਅੰਮ੍ਰਿਤਸਰ ਹਵਾਈ ਅੱਡੇ ਉਤੇ ਉਤਰਦੇ ਹਨ ਤਾਂ ਉਨ੍ਹਾਂ ਅੱਗੇ ਮਹਿੰਗੇ ਹੋਟਲਾਂ ਦੀ ਲਿਸਟ ਰੱਖ ਦਿੱਤੀ ਜਾਂਦੀ ਹੈ, ਜੋ 4 ਤੋਂ 5 ਹਜ਼ਾਰ ਰੁਪਏ ਇਕ ਦਿਨ ਦੇ ਲੈ ਰਹੇ ਹਨ। ਮੈਲਬਰਨ ਤੋਂ ਅੰਮ੍ਰਿਤਸਰ ਪੁੱਜੇ ਕੁਝ ਨੌਜਵਾਨਾਂ ਦਾ ਕਹਿਣਾ ਹੈ ਕਿ ਸਰਕਾਰ ਪੰਜਾਬ ਪੁੱਜਣ ਉਤੇ ਕਰੋਨਾ ਤੋਂ ਬਚਾਅ ਲਈ ਸਮਾਜਿਕ ਦੂਰੀਆਂ ਦੀ ਗੱਲ ਕਰਦੀ ਹੈ ਪਰ ਏਅਰ ਇੰਡੀਆ ਦੇ ਜਹਾਜ਼ ਵਿਚ ਉਨ੍ਹਾਂ ਨੂੰ ਤੂੜ ਕੇ ਲਿਆਂਦਾ ਗਿਆ। ਕੁਝ ਪਰਵਾਸੀਆਂ ਦੀ ਇਹ ਵੀ ਸ਼ਿਕਾਇਤ ਹੈ ਕਿ ਉਨ੍ਹਾਂ ਨੂੰ ਕਰੋਨਾ ਸ਼ੱਕੀ ਦੱਸ ਕੇ ਵੱਖ ਕੀਤਾ ਹੋਇਆ ਹੈ ਪਰ ਨਾ ਤਾਂ ਉਨ੍ਹਾਂ ਦੇ ਟੈਸਟ ਕੀਤੇ ਜਾ ਰਹੇ ਹਨ ਤੇ ਨਾ ਕੋਈ ਡਾਕਟਰੀ ਸਹਾਇਤਾ ਦਿੱਤੀ ਜਾ ਰਹੀ ਹੈ। ਹਵਾਈ ਅੱਡੇ ਉਤਰਦੇ ਹੀ ਹੋਟਲ ਨੇ 7 ਦਿਨਾਂ ਦੇ ਐਡਵਾਂਸ ਪੈਸੇ ਲੈ ਕੇ ਉਨ੍ਹਾਂ ਨੂੰ ਦਾਖਲ ਹੋਣ ਦਿੱਤਾ। ਮੈਲਬਰਨ ਤੋਂ ਹਰਸੁਖਬੀਰ ਸਿੰਘ ਨੇ ਸਰਕਾਰੀ ਨੀਅਤ ਉਤੇ ਸਵਾਲ ਚੁੱਕਦੇ ਹੋਏ ਕਿਹਾ ਕਿ ਭਾਰਤ ਨੇ ਜਿਹੜਾ ਵੰਦੇ ਭਾਰਤ ਮਿਸ਼ਨ ਚਲਾਇਆ ਹੈ, ਉਸ ਤਹਿਤ ਏਅਰ ਇੰਡੀਆ ਦੀ ਜਿਹੜੀ ਫਲਾਇਟ ਮੈਲਬਰਨ ਆਉਂਦੀ ਹੈ, ਉਸ ਦਾ ਆਸਟਰੇਲੀਅਨ ਸਰਕਾਰ ਨਾਲ ਸਮਝੌਤਾ ਹੈ। ਇਸ ਲਈ ਭਾਰਤ ਤੋਂ ਇਹ ਫਲਾਇਟ ਖਾਲੀ ਨਹੀਂ ਆ ਰਹੀ। ਇਸ ਦੀ ਘੱਟੋ ਘੱਟ ਟਿਕਟ 2200 ਡਾਲਰ ਹੈ। ਜਿਹੜੇ ਲੋਕ ਇਥੋਂ ਜਾ ਰਹੇ ਹਨ, ਉਨ੍ਹਾਂ ਤੋਂ 4 ਹਜ਼ਾਰ ਤੋਂ 4500 ਡਾਲਰ ਦੀ ਟਿਕਟ ਲਈ ਜਾ ਰਹੀ ਹੈ, ਜਦ ਕਿ ਦਿੱਲੀ ਤੱਕ ਦੀ ਆਮ ਟਿਕਟ 1700 ਡਾਲਰ ਹੈ। 13 ਘੰਟੇ ਦੇ ਸਫਰ ਵਿਚ ਉਹ ਬਿਨਾਂ ਕੁਝ ਖਾਧੇ ਇਥੇ ਪੁੱਜੇ ਹਨ। ਉਸ ਨੇ ਤਰਲਾ ਮਾਰਿਆ ਕਿ ਏਅਰ ਇੰਡੀਆ ਭਾਵੇਂ ਜਿੰਨੇ ਮਰਜ਼ੀ ਪੈਸੇ ਲਵੇ ਪਰ ਇਸ ਨੂੰ ਵੰਦੇ ਭਾਰਤ ਮਿਸ਼ਨ ਨਾ ਕਹੋ, ਇਹ ਖਰਚਾ ਤਾਂ ਲੋਕ ਆਪਣੇ ਪੱਲਿਉਂ ਕਰ ਰਹੇ ਹਨ। ਦੱਸ ਦਈਏ ਕਿ ਮੋਦੀ ਸਰਕਾਰ ਨੇ ਵਿਦੇਸ਼ਾਂ ਵਿਚ ਫਸੇ ਭਾਰਤੀਆਂ ਨੂੰ ਵਤਨ ਲਿਆਉਣ ਲਈ ਪਿਛਲੇ ਦਿਨੀਂ ਵੰਦੇ ਭਾਰਤ ਮਿਸ਼ਨ ਸ਼ੁਰੂ ਕੀਤਾ ਸੀ। ਇਸ ਮਿਸ਼ਨ ਦੀ ਸ਼ੁਰੂਆਤ ਤੋਂ ਪਹਿਲਾਂ ਵਤਨ ਵਾਪਸੀ ਦੀ ਇੱਛਾ ਰੱਖਣ ਵਾਲਿਆਂ ਨੂੰ ਆਨਲਾਈਨ ਅਪਲਾਈ ਕਰਨ ਲਈ ਆਖਿਆ ਸੀ। ਇਹ ਸੁਣ ਅਜਿਹੇ ਲੋਕਾਂ ਨੂੰ ਚਾਅ ਚੜ੍ਹ ਗਿਆ ਸੀ ਜੋ ਕੰਮ ਨਾ ਮਿਲਣ ਕਾਰਨ ਇਥੇ ਕਾਫੀ ਦਿਨਾਂ ਤੋਂ ਵਿਹਲੇ ਬੈਠੇ ਸਨ। ਪਰ ਸਰਕਾਰ ਨੇ ਨਾਲ ਦੀ ਨਾਲ ਆਖ ਦਿੱਤਾ ਕਿ ਜਹਾਜ਼ ਦੀ ਟਿਕਟ ਖੁਦ ਲੈਣੀ ਪਵੇਗੀ। ਇਹ ਸੁਣ ਪਿਛਲੇ 2 ਮਹੀਨਿਆਂ ਤੋਂ ਵਿਹਲੇ ਬੈਠੇ ਇਨ੍ਹਾਂ ਨੌਜਵਾਨਾਂ ਦੇ ਹੌਸਲੇ ਟੁੱਟ ਗਏ। ਕੁਝ ਤਾਂ ਪੈਸਿਆਂ ਦਾ ਜੁਗਾੜ ਕਰਨ ਵਿਚ ਸਫਲ ਰਹੇ ਪਰ ਜ਼ਿਆਦਾਤਰ, ਖਾਸ ਕਰਕੇ ਖਾੜੀ ਦੇਸ਼ਾਂ ਵਿਚ ਫਸੇ ਨੌਜਵਾਨ ਵਤਨ ਵਾਪਸੀ ਦੀ ਆਸ ਛੱਡ ਬੈਠੇ। ਯਾਦ ਰਹੇ ਕਿ ਵਿਦੇਸ਼ਾਂ ਤੋਂ ਪਰਤ ਰਹੇ ਪੰਜਾਬੀਆਂ ਵਿਚ ਜ਼ਿਆਦਾਤਰ ਵਿਦਿਆਰਥੀ ਹਨ, ਜੋ ਪੜ੍ਹਾਈ ਬਹਾਨੇ ਵਿਦੇਸ਼ਾਂ ਵਿਚ ਚੰਗੇ ਭਵਿੱਖ ਦੀ ਆਸ ਲੈ ਕੇ ਗਏ ਸਨ ਪਰ ਪਿਛਲੇ 2 ਮਹੀਨਿਆਂ ਤੋਂ ਲੌਕਡਾਊਨ ਕਾਰਨ ਇਨ੍ਹਾਂ ਨੂੰ ਕੋਈ ਕੰਮ ਨਹੀਂ ਮਿਲਿਆ। ਹੁਣ ਇਨ੍ਹਾਂ ਕੋਲ ਪੈਸੇ ਮੁੱਕਣ ਲੱਗੇ ਸਨ। ਪੰਜਾਬ ਦੇ ਕੁਝ ਨੌਜਵਾਨਾਂ ਨੇ ਹੱਡ ਬੀਤੀ ਸੁਣਾਉਂਦਿਆਂ ਦੱਸਿਆ ਕਿ ਉਹ ਜ਼ਮੀਨਾਂ ਵੇਚ ਕੇ ਘਰ-ਬਾਰ ਏਜੰਟਾਂ ਨੂੰ ਲੁਟਾ ਕੇ ਸੁਨਹਿਰੀ ਭਵਿੱਖ ਲਈ ਅਮਰੀਕਾ 'ਚ ਰੋਜ਼ੀ-ਰੋਟੀ ਕਮਾਉਣ ਦੇ ਸੁਪਨੇ ਲੈ ਕੇ ਗਏ ਸਨ। ਪਹਿਲਾਂ ਤਾਂ ਜੰਗਲਾਂ 'ਚ ਦੁੱਖ ਅਤੇ ਕਸ਼ਟ ਝੱਲ ਕੇ ਉਹ ਮੈਕਸੀਕੋ ਪਹੁੰਚੇ ਅਤੇ ਫਿਰ ਅਮਰੀਕਾ ਪੁਲਿਸ ਦੇ ਹੱਥੇ ਚੜ੍ਹ ਗਏ। ਇਨ੍ਹਾਂ ਨੌਜਵਾਨਾਂ ਨੇ ਕਿਹਾ ਕਿ ਕਰੋਨਾ ਤਾਂ ਪਤਾ ਨਹੀਂ ਜ਼ਿੰਦਗੀ ਨੂੰ ਕੀ ਕਰੂ ਪਰ ਸਭ ਕੁੱਝ ਗੁਆ ਕੇ ਜਦੋਂ ਭਵਿੱਖ ਹੀ ਹਨੇਰੀ ਸੁਰੰਗ ਸਾਹਮਣੇ ਖੜ੍ਹਾ ਦਿਖਾਈ ਦੇ ਰਿਹਾ ਹੋਵੇ ਤਾਂ ਮਹਾਮਾਰੀ ਤੋਂ ਘੱਟ ਡਰਾਉਣਾ ਨਹੀਂ ਲੱਗਦਾ। ਵਿਦੇਸ਼ ਤੋਂ ਪਰਤੇ ਪੰਜਾਬੀਆਂ ਨੂੰ ਮਿਲਣ ਪੁੱਜੇ ਲੋਕ ਇਨਸਾਫ ਪਾਰਟੀ ਦੇ ਮੁਖੀ ਅਤੇ ਵਿਧਾਇਕ ਸਿਮਰਜੀਤ ਸਿੰਘ ਬੈਂਸ ਨੇ ਸਵਾਲ ਚੁੱਕੇ ਕਿ ਜੋ ਲੋਕ ਹੋਟਲ ਦਾ ਖਰਚਾ ਨਹੀਂ ਦੇ ਸਕਦੇ, ਸਰਕਾਰ ਉਨ੍ਹਾਂ ਨੂੰ ਸਕੂਲਾਂ ਜਾਂ ਕੈਂਪਾਂ ਵਿਚ ਮੁਫਤ ਰੱਖਣ ਦਾ ਦਾਅਵਾ ਕਰ ਰਹੀ ਹੈ, ਪਰ ਹੁਣ ਇਨ੍ਹਾਂ ਤੋਂ 1000 ਰੁਪਏ ਲੈਣਾ ਸ਼ੁਰੂ ਕਰ ਦਿੱਤਾ ਹੈ। ਵਿਧਾਇਕ ਬੈਂਸ ਦਾ ਕਹਿਣਾ ਹੈ ਕਿ ਲੁਧਿਆਣਾ ਦੇ ਦੋਵਾਂ ਇਕਾਂਤਵਾਸ ਕੇਂਦਰਾਂ 'ਚ ਦੁਬਈ, ਬੈਂਕਾਂਕ, ਮਸਕਟ, ਥਾਈਲੈਂਡ ਅਤੇ ਹੋਰਨਾਂ ਦੇਸ਼ਾਂ ਤੋਂ ਆਏ ਲੋਕ ਸ਼ਾਮਲ ਹਨ। ਪਹਿਲਾਂ ਤਾਂ ਉਨ੍ਹਾਂ ਦਾ ਲੌਕਡਾਊਨ ਦੌਰਾਨ ਕੰਮ ਬੰਦ ਹੋ ਗਿਆ। ਹੁਣ ਇਥੇ ਵੀ ਉਹ ਪ੍ਰਸ਼ਾਸਨਿਕ ਅਧਿਕਾਰੀਆਂ ਦੀ ਠੱਗੀ ਦਾ ਸ਼ਿਕਾਰ ਹੋ ਰਹੇ ਹਨ। ਲੋਕਾਂ ਨੇ ਵਿਧਾਇਕ ਬੈਂਸ ਨੂੰ ਦੱਸਿਆ ਕਿ ਪਹਿਲਾਂ ਉਨ੍ਹਾਂ ਨੂੰ ਅੰਮ੍ਰਿਤਸਰ ਤੋਂ ਲਿਆਂਦਾ ਗਿਆ ਤਾਂ ਉਨ੍ਹਾਂ ਕੋਲੋਂ ਪੈਸੇ ਮੰਗੇ ਗਏ। ਲੋਕਾਂ ਨੇ ਸ਼ਿਕਾਇਤ ਕੀਤੀ ਕਿ ਪਿਛਲੇ ਦੋ ਦਿਨਾਂ ਤੋਂ ਪੀਣ ਵਾਲਾ ਪਾਣੀ ਵੀ ਬੰਦ ਕਰ ਦਿੱਤਾ ਗਿਆ ਹੈ। ਪੰਜਾਬ ਸਰਕਾਰ ਨੇ ਵਿਦੇਸ਼ ਤੋਂ ਆਉਣ ਵਾਲੇ ਵਿਅਕਤੀਆਂ ਨੂੰ ਇਕਾਂਤਵਾਸ ਕਰਨ ਸੰਬੰਧੀ ਨਵੀਆਂ ਸੇਧਾਂ ਜਾਰੀ ਕੀਤੀਆਂ ਹਨ। ਇਨ੍ਹਾਂ ਸੇਧਾਂ ਮੁਤਾਬਕ ਵਿਦੇਸ਼ ਤੋਂ ਆਉਣ ਵਾਲੇ ਵਿਅਕਤੀ ਨੂੰ ਹੋਟਲ ਵਿਚ ਸਰਕਾਰੀ ਨਿਗਰਾਨੀ ਵਾਲੇ ਇਕਾਂਤਵਾਸ ਕੇਂਦਰ ਤੋਂ ਇਕ ਹਫਤੇ ਬਾਅਦ ਘਰ ਭੇਜ ਕੇ ਘਰ ਅੰਦਰ ਸੱਤ ਦਿਨਾਂ ਲਈ ਇਕਾਂਤ ਵਿਚ ਰਹਿਣ ਦੀ ਵਿਵਸਥਾ ਕੀਤੀ ਗਈ ਹੈ। ਇਸ ਦੇ ਨਾਲ ਹੀ ਹਰੇਕ ਵਿਅਕਤੀ ਨੂੰ ਰਾਜ ਸਰਕਾਰ ਵੱਲੋਂ ਬਣਾਈ ਗਈ ਕੋਵਾ ਐਪ ਆਪਣੇ ਮੋਬਾਈਲ ਫੋਨ 'ਤੇ ਲਾਜ਼ਮੀ ਅਪਲੋਡ ਕਰਨੀ ਪਵੇਗੀ। ਸਿਹਤ ਵਿਭਾਗ ਵੱਲੋਂ ਜਾਰੀ ਸੇਧਾਂ ਮੁਤਾਬਕ ਵਿਦੇਸ਼ ਤੋਂ ਆਉਣ ਵਾਲੇ ਵਿਅਕਤੀ ਦੀ ਸਕਰੀਨਿੰਗ ਦੌਰਾਨ ਜੇਕਰ ਪਾਜ਼ੇਟਿਵ ਲੱਛਣ ਪਾਏ ਜਾਂਦੇ ਹਨ ਤਾਂ ਸਰਕਾਰੀ ਆਈਸੋਲੇਸ਼ਨ ਕੇਂਦਰ ਵਿਚ ਭੇਜਿਆ ਜਾਵੇਗਾ ਤੇ ਜੇਕਰ ਕੋਈ ਲੱਛਣ ਨਹੀਂ ਹੈ ਤਾਂ ਇਕਾਂਤਵਾਸ ਕੇਂਦਰ ਭੇਜ ਕੇ 5 ਦਿਨਾਂ ਬਾਅਦ ਸੈਂਪਲ ਲਿਆ ਜਾਵੇਗਾ

# ਨਾਰੀ ਦਰਪਣ

## ਘਰ ਦੀ ਰਸੋਈ

### ਕੱਦੂ ਮਿਕਸ ਤੂਰ ਦਾਲ



ਕੱਦੂ ਤੜਕਾ ਦਾਲ ਬਹੁਤ ਸੁਆਦੀ ਰੇਸਿਪੀ ਹੈ। ਇਹ ਦਾਲ ਤਿੰਨ ਦਾਲਾਂ ਦੇ ਮਿਸ਼ਰਣ ਨਾਲ ਬਣਦੀ ਹੈ। ਇਸ 'ਚ ਕੱਦੂ ਵੀ ਮਿਲਾਇਆ ਜਾਂਦਾ ਹੈ। ਇਹ ਦਾਲ ਸਿਹਤ ਲਈ ਵਧੀਆ ਹੁੰਦੀ ਹੈ। ਕੱਦੂ ਤੜਕਾ ਦਾਲ ਬਣਾਉਣਾ ਬਹੁਤ ਆਸਾਨ ਹੈ। ਅੱਜ ਅਸੀਂ ਤੁਹਾਨੂੰ ਕੱਦੂ ਤੜਕਾ ਦਾਲ ਬਣਾਉਣੀ ਦੱਸ ਰਹੇ ਹਾਂ।

**ਸਮੱਗਰੀ**

ਇੱਕ ਚੌਥਾਈ ਤੂਰ ਦਾਲ
ਇੱਕ ਚੌਥਾਈ ਕੱਪ ਮਸੂਰ ਦੀ ਦਾਲ
ਇੱਕ ਚੌਥਾਈ ਅਦਰਕ
ਦੋ ਪੀਸੀਆਂ ਹੋਈਆਂ ਹਰੀਆਂ ਮਿਰਚਾਂ
ਇੱਕ ਇੰਚ ਦਾਲਚੀਨੀ ਦੀ ਟੁੱਕੜਾ
ਦੋ ਤੇਜ਼ ਪੱਤਾ ਟਮਾਟਰ
ਨਮਕ ਸਵਾਦ ਮੁਤਾਬਕ
ਹਲਦੀ ਪਾਊਡਰ
250 ਗ੍ਰਾਮ ਕੱਦੂ ਬਰੀਕ ਕੱਟਿਆ ਹੋਇਆ
ਤੜਕੇ ਲਈ ਸਮੱਗਰੀ
ਇੱਕ ਚਮਚ ਘਿਓ
ਤਿੰਨ,ਚਾਰ ਲਸਣ ਦੀਆਂ ਕਲੀਆਂ
ਇੱਕ ਚਮਚ ਜੀਰਾ
ਦੋ ਸੁੱਕੀਆਂ ਲਾਲ ਮਿਰਚਾਂ

**ਵਿਧੀ**

ਸਭ ਤੋਂ ਪਹਿਲਾਂ ਗੈਸ 'ਤੇ ਸਾਰੀ ਸਮੱਗਰੀ ਨੂੰ ਕੁੱਕਰ 'ਚ ਪਾ ਕੇ ਦੋ ਕੱਪ ਪਾਣੀ ਅਤੇ ਨਮਕ ਪਾਓ। ਇਸ ਨੂੰ ਦੋ ਸੀਟੀਆਂ ਵੱਜਣ ਤੱਕ ਪਕਾਓ। ਉਬਾਲਣ ਵੇਲੇ ਤੜਕੇ ਵਾਲੀ ਸਮੱਗਰੀ ਨਾ ਪਾਓ। ਜਦੋਂ ਦਾਲ ਪੱਕ ਜਾਵੇ ਤਾਂ ਉਸ ਨੂੰ ਕਿਸੇ ਦੂਜੇ ਬਰਤਨ 'ਚ ਕੱਢ ਲਓ। ਹੁਣ ਗੈਸ 'ਤੇ ਤੜਕਾ ਲਗਾਉਣ ਲਈ ਇੱਕ ਛੋਟੀ ਕੜਾਹੀ ਰੱਖੋ।

ਹੁਣ ਇਸ 'ਚ ਜੀਰਾ, ਲਸਣ ਅਤੇ ਲਾਲ ਮਿਰਚ ਪਾਓ। ਇਸ ਨੂੰ ਕੁਝ ਦੇਰ ਪਕਾਓ। ਫ਼ਿਰ ਦਾਲ 'ਚ ਪਾ ਦਿਓ।

ਤੁਹਾਡੀ ਕੱਦੂ ਮਿਕਸ ਤੁਅਰ ਦਾਲ ਤਿਆਰ ਹੈ। ਇਸ ਨੂੰ ਗਰਮ-ਗਰਮ ਰੋਟੀ ਨਾਲ ਸਰਵ ਕਰੋ।

### ਪਪੀਤਾ-ਅਦਰਕ ਦਾ ਆਚਾਰ



**ਸਮੱਗਰੀ**

1 ਕਟੋਰੀ ਸਰੋਂ ਦਾ ਤੇਲ
2 ਛੋਟੇ ਚਮਚ ਕਲੌਂਜੀ
1 ਕਟੋਰੀ ਕੱਚਾ ਪਪੀਤਾ (ਟੁਕੜਿਆਂ 'ਚ ਕੱਟਿਆ ਹੋਇਆ)
2 ਵੱਡੇ ਚਮਚ ਕੱਟਿਆ ਹੋਇਆ ਅਦਰਕ
1 ਚਮਚ ਗੁੜ
ਨਮਕ ਸੁਆਦ ਮੁਤਾਬਕ
1 ਛੋਟਾ ਚਮਚ ਸਿਰਕਾ

**ਬਣਾਉਣ ਦੀ ਵਿਧੀ**

ਅਦਰਕ ਪਪੀਤੇ ਦਾ ਆਚਾਰ ਬਣਾਉਣ ਦੇ ਲਈ ਸਭ ਤੋਂ ਪਹਿਲਾਂ ਘੱਟ ਗੈਸ 'ਤੇ ਇੱਕ ਪੈਨ 'ਚ ਤੇਲ ਗਰਮ ਕਰਨ ਲਈ ਰੱਖੋ।

ਤੇਲ ਗਰਮ ਹੁੰਦੇ ਹੀ ਕਲੌਂਜੀ, ਕੱਚਾ ਪਪੀਤਾ, ਅਦਰਕ ਅਤੇ ਗੁੜ ਪਾ ਕੇ ਇਸ ਨੂੰ ਨਰਮ ਹੋਣ ਤੱਕ ਪਕਾਓ।

ਪਪੀਤੇ ਅਤੇ ਅਦਰਕ ਦੇ ਨਰਮ ਹੋ ਜਾਣ ਤੋਂ ਬਾਅਦ ਨਮਕ ਅਤੇ ਸਿਰਕਾ ਮਿਲਾਕੇ 2 ਤੋਂ 3 ਮਿੰਟਾਂ ਤੱਕ ਪਕਾਓ ਅਤੇ ਫ਼ਿਰ ਗੈਸ ਬੰਦ ਕਰ ਦਿਓ।

ਇਸ 'ਚ ਅਦਰਕ ਦਾ ਕੈਰਮਿਨੇਟਿਵ ਗੁਣ ਬਦਹਜ਼ਮੀ ਘੱਟ ਕਰਦਾ ਹੈ ਤਾਂ ਉੱਥੇ ਹੀ ਪਪੀਤੇ ਦੇ ਐਂਟੀਆਕਸੀਡੇਂਟ ਗੁਣ, ਫ਼ਾਇਵਰ ਅਤੇ ਵਿਟਾਮਿਨ ਸੀ ਦਾ ਗੁਣ ਕੋਲੈਸਟਰੋਲ ਦੇ ਨਾਲ ਭਾਰ ਕੰਟਰੋਲ ਕਰਨ 'ਚ ਮਦਦ ਵੀ ਕਰਦਾ ਹੈ।

ਪਪੀਤੇ ਅਤੇ ਅਦਰਕ ਦਾ ਆਚਾਰ ਤਿਆਰ ਹੈ ਇਸ ਨੂੰ ਬਰਨੀ 'ਚ ਪਾ ਕੇ ਰੱਖੋ ਜਦੋਂ ਚਾਹੋ ਖਾਣੇ ਦੇ ਨਾਲ ਇਸ ਦਾ ਸੁਆਦ ਲਓ।

### ਆਲੂ ਦਾ ਰਾਇਤਾ



**ਸਮੱਗਰੀ**

400 ਗ੍ਰਾਮ ਦਹੀਂ
ਦੋ ਉਬਲੇ ਹੋਏ ਆਲੂ
ਇੱਕ ਹਰੀ ਮਿਰਚ
ਅੱਧਾ ਚਮਚ ਭੁੱਜਿਆ ਜੀਰਾ
ਇੱਕ ਚੌਥਾਈ ਕਾਲੀ ਮਿਰਚ
ਹਰਾ ਧਨੀਆ ਬਰੀਕ ਕੱਟਿਆ ਹੋਇਆ
ਨਮਕ ਸਵਾਦ ਮੁਤਾਬਕ
ਕਾਲਾ ਨਮਕ ਸਵਾਦ ਮੁਤਾਬਕ

**ਵਿਧੀ**

ਸਭ ਤੋਂ ਪਹਿਲਾਂ ਦਹੀਂ ਨੂੰ ਚੰਗੀ ਤਰ੍ਹਾਂ ਫ਼ੈਂਟ ਲਓ।

ਹੁਣ ਆਲੂਆਂ ਨੂੰ ਛਿੱਲ ਕੇ ਤੋੜ ਲਓ ਅਤੇ ਦਹੀਂ 'ਚ ਮਿਲਾ ਦਿਓ। ਨਾਲ ਹੀ ਹਰੀ ਮਿਰਚ, ਅੱਧਾ ਹਰਾ ਧਨੀਆ, ਕਾਲੀ ਮਿਰਚ, ਨਮਕ, ਕਾਲਾ ਨਮਕ ਅਤੇ ਅੱਧਾ ਜੀਰਾ ਪਾਊਡਰ ਮਿਲਾ ਦਿਓ।

ਰਾਇਤੇ ਨੂੰ ਕਟੋਰੀ 'ਚ ਕੱਢ ਲਓ। ਹੁਣ ਬਚਿਆ ਹੋਇਆ ਜੀਰਾ ਪਾਊਡਰ ਅਤੇ ਧਨੀਆ ਪਾਊਡਰ ਪਾ ਕੇ ਇਸ ਨੂੰ ਸਜਾਓ। ਆਲੂ ਦੇ ਰਾਇਤੇ ਨੂੰ ਠੰਡਾ ਹੋਣ ਲਈ ਫ਼ਰਿੱਜ 'ਚ ਰੱਖ ਸਕਦੇ ਹੋ। ਇਸ ਰਾਇਤੇ ਨੂੰ ਗਰਮਾ-ਗਰਮ ਭੋਜਨ ਨਾਲ ਸਰਵ ਕਰੋ।

# ਕਿਵੇਂ ਰੱਖੀਏ ਪਤੀ ਨੂੰ ਖ਼ੁਸ਼



• ਅਮਨਪ੍ਰੀਤ ਸਿੰਘ

ਇਨਸਾਨ ਆਪਣੀ ਜ਼ਿੰਦਗੀ ਵਿਚ ਤਿੰਨ ਤਰ੍ਹਾਂ ਦੀ ਜ਼ਿੰਦਗੀ ਜਿਊਂਦਾ ਹੈ। ਇਕ ਹੈ ਨਿਜੀ ਜ਼ਿੰਦਗੀ, ਦੂਸਰੀ ਪਰਿਵਾਰਕ ਅਤੇ ਤੀਸਰੀ ਦੋਸਤਾਂ ਮਿੱਤਰਾਂ ਦੀ ਜ਼ਿੰਦਗੀ। ਇਨਸਾਨ ਦੀ ਜ਼ਿੰਦਗੀ ਵਿਚ ਇਹ ਤਿੰਨੋਂ ਹੀ ਜ਼ਿੰਦਗੀਆਂ ਬਹੁਤ ਹੀ ਮਹੱਤਵਪੂਰਨ ਹਨ ਪਰ ਅੱਗੇ ਵਧਣ ਤੋਂ ਪਹਿਲਾਂ ਸਾਨੂੰ ਇਨ੍ਹਾਂ ਤਿੰਨ ਤਰ੍ਹਾਂ ਦੀਆਂ ਜ਼ਿੰਦਗੀਆਂ ਦਾ ਮਤਲਬ ਸਮਝ ਲੈਣਾ ਜ਼ਰੂਰੀ ਹੈ। ਨਿੱਜੀ ਜ਼ਿੰਦਗੀ ਦਾ ਮਤਲਬ ਹੈ ਕੁਝ ਸਮਾਂ ਇਕੱਲੇ ਰਹਿ ਕੇ ਬਿਤਾਉਣਾ। ਇਨਸਾਨ ਇਹ ਸਮਾਂ ਇੱਕਲੇ ਬੈਠ ਕੇ ਬਿਤਾਉਂਦਾ ਹੈ, ਨਵੇਂ-ਨਵੇਂ ਵਿਚਾਰ ਸੋਚਦਾ ਹੈ। ਇਹ ਸਮਾਂ ਇਨਸਾਨ ਦੀ ਤਰੱਕੀ ਅਤੇ ਆਤਮਿਕ ਸ਼ਾਂਤੀ ਲਈ ਬਹੁਤ ਜ਼ਰੂਰੀ ਹੈ। ਦੂਜੀ ਤਰ੍ਹਾਂ ਦੀ ਜ਼ਿੰਦਗੀ ਹੈ ਪਰਿਵਾਰਕ ਜ਼ਿੰਦਗੀ। ਇਸ ਉਹ ਸਮਾਂ ਹੁੰਦਾ ਹੈ ਜਿਸ ਵਿਚ ਇਕ ਇਨਸਾਨ ਆਪਣੀ ਪਤਨੀ, ਬੱਚਿਆਂ ਅਤੇ ਮਾਂ-ਪਿਓ ਲਈ ਸਮਾਂ ਕੱਢਦਾ ਹੈ। ਤੀਜੀ ਜ਼ਿੰਦਗੀ ਹੈ ਦੋਸਤਾਂ-ਮਿਤਰਾਂ ਦੀ ਜ਼ਿੰਦਗੀ। ਇਹ ਜ਼ਿੰਦਗੀ ਦਾ ਉਹ ਸਮਾਂ ਹੈ ਜਿਸ ਵਿਚ ਇਕ ਆਦਮੀ ਆਪਣੇ ਦੋਸਤਾਂ ਮਿੱਤਰਾਂ ਲਈ ਸਮਾਂ ਕੱਢਦਾ ਹੈ। ਉਹ ਆਪਣੇ ਦੋਸਤਾਂ ਨਾਲ ਆਪਣੇ ਦਿਲ ਦੇ ਸੁੱਖ ਦੁੱਖ ਸਾਂਝੇ ਕਰਦਾ ਹੈ ਅਤੇ ਸਮੱਸਿਆਵਾਂ ਦੇ ਹੱਲ ਲੱਭਣ ਦੀ ਕੋਸ਼ਿਸ਼ ਕਰਦਾ ਹੈ। ਦੋਸਤੋ ਇਹ ਤਿੰਨ ਜ਼ਿੰਦਗੀਆਂ ਜੀਵਨ ਦੇ ਉਹ ਤਿੰਨ ਮਜਬੂਤ ਥੰਮ੍ਹ ਹਨ ਜਿਨ੍ਹਾਂ 'ਤੇ ਜ਼ਿੰਦਗੀ ਖੜ੍ਹੀ ਹੈ। ਇਨ੍ਹਾਂ ਵਿਚੋਂ ਇਕ ਥੰਮ ਵੀ ਕਮਜ਼ੋਰ ਹੋ ਗਿਆ ਤਾਂ ਆਪਣੀ ਪੂਰੀ ਜ਼ਿੰਦਗੀ ਡਾਂਵਾਂਡੋਲ ਹੋ ਜਾਵੇਗੀ। ਜੇ ਆਪਾਂ ਜ਼ਿੰਦਗੀ ਵਿਚ ਸੰਤੁਲਨ ਬਣਾਉਣ ਦੀ ਗੱਲ ਕਰੀਏ ਤਾਂ ਉਹ ਸੰਤੁਲਨ ਹੋਰ ਕੁਝ ਨਹੀਂ, ਬੱਸ ਇਨ੍ਹਾਂ ਤਿੰਨਾਂ ਵਿਚ ਸੰਤੁਲਨ ਪੈਦਾ ਕਰਨਾ ਹੈ। ਅਕਸਰ ਦੇਖਿਆ ਗਿਆ ਹੈ ਕਿ ਵਿਆਹ ਤੋਂ ਬਾਅਦ ਆਦਮੀ ਦਾ ਇਹ ਸੰਤੁਲਨ ਖ਼ਰਾਬ ਹੋ ਜਾਂਦਾ ਹੈ। ਅੱਜ ਕੱਲ੍ਹ ਦੀਆਂ ਪਤਨੀਆਂ ਪਤੀ ਕੋਲੋਂ ਬਹੁਤ ਜ਼ਿਆਦਾ ਸਮੇਂ ਦੀ ਆਸ ਰੱਖਦੀਆਂ ਹਨ। ਨਿੱਜੀ ਜ਼ਿੰਦਗੀ ਵਿਚੋਂ ਸਮਾਂ ਕੱਢਣ ਦਾ ਮਤਲਬ ਹੈ ਕਿ ਜਿਸ ਸਮੇਂ ਉਹ ਚੰਗੀਆਂ ਕਿਤਾਬਾਂ ਪੜ੍ਹਨਾ ਚਾਹੁੰਦਾ ਸੀ, ਚੰਗੀਆਂ ਸੋਚਾਂ ਸੋਚਣੀਆਂ ਚਾਹੁੰਦਾ ਸੀ, ਆਪਣੀ ਤਰੱਕੀ ਦੇ ਰਾਹ ਲੱਭਣਾ ਚਾਹੁੰਦਾ ਸੀ, ਆਪਣੀ ਕੋਈ ਮਨਪਸੰਦ ਦੀ ਚੀਜ਼ ਕਰਨਾ ਚਾਹੁੰਦਾ ਸੀ। ਉਹ ਸਾਰਾ ਸਮਾਂ ਕੱਟ ਕੇ, ਉਸਨੇ ਆਪਣੀ ਪਤਨੀ ਨੂੰ ਦੇ ਦਿੱਤਾ।



ਅਕਸਰ ਅਜਿਹੇ ਦਿੱਤੇ ਗਏ ਸਮੇਂ ਵਿਚ ਪਤੀ ਪਤਨੀ ਝਗੜੇ ਤੋਂ ਇਲਾਵਾ ਹੋਰ ਕੁਝ ਨਹੀਂ ਕਰਦੇ। ਹੁਣ ਤੁਸੀਂ ਮੈਨੂੰ ਆਪ ਹੀ ਦੱਸੋ ਕਿ ਅਜਿਹਾ ਇਨਸਾਨ ਆਪਣੀ ਜ਼ਿੰਦਗੀ ਵਿਚ ਕਿਵੇਂ ਖ਼ੁਸ਼ ਰਹਿ ਸਕਦਾ ਹੈ ? ਸੋ ਹਰ ਪਤਨੀ ਨੂੰ ਚਾਹੀਦੈ ਕਿ ਆਪਣੇ ਪਤੀ ਕੋਲੋਂ ਕਦੇ ਵੀ ਲੋੜੋਂ ਵੱਧ ਸਮਾਂ ਨਾ ਮੰਗੋ ਕਿਉਂਕਿ ਧੱਕੇ ਨਾਲ ਪ੍ਰਾਪਤ ਕੀਤੇ ਸਮੇਂ ਵਿਚ ਦੋਵਾਂ ਵਿਚੋਂ ਕੋਈ ਵੀ ਖ਼ੁਸ਼ ਨਹੀਂ ਰਹਿ ਸਕਦਾ ਹੈ। ਜੇ ਤੁਸੀਂ ਵੀ ਆਪਣੇ ਪਤੀ ਨੂੰ ਖ਼ੁਸ਼ ਦੇਖਣਾ ਚਾਹੁੰਦੇ ਹੋ ਅਤੇ ਚਾਹੁੰਦੇ ਹੋ ਕਿ ਉਹ ਵੀ ਤੁਹਾਨੂੰ ਖ਼ੁਸ਼ ਰੱਖੇ, ਤਾਂ ਆਪਣੇ ਪਤੀ ਦੀ ਮਦਦ ਕਰੋ ਉਨ੍ਹਾਂ ਨੂੰ ਆਪਣੀ ਜ਼ਿੰਦਗੀ ਵਿਚ ਸੰਤੁਲਨ ਬਣਾਉਣ ਲਈ ਕਿਉਂਕਿ ਜਦੋਂ ਇਨਸਾਨ ਦੀ ਇਕ ਜ਼ਿੰਦਗੀ ਵਿਚ ਤਿੰਨੋਂ ਤਰ੍ਹਾਂ ਦੀਆਂ ਜ਼ਿੰਦਗੀਆਂ ਦਾ ਸੰਤੁਲਨ ਬਣ ਜਾਵੇਗਾ ਤਾਂ ਸੁਭਾਵਿਕ ਹੈ ਕਿ ਜੋ ਇਨਸਾਨ ਅੰਦਰੋਂ ਪੂਰੀ ਤਰ੍ਹਾਂ ਨਾਲ ਖ਼ੁਸ਼ ਹੈ, ਉਹ ਦੂਜਿਆਂ ਨੂੰ ਵੀ ਖ਼ੁਸ਼ ਰੱਖਣ ਦੀ ਕੋਸ਼ਿਸ਼ ਕਰੇਗਾ।

09465554088

# ਰੋਜ਼ਾਨਾ ਜ਼ਿੰਦਗੀ 'ਚ ਅਪਨਾਓ ਇਹ ਗੱਲਾਂ



• ਭੋਲਾ ਨੂਰਪੁਰਾ

ਹੇਠ ਲਿਖੀਆਂ ਗੱਲਾਂ ਨੂੰ ਤੁਸੀਂ ਧਿਆਨ 'ਚ ਰੱਖਦੇ ਹੋਏ ਆਪਣੀ ਸ਼ਖ਼ਸੀਅਤ ਨੂੰ ਹਮੇਸ਼ਾਂ ਲਈ ਪ੍ਰਭਾਵਸ਼ਾਲੀ ਬਣਾ ਸਕਦੇ ਹੋ -

• ਸੋਚ-ਸਮਝ ਕੇ ਬੋਲਣਾ ਚੰਗੀ ਗੱਲ ਹੈ। ਜੇਕਰ ਤੁਸੀਂ ਦੋ-ਚਾਰ ਸਹੇਲੀਆਂ ਜਾਂ ਔਰਤਾਂ 'ਚ ਗੱਲਬਾਤ ਕਰ ਰਹੇ ਹੋ ਤਾਂ ਉਹੀ ਗੱਲਬਾਤ ਕਰੋ, ਜਿਸ ਬਾਰੇ ਤੁਹਾਨੂੰ ਪੂਰੀ ਜਾਣਕਾਰੀ ਹੈ। ਫ਼ਜ਼ੂਲ ਜਾਂ ਆਪਣੇ ਕੋਲੋਂ ਮਨਘੜਤ ਗੱਲਾਂ ਕਰਨ ਨਾਲੋਂ ਚੁੱਪ ਰਹਿਣਾ ਵਧੀਆ ਰਹੇਗਾ।

• ਦੂਜਿਆਂ ਦੀ ਗੱਲ ਸੁਣ ਕੇ ਫਿਰ ਜਵਾਬ ਦੇਵੋ, ਉਸ ਦੀ ਗੱਲ ਵਿਚਕਾਰ ਆਪਣੀ ਗੱਲ ਨਾ ਚਲਾਵੋ।

• ਗੱਲ ਕਰਨ ਸਮੇਂ ਬਹੁਤਾ ਉੱਚੀ ਅਤੇ ਤੇਜ਼ ਨਾ ਬੋਲੋ। ਗੱਲ ਕਰਦਿਆਂ ਠਹਾਕੇ ਮਾਰ ਕੇ ਵਾਰ-ਵਾਰ ਨਾ ਹੱਸੋ।

• ਜੇਕਰ ਤੁਹਾਡੇ ਕੋਲੋਂ ਕੋਈ ਗ਼ਲਤੀ ਹੋ ਗਈ ਹੈ ਤਾਂ ਉਸ ਨੂੰ ਛੁਪਾਉਣ ਲਈ ਝੂਠ ਦਾ ਸਹਾਰਾ ਨਾ ਲਓ।

• ਬੋਲਣ ਸਮੇਂ ਇਧਰ-ਉਧਰ ਨਾ ਹੋਵੋ, ਸਾਥਣਾਂ ਦੇ ਚੂੰਢੀਆਂ ਵੱਢਣੀਆਂ ਜਾਂ ਧੱਫ਼ੇ ਮਾਰ ਕੇ ਗੱਲ ਕਰਨੀ, ਇੰਜ ਤੁਹਾਡੀ ਗੱਲਬਾਤ ਦਾ ਸਲੀਕਾ ਫਿੱਕਾ ਪੈ ਜਾਵੇਗਾ।

• ਬੱਚਿਆਂ ਸਾਹਮਣੇ ਵੱਡਿਆਂ ਲਈ ਗ਼ਲਤ ਸ਼ਬਦ ਦਾ ਇਸਤੇਮਾਲ ਨਾ ਕਰੋ। ਕਿਸੇ ਨੂੰ ਗ਼ਲਤ ਨਾਂ ਨਾਲ ਬੁਲਾਉਣਾ ਸ਼ੋਭਾ ਨਹੀਂ ਦਿੰਦਾ।

• ਫੋਨ ਕਰਦੇ ਸਮੇਂ ਹੌਲੀ ਬੋਲੋ ਅਤੇ ਫ਼ਜ਼ੂਲ ਗੱਲਾਂ ਤੋਂ ਪ੍ਰਹੇਜ਼ ਰੱਖੋ। ਘਰ ਵਿਚ ਬੱਚਿਆਂ ਨਾਲ ਜਾਂ ਹੋਰ ਮੈਂਬਰਾਂ ਨਾਲ ਹੌਲੀ ਗੱਲ ਕਰੋ। ਤੁਹਾਡੀ ਆਵਾਜ਼ ਕੰਧਾਂ-ਕੋਠੇ ਪਾਰ ਕਰਕੇ ਗੁਆਂਢ ਨਾ ਪਹੁੰਚੇ।

• ਕਿਸੇ ਦੇ ਘਰ ਦੀ ਸਮੱਸਿਆ ਨੂੰ ਸੁਲਝਾਉਣ ਲਈ ਤੁਸੀਂ ਦਖ਼ਲਅੰਦਾਜ਼ੀ ਨਾ ਕਰੋ।

• ਜਨਤਕ ਥਾਵਾਂ 'ਤੇ ਮਜ਼ਾਜਪੁਣੇ 'ਚ ਰਹੋ। ਉੱਚੀ ਨਾ ਹੱਸੋ, ਬਿਨਾਂ ਮਤਲਬ ਸ਼ਹਿਰ- ਬਜ਼ਾਰਾਂ 'ਚ ਨਾ ਘੁੰਮੋ।

• ਕਿਸੇ ਬਾਰੇ ਗ਼ਲਤ ਬਿਆਨਬਾਜ਼ੀ ਕਰਨ ਤੋਂ ਗੁਰੇਜ਼ ਕਰੋ। ਤੁਹਾਡੇ ਵਲੋਂ ਕੀਤੀ ਗ਼ਲਤ ਬਿਆਨਬਾਜ਼ੀ ਉਸ ਦੇ ਕੰਨਾਂ ਤਕ ਜ਼ਰੂਰ ਪਹੁੰਚੇਗੀ। ਉਸ ਦੀਆਂ ਨਜ਼ਰਾਂ 'ਚ ਤੁਸੀਂ ਝੂਠੇ, ਚੁਗਲਖੋਰ ਬਣ ਕੇ ਰਹਿ ਜਾਓਗੇ।

• ਬਸ, ਇੰਨੀਆਂ ਕੁ ਗੱਲਾਂ ਨੂੰ ਧਿਆਨ 'ਚ ਰੱਖ ਕੇ ਚੱਲੋਗੇ ਤਾਂ ਤੁਹਾਡੀ ਸ਼ਖ਼ਸੀਅਤ ਦਾ ਪ੍ਰਭਾਵ ਫਿੱਕਾ ਨਹੀਂ ਪਵੇਗਾ।

ਮੋਬਾਈਲ ਨੰ- 9781919175



# ਸਮੇਂ ਦੀ ਲੋੜ



ਮਨੋਵਿਗਿਆਨੀਆਂ ਅਨੁਸਾਰ ਪਾਪਾ ਦਾ ਆਪਣੇ ਬੱਚਿਆਂ ਪ੍ਰਤੀ ਇਸ ਤਰ੍ਹਾਂ ਦਾ ਦੋਸਤਾਨਾ ਰਵੱਈਆ ਰੱਖਣਾ, ਅੱਜ ਦੇ ਸਮੇਂ ਦੀ ਲੋੜ ਹੈ। ਪਿਤਾ ਦੇ ਕਮਰੇ ਵਿਚ ਕਦਮ ਰਖਦੇ ਹੀ ਬੱਚਿਆਂ ਦਾ ਸਹਿਮ ਜਾਣਾ ਹੁਣ ਬੀਤੇ ਦੌਰ ਦੀ ਗੱਲ ਹੋ ਗਈ ਹੈ। ਮਨੋਵਿਗਿਆਨੀਆਂ ਦੀ ਨਜ਼ਰ ਵਿਚ ਬੱਚਿਆਂ ਦੇ ਮਨ ਵਿਚ ਪਿਤਾ ਪ੍ਰਤੀ ਇਸ ਤਰ੍ਹਾਂ ਦੇ ਡਰ ਦਾ ਹੋਣਾ ਸਹੀ ਨਹੀਂ ਹੈ। ਮਨੋਵਿਗਿਆਨੀ ਇਸ ਨੂੰ ਬੱਚਿਆਂ ਦੀ ਪਰਵਰਿਸ਼ ਦਾ ਗ਼ਲਤ ਤਰੀਕਾ ਮੰਨਦੇ ਹਨ।

**ਦੋਸਤੀ ਦਾ ਦੂਸਰਾ ਪਹਿਲੂ :** ਇਹ ਸਹੀ ਹੈ ਕਿ ਦੋਸਤ ਦੇ ਰੂਪ ਵਿਚ ਆਪਣੇ ਬੱਚੇ ਨਾਲ ਜੁੜਨਾ ਉਨ੍ਹਾਂ ਦੀ ਪਰਸਨੈਲਿਟੀ ਦੇ ਵਿਕਸਿਤ ਹੋਣ ਵਿਚ ਸਹਾਈ ਹੈ। ਬੱਚਿਆਂ ਨਾਲ ਹੱਦ ਤੋਂ ਜ਼ਿਆਦਾ ਦੋਸਤਾਨਾ ਹੋਣਾ ਸਹੀ ਨਹੀਂ ਹੈ। ਬੱਚੇ ਅਤੇ ਪਿਤਾ ਦਾ ਲੰਬਾ ਜਨਰੇਸ਼ਨ ਗੈਪ ਹੁੰਦਾ ਹੈ। ਇਸ ਲਈ ਮਾਪਿਆਂ ਅਤੇ ਬੱਚਿਆਂ ਦੀ ਸਮਝ 'ਚ ਫ਼ਰਕ ਹੁੰਦੀ ਹੀ ਹੈ।

**ਧਿਆਨ ਰਖੋ :** ਜਦ ਪਾਪਾ ਆਪਣੇ ਬੱਚੇ ਨਾਲ ਜੁੜਨ ਦੀ ਕੋਸ਼ਿਸ਼ ਕਰਦੇ ਹਨ ਤਾਂ ਉਨ੍ਹਾਂ ਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਉਹ ਸਿਰਫ਼ ਪਾਪਾ ਹੀ ਨਾ ਬਣੇ ਰਹਿਣ ਬਲਕਿ ਅਜਿਹੇ ਪਾਪਾ ਬਣਨ ਜਿਸ ਨਾਲ ਬੱਚੇ ਅਤੇ ਉਹ ਦੋਵੇਂ ਇਕ ਦੂਸਰੇ ਨੂੰ ਸਮਝ ਸਕਣ। ਹਰ ਸਮੇਂ ਬੱਚੇ ਦੀ ਗੱਲ ਮੰਨਣ ਦੀ ਬਜਾਏ ਉਨ੍ਹਾਂ ਲਈ ਸੀਮਾ ਨਿਰਧਾਰਤ ਕਰਨ। ਉਨ੍ਹਾਂ ਦੇ ਸੌਣ ਦਾ ਸਮਾਂ, ਟੀਵੀ ਦੇਖਣ, ਵੀਡਿਓ ਗੇਮ ਖੇਡਣ ਦੇ ਕੁਝ ਨਿਯਮ ਬਣਾਓ। ਬੱਚੇ ਜਦ ਘਰ ਤੋਂ ਬਾਹਰ ਜਾਣ ਤਾਂ ਉਨ੍ਹਾਂ ਨੂੰ ਘਰ ਦੇ ਨਿਯਮਾਂ ਦਾ ਸਖ਼ਤੀ ਨਾਲ ਪਾਲਣ ਕਰਨਾ ਸਿਖਾਓ। ਪਿਤਾ ਦਾ ਬੱਚਿਆਂ ਨੂੰ ਸਮਝਣਾ, ਉਨ੍ਹਾਂ ਦਾ ਦੋਸਤ ਬਣਨਾ ਅੱਜ ਦੇ ਸਮੇਂ ਦੀ ਮੰਗ ਹੈ ਪਰ ਅਜਿਹਾ ਕਰਨਾ ਤਾਂ ਹੀ ਸਹੀ ਹੋਵੇਗਾ ਜੇ ਸਮੇਂ ਸਮੇਂ 'ਤੇ ਪਿਤਾ ਆਪਣੀ ਅਸਲ ਭੂਮਿਕਾ ਨਿਭਾਉਂਦੇ ਰਹਿਣਗੇ। •

# ਮਾਪੇ ਹਨ ਦੁਆਵਾਂ ਤੇ ਤਜਰਬੇ ਦਾ ਭੰਡਾਰ

• ਗੁਰਤੇਜ ਸਿੰਘ



ਜੀ ਆਂ ਦੇ ਸਮੂਹ ਨੂੰ ਪਰਿਵਾਰ ਕਿਹਾ ਜਾਦਾ ਹੈ। ਸਮਾਜ ਦੀ ਛੋਟੀ ਇਕਾਈ ਪਰਿਵਾਰ ਹੀ ਹੈ। ਹਰੇਕ ਸਮਾਜਿਕ ਪ੍ਰਾਣੀ ਦਾ ਸੰਪੂਰਨ ਜੀਵਨ ਆਪਣੇ ਪਰਿਵਾਰ(ਸਮਾਜ) ਦੇ ਆਲੇ ਦੁਆਲੇ ਘੁੰਮਦਾ ਹੈ। ਆਪਣੇ ਪਰਿਵਾਰ ਦੀ ਖੁਸ਼ੀ, ਤੰਦਰੁਸਤੀ ਅਤੇ ਤਰੱਕੀ ਲਈ ਹਰ ਤਰਾਂ ਦੇ ਜੋਖਮ ਲੈਂਦਾ ਹੈ। ਮਾਤਾ ਪਿਤਾ ਦੀ ਸ਼ਮੂਲੀਅਤ ਤੋਂ ਬਿਨਾਂ ਘਰ ਪਰਿਵਾਰ ਅਧੂਰਾ ਹੁੰਦਾ ਹੈ। ਅੰਗਰੇਜੀ ਦੇ ਫ਼ੈਮਿਲੀ ਸ਼ਬਦ ਨੂੰ ਅਗਰ ਗੌਰ ਨਾਲ ਵਾਚਿਆ ਜਾਵੇ ਤਾਂ ਇਹ ਅਲਫਾਜ਼ ਪਰਿਵਾਰ ਦੀ ਸੰਪੂਰਨ ਪ੍ਰੀਭਾਸ਼ਾ ਬਾਖ਼ੂਬੀ ਬਿਆਨਦਾ ਹੈ। ਪਰਿਵਾਰ ਸ਼ਬਦ ਵਿਚ ਮੌਜੂਦ ਅੱਖਰ ਐੱਫ਼ ਅਤੇ ਐੱਮ ਬਾਕੀ ਅੱਖਰਾਂ ਨੂੰ ਬੰਨਦੇ ਹੋਏ ਪ੍ਰਤੀਤ ਹੁੰਦੇ ਹਨ। ਪਹਿਲਾ ਅੱਖਰ ਐੱਫ਼ ਇਸ ਸ਼ਬਦ ਦਾ ਧੁਰਾ ਹੈ ਜੋ ਫਾਦਰ (ਪਿਤਾ) ਨੂੰ ਪੇਸ਼ ਕਰਦਾ ਹੈ। ਇਸ ਤੋਂ ਬਾਅਦ ਐੱਮ ਸ਼ਬਦ ਵੀ ਉੱਭਰਦਾ ਮਾਲੂਮ ਹੁੰਦਾ ਹੈ ਜਿਸਨੂੰ ਮਦਰ (ਮਾਤਾ) ਦੇ ਰੂਪ 'ਚ ਲਿਆ ਜਾਦਾ ਹੈ ਜਿਸਨੇ ਪੂਰੇ ਸ਼ਬਦ ਨੂੰ ਆਪਣੇ ਨਾਲ ਜੋੜ ਕੇ ਰੱਖਿਆ ਹੋਇਆ ਹੈ। ਫਾਦਰਜ਼ ਡੇਅ (ਪਿਤਾ ਦਿਵਸ) ਮਨਾਉਣ ਦੀ ਸ਼ੁਰੂਆਤ ਵੀਹਵੀਂ ਸਦੀ ਦੇ ਸ਼ੁਰੂ 'ਚ ਹੋਈ ਅਤੇ ਪਹਿਲੀ ਵਾਰ ਪੰਜ ਜੁਲਾਈ 1908 ਨੂੰ ਵੈਸਟ ਵਰਜੀਨੀਆ ਵਿਚ ਮਨਾਇਆ ਗਿਆ। ਸੰਨ 1966 ਵਿਚ ਰਾਸਟਰਪਤੀ ਲਿੰਡਨ ਬੀ ਜਾਨਸਨ ਨੇ ਪਹਿਲੀ ਵਾਰ ਜੂਨ ਦੇ ਤੀਜੇ ਐਤਵਾਰ ਨੂੰ ਫਾਦਰਜ਼ ਡੇਅ ਮਨਾਉਣ ਦਾ ਫ਼ੈਸਲਾ ਕੀਤਾ। ਹੁਣ ਸੰਸਾਰ ਦੇ ਵੱਖ-ਵੱਖ ਦੇਸ਼ਾਂ ਅਮਰੀਕਾ, ਇੰਗਲੈਂਡ, ਭਾਰਤ ਅਤੇ ਕਈ ਹੋਰ ਦੇਸ਼ਾਂ ਵਿਚ ਪਿਤਾ ਦਿਵਸ ਜੂਨ ਮਹੀਨੇ ਦੇ ਤੀਜੇ ਐਤਵਾਰ ਨੂੰ ਮਨਾਇਆ ਜਾਦਾ ਹੈ। ਇਹ ਪਿਰਤ ਚਾਹੇ ਸਾਡੇ ਲਈ ਨਵੀ ਹੈ ਪਰ ਸਾਡੇ ਦੇਸ਼ ਵਿਚ ਹਮੇਸ਼ਾਂ ਤੋਂ ਹੀ ਆਪਣੇ ਪੂਰਵਜਾਂ ਦਾ ਸਤਿਕਾਰ ਕੀਤਾ ਜਾਂਦਾ ਹੈ ਅਤੇ ਮਾਪਿਆਂ ਨੂੰ ਰੱਬ ਦਾ ਦਰਜਾ ਦਿੱਤਾ ਜਾਦਾ ਹੈ। ਮਾਂ ਦੀ ਕੁਰਬਾਨੀ ਦੇ ਸੋਹਲੇ ਤਾਂ ਸਾਰੇ ਗਾਉਂਦੇ ਹਨ ਪਰ ਪਿਤਾ ਦੇ ਯੋਗਦਾਨ ਨੂੰ ਅਕਸਰ ਅਣਗੌਲਿਆ ਕੀਤਾ ਜਾਦਾ ਹੈ। ਇਨ੍ਹਾਂ ਦਿਵਸਾਂ ਦਾ ਮਹੱਤਵ ਹੀ ਇਹ ਹੈ ਕਿ ਮਾਪਿਆਂ ਵੱਲੋਂ ਮੂੰਹ ਫੇਰੀ ਬੈਠੀ ਔਲਾਦ ਨੂੰ ਉਸਦੇ ਕਰਤੱਵਾਂ ਦਾ ਗਿਆਨ ਕਰਾਇਆ ਜਾਵੇ। ਅਜੋਕੇ ਅਗਾਂਹਵਧੂ ਯੁੱਗ ਵਿਚ ਭੱਜਦੌੜ ਵਾਲੀ ਜ਼ਿੰਦਗੀ 'ਚ ਲੋਕ ਕਿਤੇ ਨਾਂ ਕਿਤੇ ਆਪਣੀਆਂ ਸਾਕਾਰਤਮਕ ਪ੍ਰੰਪਰਾਵਾਂ ਤੋਂ ਮੂੰਹ ਫੇਰ ਰਹੇ ਹਨ। ਸੰਯੁਕਤ ਪਰਿਵਾਰ ਟੁੱਟ ਰਹੇ ਹਨ। ਕਿਸੇ ਕੋਲ ਐਨਾ ਵਕਤ ਹੀ ਨਹੀ ਕਿ ਉਹ ਦੂਜਿਆਂ ਦੀ ਸੁੱਖ ਸਾਂਦ ਪੁੱਛ ਸਕੇ। ਸਮਾਜ ਦੇ ਮਜ਼ਬੂਤ ਥੰਮ੍ਹ ਇਨ੍ਹਾਂ ਬਜ਼ੁਰਗਾਂ ਨੇ ਸਾਰੀ ਉਮਰ ਆਪਣੀ ਔਲਾਦ ਦੇ ਨਾਂਅ ਲਗਾਈ ਹੁੰਦੀ ਹੈ ਜਦ ਉਹੀ ਔਲਾਦ ਆਪਣੇ ਪੈਰਾਂ 'ਤੇ ਖੜੀ ਹੁੰਦੀ ਹੈ ਤਾਂ ਬਜ਼ੁਰਗ ਮਾਪਿਆਂ ਨੂੰ ਤ੍ਰਿਸਕਾਰਨ ਲੱਗ ਜਾਦੀ ਹੈ। ਜਦ ਤਕ ਮਾਪੇ ਪੈਸੇ ਦੀ ਮਸ਼ੀਨ ਹੁੰਦੇ ਹਨ ਤਾਂ ਪੁੱਛ ਪੜਤਾਲ ਹੁੰਦੀ ਹੈ ਬਾਅਦ 'ਚ ਬਿਗਾਨਿਆਂ ਵਾਲਾ ਵਰਤਾਉ ਤੇ ਅਸੱਭਿਅਕ ਸ਼ਬਦਾਂ ਨਾਲ ਸੰਬੋਧਨ ਤਕ ਕੀਤਾ ਜਾਦਾ ਹੈ। ਆਖ਼ਰ ਅਜਿਹਾ ਕਿਉਂ ਹੁੰਦਾ ਹੈ ਜਿਨ੍ਹਾਂ ਦੀ ਖ਼ੁਸ਼ੀ ਲਈ ਮਾਪਿਆਂ ਨੇ ਦਿਨ ਰਾਤ ਇਕ ਕੀਤਾ ਹੁੰਦਾ ਹੈ ਉਹੀ ਬੱਚੇ ਸਭ ਕੁਝ ਭੁੱਲ ਕੇ ਪੈਸੇ ਦੇ ਪੀਰ ਬਣ ਜਾਦੇ ਹਨ। ਜਦ ਮਾਪੇ ਸਹਾਰਾ ਲੈਣ ਯੋਗ ਹੁੰਦੇ ਸਨ ਤਾਂ ਉਨ੍ਹਾਂ ਦੀ ਅਯੋਗ ਔਲਾਦ ਉਨ੍ਹਾਂ ਨੂੰ ਤੀਰਥਾਂ 'ਤੇ ਛੱਡ ਆਉਂਦੀ ਸੀ। ਅਜੋਕੇ ਦੌਰ ਅੰਦਰ ਬਿਰਧ ਆਸ਼ਰਮ ਸਮਾਜ ਦੇ ਮੱਥੇ 'ਤੇ ਬਹੁਤ ਵੱਡੇ ਕਲੰਕ ਹਨ ਜਿੱਥੇ ਪੰਜਾਹ ਫ਼ੀਸਦੀ ਬਜ਼ੁਰਗ ਘਰੋਂ ਠੁਕਰਾਏ ਹੁੰਦੇ ਹਨ।

ਅਜੋਕੇ ਇਨਸਾਨ ਦੀ ਮਤਲਬਪ੍ਰਸਤੀ ਇਸ ਹੱਦ ਤਕ ਗਿਰ ਚੁੱਕੀ ਹੈ ਬਿਰਧ ਮਾਪਿਆਂ ਨੂੰ ਬਿਰਧ ਆਸ਼ਰਮਾਂ ਵਿਚ ਛੱਡ ਕੇ ਆਪ ਦੁਨੀਆਂ ਦੀਆਂ ਰੰਗ ਰਲੀਆਂ 'ਚ ਮਸਤ ਹੋ ਰਿਹਾ ਹੈ। ਜੋ ਆਪਣੇ ਜਨਮ ਦਾਤਾ ਦਾ ਨਹੀ ਹੋਇਆ ਉਹ ਦੇਸ਼ ਸਮਾਜ ਦਾ ਕੀ ਸੰਵਾਰੇਗਾ। ਸੋਚਣ ਦੀ ਗੱਲ ਹੈ ਅਗਰ ਜਨਮ ਸਮੇਂ ਸਾਡੇ ਮਾਪੇ ਸਾਡੇ ਵਾਂਗ ਮਤਲਬੀ ਹੋ ਜਾਦੇ ਤਾਂ ਸਾਡਾ ਭਵਿੱਖ ਕੀ ਹੁੰਦਾ ? ਸ਼ਾਇਦ ਅਸੀ ਵੀ ਅੱਜ ਕਿਸੇ ਅਨਾਥ ਆਸ਼ਰਮ 'ਚ ਹੋਣਾ ਸੀ, ਪਰ ਉਹ ਖ਼ੁਦਗਰਜ ਨਹੀ ਬਣੇ। ਉਨ੍ਹਾਂ ਨੇ ਇਸਨੂੰ ਨੈਤਿਕ ਫਰਜ਼ ਸਮਝ ਕੇ ਨਿਭਾਇਆ ਫਿਰ ਅਸੀ ਅਨੈਤਿਕਤਾ 'ਤੇ ਕਿਉਂ ਉੱਤਰ ਆਏ ਹਾਂ।

ਸਾਨੂੰ ਅੱਜ ਇਹ ਜ਼ਰੂਰ ਦੇਖਣਾ ਹੋਵੇਗਾ ਕਿ ਅਸੀ ਆਪਣੇ ਬੱਚਿਆਂ ਨੂੰ ਕੀ ਸਿਖਾ ਰਹੇ ਹਾਂ। ਅੱਜ ਜੇਕਰ ਅਸੀ ਆਪਣੇ ਮਾਪਿਆਂ ਦਾ ਕਹਿਣਾ ਨਹੀ ਮੰਨਦੇ, ਉਨ੍ਹਾਂ ਦੀ ਸੇਵਾ ਸੰਭਾਲ ਨਹੀ ਕਰਦੇ ਤਾਂ ਕੀ ਸਾਡੀ ਆਉਣ ਵਾਲੀ ਪੀੜੀ ਸਾਡੀ ਆਗਿਆਕਾਰ ਹੋਵੇਗੀ ਤੇ ਸਾਡੇ ਅਰਮਾਨਾਂ 'ਤੇ ਖ਼ਰਾ ਉੱਤਰੇਗੀ ? ਕਿਸੇ ਵਿਦਵਾਨ ਨੇ ਕਿਹਾ ਹੈ ਆਪਣੀ ਜ਼ਿੰਦਗੀ 'ਚ ਦੋ ਵਿਅਕਤੀਆਂ ਨੂੰ ਕਦੇ ਨਾਂ ਭੁੱਲੋ, ਇਕ (ਪਿਤਾ) ਉਹ ਜੋ ਤੁਹਾਨੂੰ ਕਿਸੇ ਮੁਕਾਮ 'ਤੇ ਪਹੁੰਚਾਉਣ ਲਈ ਆਪਣਾ ਸਭ ਕੁਝ ਨਿਸ਼ਾਵਰ ਕਰਨ ਨੂੰ ਤਿਆਰ ਰਹਿੰਦਾ ਹੈ। ਦੂਜਾ ਉਹ (ਮਾਤਾ) ਜੋ ਹਰ ਦੁੱਖ ਦਰਦ 'ਚ ਤੁਹਾਡਾ ਸਾਥ ਦਿੰਦੀ ਹੈ। ਇਸ ਲਈ ਇਹ ਬੇਹੱਦ ਜਰੂਰੀ ਹੈ ਲੋਕ ਆਪਣੀ ਜ਼ਿੰਮੇਵਾਰੀ ਸਮਝਣ ਤੇ ਮਾਪਿਆਂ ਨੂੰ ਬਣਦਾ ਮਾਣ ਸਨਮਾਨ ਦੇਣ ਦੀ ਕੋਸ਼ਿਸ ਕਰਨ। ਮਾਪੇ ਸਦਾ ਕੋਲ ਨਹੀ ਰਹਿੰਦੇ ਉਨ੍ਹਾਂ ਦਾ ਵਿਛੋੜਾ ਹੀ ਉਨ੍ਹਾਂ ਦੀ ਅਹਿਮੀਅਤ ਦਾ ਅਹਿਸਾਸ ਕਰਾਉਂਦਾ ਹੈ। ਬਜ਼ੁਰਗ ਦੁਆਵਾਂ ਅਤੇ ਤਜਰਬੇ ਦੇ ਭੰਡਾਰ ਹੁੰਦੇ ਹਨ ਇਸਦਾ ਲਾਹਾ ਲਿਆ ਜਾਣਾ ਚਾਹੀਦਾ ਹੈ।

# ਯੂ.ਐਸ.ਏ. 'ਚ ਭਾਰਤੀ ਮੂਲ ਦੇ ਡਾਕਟਰ 'ਤੇ ਵੱਡੀ ਕਾਰਵਾਈ! 117 ਕਰੋੜ ਰੁਪਏ ਦਾ ਲੱਗਾ ਜੁਰਮਾਨਾ

ਦੁਬਈ , 12 ਅਪ੍ਰੈਲ (ਪ੍ਰਤੀਨਿਧੀ) : ਅਮਰੀਕਾ ਵਿੱਚ ਇੱਕ ਭਾਰਤੀ ਮੂਲ ਦੇ ਡਾਕਟਰ ਵੱਲੋਂ ਸਿਹਤ ਸੰਭਾਲ ਵਿੱਚ ਵੱਡੇ ਪੱਧਰ 'ਤੇ ਧੋਖਾਧੜੀ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਡਾਕਟਰ ਜਿਤੇਸ਼ ਪਟੇਲ ਅਤੇ ਉਨ੍ਹਾਂ ਦੀ ਸੰਸਥਾ 'ਐਡਵਾਂਸਡ ਯੂਰੋਲੋਜੀ ਇੰਕ' ਨੇ ਬੇਲੋੜੇ ਮੈਡੀਕਲ ਟੈਸਟਾਂ ਅਤੇ ਗਲਤ ਬਿਲਿੰਗ ਦੇ ਦੋਸ਼ਾਂ ਨੂੰ ਸੁਲਝਾਉਣ ਲਈ 14 ਮਿਲੀਅਨ ਡਾਲਰ (ਲੱਗਭਗ 117 ਕਰੋੜ ਰੁਪਏ) ਦਾ ਭੁਗਤਾਨ ਕਰਨ 'ਤੇ ਸਹਿਮਤੀ ਜਤਾਈ ਹੈ।




ਅਮਰੀਕੀ ਨਿਆਂ ਵਿਭਾਗ ਅਨੁਸਾਰ, ਡਾਕਟਰ ਪਟੇਲ ਅਤੇ ਉਨ੍ਹਾਂ ਦੇ ਕਲੀਨਿਕ 'ਤੇ ਸਰਕਾਰੀ ਸਿਹਤ ਸੰਭਾਲ ਪ੍ਰੋਗਰਾਮਾਂ, ਜਿਵੇਂ ਕਿ ਮੈਡੀਕੇਅਰ ਅਤੇ ਮੈਡੀਕੇਡ ਨੂੰ ਉਨ੍ਹਾਂ ਪ੍ਰਕਿਰਿਆਵਾਂ ਲਈ ਬਿੱਲ ਭੇਜਣ ਦੇ ਦੋਸ਼ ਸਨ ਜੋ ਜਾਂ ਤਾਂ ਕੀਤੇ ਹੀ ਨਹੀਂ ਗਏ ਸਨ ਜਾਂ ਫਿਰ ਡਾਕਟਰੀ ਤੌਰ 'ਤੇ ਜ਼ਰੂਰੀ ਨਹੀਂ ਸਨ। ਜਾਂਚ ਵਿੱਚ ਸਾਹਮਣੇ ਆਇਆ ਕਿ ਕਲੀਨਿਕ ਵਿੱਚ ਆਉਣ ਵਾਲੇ ਹਰ ਨਵੇਂ ਮਰੀਜ਼ ਲਈ ਹਜ਼ਾਰਾਂ ਅਜਿਹੇ ਅਲਟਰਾਸਾਊਂਡ ਟੈਸਟ ਕੀਤੇ ਗਏ ਸਨ, ਜਿਨ੍ਹਾਂ ਦੀ ਕੋਈ ਲੋੜ ਨਹੀਂ ਸੀ। ਇਸ ਤੋਂ ਇਲਾਵਾ ਕੁੱਝ ਮਰੀਜ਼ਾਂ ਨੂੰ ਅਜਿਹੇ ਟੈਸਟਾਂ ਵਿੱਚੋਂ ਗੁਜ਼ਾਰਿਆ ਗਿਆ ਜਿਨ੍ਹਾਂ ਲਈ ਉਨ੍ਹਾਂ ਨੂੰ ਬੇਲੋੜਾ ਬੇਹੋਸ਼ ਕੀਤਾ ਗਿਆ ਸੀ। ਇਸ ਪੂਰੇ ਘੁਟਾਲੇ ਦਾ ਪਰਦਾਫ਼ਾਸ਼ ਕਲੀਨਿਕ ਦੇ ਇੱਕ ਸਾਬਕਾ ਕਰਮਚਾਰੀ ਅਤੇ ਇੱਕ ਸਾਬਕਾ ਡਾਕਟਰ ਵਲੋਂ ਕੀਤੀ ਗਈ ਸ਼ਿਕਾਇਤ ਤੋਂ ਬਾਅਦ ਹੋਇਆ। ਉਨ੍ਹਾਂ ਨੇ ਦੋਸ਼ ਲਾਇਆ ਕਿ ਇਹ ਸੰਸਥਾ ਮਰੀਜ਼ਾਂ ਦੀ ਭਲਾਈ ਦੀ ਬਜਾਏ ਡਾਕਟਰ ਪਟੇਲ ਦੀ ਕਮਾਈ ਵਧਾਉਣ ਲਈ ਤਿਆਰ ਕੀਤੀ ਗਈ ਸੀ। ਇਸ ਸਮਝੌਤੇ ਤਹਿਤ, ਇਨ੍ਹਾਂ ਦੋਵਾਂ ਵਿਸਲਬਲੋਅਰਜ਼ ਨੂੰ ਮਿਲੀ ਹੋਈ ਰਕਮ ਵਿੱਚੋਂ 2.94 ਮਿਲੀਅਨ ਡਾਲਰ ਦਾ ਹਿੱਸਾ ਮਿਲੇਗਾ। ਅਮਰੀਕੀ ਅਧਿਕਾਰੀਆਂ ਨੇ ਕਿਹਾ ਹੈ ਕਿ ਸਰਕਾਰੀ ਫ਼ੰਡਾਂ ਦੀ ਦੁਰਵਰਤੋਂ ਅਤੇ ਮਰੀਜ਼ਾਂ ਨਾਲ ਹੋਣ ਵਾਲੇ ਅਜਿਹੇ ਸ਼ੋਸ਼ਣ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਇਸ ਮਾਮਲੇ ਦੀ ਜਾਂਚ ਐੱਫ.ਬੀ.ਆਈ. ਅਤੇ ਸਿਹਤ ਤੇ ਮਨੁੱਖੀ ਸੇਵਾਵਾਂ ਵਿਭਾਗ ਸਮੇਤ ਕਈ ਏਜੰਸੀਆਂ ਵਲੋਂ ਕੀਤੀ ਗਈ ਸੀ। ਹਾਲਾਂਕਿ, ਇਹ ਸਮਝੌਤਾ ਸਿਰਫ਼ ਦੋਸ਼ਾਂ ਨੂੰ ਸੁਲਝਾਉਣ ਲਈ ਹੈ ਅਤੇ ਇਸ ਵਿੱਚ ਡਾਕਟਰ ਦੀ ਕਾਨੂੰਨੀ ਦੇਣਦਾਰੀ ਦਾ ਰਸਮੀ ਤੌਰ 'ਤੇ ਨਿਰਧਾਰਨ ਨਹੀਂ ਕੀਤਾ ਗਿਆ ਹੈ।

*ਭਾਰਤ ਦੀ ਡੌਂਕੀ ਲਾਉਣ ਲੱਗੇ ਗੋਰੇ!*

# ਨੇਪਾਲ ਸਰਹੱਦ ਰਾਹੀਂ ਦਾਖਲ ਹੋਏ 2 ਬ੍ਰਿਟਿਸ਼ ਨਾਗਰਿਕਾਂ ਨੂੰ ਹੋਈ ਕੈਦ

ਬਹਿਰਾਈਚ, 12 ਅਪ੍ਰੈਲ (ਪ੍ਰਤੀਨਿਧੀ) : ਉੱਤਰ ਪ੍ਰਦੇਸ਼ ਦੇ ਬਹਿਰਾਈਚ ਜ਼ਿਲ੍ਹੇ ਦੀ ਇੱਕ ਅਦਾਲਤ ਨੇ ਨੇਪਾਲ ਤੋਂ ਗੈਰ-ਕਾਨੂੰਨੀ ਰੂਪ ਨਾਲ ਭਾਰਤ'ਚ ਦਾਖ਼ਲ ਹੋਣ ਦੇ ਦੋਸ਼ੀ 2 ਬ੍ਰਿਟਿਸ਼ ਨਾਗਰਿਕਾਂ ਨੂੰ 6 ਮਹੀਨੇ ਦੀ ਕੈਦ ਦੀ ਸਜ਼ਾ ਸੁਣਾਈ ਹੈ। ਅਧਿਕਾਰੀਆਂ ਨੇ ਮੰਗਲਵਾਰ ਨੂੰ ਇਹ ਜਾਣਕਾਰੀ ਦਿੱਤੀ। ਸਰਕਾਰੀ ਵਕੀਲ ਨਿਰਮਲ ਯਾਦਵ ਨੇ ਦੱਸਿਆ ਕਿ ਸੋਮਵਾਰ ਨੂੰ ਬਹਿਰਾਈਚ ਦੀ ਮੁੱਖ ਨਿਆਂਇਕ ਮੈਜਿਸਟ੍ਰੇਟ ਪ੍ਰਤਿਭਾ ਚੌਧਰੀ ਨੇ ਬ੍ਰਿਟਿਸ਼ ਨਾਗਰਿਕ ਹਸਨ ਅੰਮਾਨ ਸਲੀਮ (35) ਅਤੇ ਸੁਮਿਤਰਾ ਸ਼ਕੀਲ ਓਲੀਵੀਆ (61) ਨੂੰ 6-6 ਮਹੀਨੇ ਦੀ ਕੈਦ ਅਤੇ 50-50 ਹਜ਼ਾਰ ਰੁਪਏ ਜੁਰਮਾਨੇ ਦੀ ਸਜ਼ਾ ਸੁਣਾਈ। ਪਿਛਲੇ ਸਾਲ ਨਵੰਬਰ'ਚ ਭਾਰਤ-ਨੇਪਾਲ ਸਰਹੱਦ 'ਤੇ ਰੂਪਈਡੀਹਾ ਤੋਂ ਉਨ੍ਹਾਂ ਨੂੰ ਜਾਇਜ਼ ਦਸਤਾਵੇਜ਼ਾਂ ਦੇ ਬਿਨਾਂ ਭਾਰਤ'ਚ ਦਾਖ਼ਲ ਹੋਣ ਦੇ ਦੋਸ਼ 'ਚ ਗ੍ਰਿਫ਼ਤਾਰ ਕੀਤਾ ਗਿਆ ਸੀ। ਉਨ੍ਹਾਂ ਦੱਸਿਆ ਕਿ ਸਜ਼ਾ ਸੁਣਾਏ ਜਾਣ ਤੋਂ ਬਾਅਦ ਅਦਾਲਤ ਨੇ ਉਨ੍ਹਾਂ ਨੂੰ ਅਪੀਲ ਦੀ ਮਿਆਦ ਤਕ ਲਈ ਦੇਸ਼ ਨਾ ਛੱਡਣ ਦੀ ਸ਼ਰਤ 'ਤੇ ਜ਼ਮਾਨਤ ਦੇ ਦਿੱਤੀ ਹੈ।



ਯਾਦਵ ਨੇ ਦੱਸਿਆ ਕਿ ਸਲੀਮ ਦਾ ਪੁਸ਼ਤੈਨੀ ਘਰ ਪਾਕਿਸਤਾਨ ਦੇ ਗੁੱਜ਼ਰਾਂਵਾਲਾ'ਚ ਹੈ ਅਤੇ ਮੌਜੂਦਾ ਸਮੇਂ ਉਹ ਬ੍ਰਿਟੇਨ ਦੇ ਮਾਨਚੈਸਟਰ ਦਾ ਨਾਗਰਿਕ ਹੈ ਅਤੇ ਉੱਥੇ ਦੀ ਡੀ ਮੋਂਟਫ਼ੋਰਟ ਯੂਨੀਵਰਸਿਟੀ'ਚ ਔਡਿਓਲੋਜੀ'ਚ ਲੈਕਚਰਾਰ ਹੈ। ਉਨ੍ਹਾਂ ਦੱਸਿਆ ਕਿ ਉਸ ਦੀ ਸਹਿਯੋਗੀ ਸੁਮਿੱਤਰਾ ਸ਼ਕੀਲ ਓਲੀਵੀਆ ਮੂਲ ਰੂਪ ਨਾਲ ਕਰਨਾਟਕ'ਚ ਉਡੁਪੀ ਦੀ ਰਹਿਣ ਵਾਲੀ ਹੈ ਪਰ ਬਾਅਦ'ਚ ਉਸ ਨੇ ਬ੍ਰਿਟਿਸ਼ ਨਾਗਰਿਕਤਾ ਲੈ ਲਈ ਸੀ। ਯਾਦਵ ਨੇ ਦੱਸਿਆ ਕਿ ਪਿਛਲੇ ਸਾਲ ਨਵੰਬਰ'ਚ ਦੋਵੇਂ ਬ੍ਰਿਟੇਨ ਤੋਂ ਨੇਪਾਲਗੰਜ਼ ਦੇ ਇੱਕ ਮੈਡੀਕਲ ਕਾਲਜ'ਚ ਸੁਣਨ'ਚ ਅਸਮਰੱਥ ਬੱਚਿਆਂ ਲਈ ਆਯੋਜਿਤ ਇੱਕ ਚੈਰਿਟੀ ਪ੍ਰੋਗਰਾਮ'ਚ ਹਿੱਸਾ ਲੈਣ ਆਏ ਸਨ ਅਤੇ ਉਨ੍ਹਾਂ ਕੋਲ ਨੇਪਾਲ ਦਾ ਵੀਜ਼ਾ ਸੀ। ਉਨ੍ਹਾਂ ਦੱਸਿਆ ਕਿ 15 ਨਵੰਬਰ 2025 ਨੂੰ ਸਸ਼ਸਤਰ ਸੀਮਾ ਬਲ ਦੇ ਜਵਾਨਾਂ ਅਤੇ ਪੁਲੀਸ ਨੇ ਭਾਰਤ-ਨੇਪਾਲ ਅੰਤਰਰਾਸ਼ਟਰੀ ਸਰਹੱਦ 'ਤੇ ਜਾਂਚ ਦੌਰਾਨ ਨੇਪਾਲ ਤੋਂ ਭਾਰਤ'ਚ ਦਾਖਲ ਹੋਣ ਦੀ ਕੋਸ਼ਿਸ਼ ਦੌਰਾਨ ਦੋਵਾਂ ਨੂੰ ਰੋਕਿਆ ਸੀ, ਉਨ੍ਹਾਂ ਕੋਲ ਭਾਰਤ'ਚ ਦਾਖ਼ਲ ਹੋਣ ਦੇ ਜਾਇਜ਼ ਦਸਤਾਵੇਜ਼ ਨਹੀਂ ਮਿਲੇ ਸਨ। ਯਾਦਵ ਨੇ ਦੱਸਿਆ ਕਿ ਸੁਰੱਖਿਆ ਏਜੰਸੀਆਂ ਨੇ ਪੁੱਛਗਿੱਛ ਤੋਂ ਬਾਅਦ ਉਨ੍ਹਾਂ ਨੂੰ ਇਮੀਗ੍ਰੇਸ਼ਨ ਅਤੇ ਵਿਦੇਸ਼ੀ ਐਕਟ ਦੀ ਧਾਰਾ 21 ਦੇ ਅਧੀਨ ਗ੍ਰਿਫ਼ਤਾਰ ਕਰ ਲਿਆ ਸੀ ਪਰ ਕੁੱਝ ਦਿਨ ਜੇਲ੍ਹ'ਚ ਰਹਿਣ ਤੋਂ ਬਾਅਦ ਅਦਾਲਤ ਨੇ ਉਨ੍ਹਾਂ ਨੂੰ ਦੇਸ਼ ਨਾ ਛੱਡਣ ਦੀ ਸ਼ਰਤ 'ਤੇ ਜ਼ਮਾਨਤ 'ਤੇ ਰਿਹਾਅ ਕੀਤਾ ਸੀ ਅਤੇ ਉਦੋਂ ਤੋਂ ਦੋਵੇਂ ਭਾਰਤ'ਚ ਰਹਿ ਕੇ ਲਗਾਤਾਰ ਅਦਾਲਤ ਦੀਆਂ ਤਰੀਕਾਂ 'ਤੇ ਹਾਜ਼ਰ ਹੋ ਰਹੇ ਸਨ। ਉਨ੍ਹਾਂ ਦੱਸਿਆ ਕਿ ਅਦਾਲਤ'ਚ ਹਰ ਦਿਨ ਫ਼ਾਸਟ ਟਰੈਕ ਨਾਲ ਸੁਣਾਈ ਹੋ ਰਹੀ ਸੀ, ਇਸ ਲਈ ਜ਼ਮਾਨਤ 'ਤੇ ਰਿਹਾਅ ਹੋਣ ਤੋਂ ਬਾਅਦ ਜ਼ਿਆਦਾਤਰ ਸਮੇਂ ਉਹ ਬਹਿਰਾਈਚ ਦੇ ਹੋਟਲਾਂ'ਚ ਰਹਿ ਰਹੇ ਸਨ। ਯਾਦਵ ਨੇ ਦੱਸਿਆ ਕਿ ਮੁੱਖ ਨਿਆਂਇਕ ਮੈਜਿਸਟ੍ਰੇਟ ਪ੍ਰਤਿੱਭਾ ਚੌਧਰੀ ਦੀ ਅਦਾਲਤ ਨੇ ਉਪਲੱਬਧ ਸਬੂਤਾਂ ਅਤੇ ਸਥਿਤੀਆਂ ਦੇ ਆਧਾਰ 'ਤੇ ਦੋਵਾਂ ਨੂੰ ਦੋਸ਼ੀ ਮੰਨਦੇ ਹੋਏ ਇਹ ਸਜ਼ਾ ਸੁਣਾਈ ਹੈ।

# ਇਜ਼ਰਾਇਲੀ ਦੂਤਘਰ ਦੇ ਬਾਹਰ ਅੰਨ੍ਹੇਵਾਹ ਫ਼ਾਇਰਿੰਗ! ਤੁਰਕੀ ਪੁਲਿਸ ਦਾ ਹਮਲਾਵਰਾਂ ਨਾਲ ਹੋ ਗਿਆ ਮੁਕਾਬਲਾ

ਇਸਤਾਂਬੁਲ , 12 ਅਪ੍ਰੈਲ (ਪ੍ਰਤੀਨਿਧੀ) : ਇਜ਼ਰਾਇਲ ਇੱਕ ਪਾਸੇ ਅਮਰੀਕਾ ਨਾਲ ਮਿਲ ਕੇ ਇਰਾਨ ਨਾਲ ਜੰਗ ਲੜ ਰਿਹਾ ਹੈ, ਉੱਥੇ ਹੀ ਤੁਰਕੀ ਤੋਂ ਵੱਡੀ ਖ਼ਬਰ ਸਾਹਮਣੇ ਆ ਰਹੀ ਹੈ, ਜਿੱਥੋਂ ਦੇ ਇਸਤਾਂਬੁਲ ਵਿੱਚ ਉਸ ਸਮੇਂ ਦਹਿਸ਼ਤ ਫ਼ੈਲ ਗਈ ਜਦੋਂ ਇਜ਼ਰਾਇਲੀ ਕੌਂਸਲੇਟ ਵਾਲੀ ਇਮਾਰਤ ਦੇ ਬਾਹਰ ਹਥਿਆਰਬੰਦ ਹਮਲਾਵਰਾਂ ਨੇ ਅੰਨ੍ਹੇਵਾਹ ਫ਼ਾਇਰਿੰਗ ਸ਼ੁਰੂ ਕਰ ਦਿੱਤੀ।




ਮਾਮਲੇ ਦੀ ਜਾਣਕਾਰੀ ਮਿਲਦਿਆਂ ਹੀ ਪੁਲੀਸ ਟੀਮਾਂ ਮੌਕੇ 'ਤੇ ਪਹੁੰਚ ਗਈਆਂ ਤੇ ਉਨ੍ਹਾਂ ਆ ਕੇ ਜਵਾਬੀ ਕਾਰਵਾਈ ਸ਼ੁਰੂ ਕੀਤੀ। ਅਲ - ਜਜ਼ੀਰਾ ਤੋਂ ਮਿਲੀ ਜਾਣਕਾਰੀ ਮੁਤਾਬਕ 3 ਹਮਲਾਵਰਾਂ ਨੂੰ ਢੇਰ ਕਰ ਦਿੱਤਾ ਗਿਆ ਹੈ, ਜਦਕਿ ਬੀ.ਬੀ.ਸੀ. ਦੀ ਰਿਪੋਰਟ ਅਨੁਸਾਰ 1 ਹਮਲਾਵਰ ਨੂੰ ਢੇਰ ਕਰਨ ਮਗਰੋਂ 2 ਨੂੰ ਕਾਬੂ ਕਰ ਲਿਆ ਗਿਆ ਹੈ। ਇਸ ਤੋਂ ਇਲਾਵਾ 2 ਪੁਲੀਸ ਅਧਿਕਾਰੀਆਂ ਦੇ ਜ਼ਖ਼ਮੀ ਹੋਣ ਦੀ ਵੀ ਜਾਣਕਾਰੀ ਮਿਲੀ ਹੈ। ਜਾਣਕਾਰੀ ਅਨੁਸਾਰ, ਹਮਲਾਵਰ ਲੰਬੀ ਦੂਰੀ ਵਾਲੇ ਹਥਿਆਰਾਂ ਨਾਲ ਲੈੱਸ ਸਨ ਅਤੇ ਉਨ੍ਹਾਂ ਨੇ ਕੌਂਸਲੇਟ ਦੀ ਸੁਰੱਖਿਆ ਵਿੱਚ ਤਾਇਨਾਤ ਪੁਲੀਸ ਚੌਕੀ ਨੂੰ ਨਿਸ਼ਾਨਾ ਬਣਾਇਆ। ਪੁਲੀਸ ਨੇ ਤੁਰੰਤ ਜਵਾਬੀ ਕਾਰਵਾਈ ਕੀਤੀ, ਜਿਸ ਵਿੱਚ 2 ਹਮਲਾਵਰ ਮੌਕੇ 'ਤੇ ਹੀ ਮਾਰੇ ਗਏ, ਜਦਕਿ ਬਾਅਦ'ਚ ਤੀਜੇ ਨੂੰ ਵੀ ਢੇਰ ਕਰ ਦਿੱਤਾ ਗਿਆ। ਇਸ ਗੋਲੀਬਾਰੀ ਦੌਰਾਨ 2 ਤੁਰਕੀ ਪੁਲੀਸ ਅਧਿਕਾਰੀ ਜ਼ਖ਼ਮੀ ਹੋ ਗਏ ਹਨ, ਜਿਨ੍ਹਾਂ ਨੂੰ ਇਲਾਜ ਲਈ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਹਾਲਾਂਕਿ ਇਜ਼ਰਾਈਲ ਦੇ ਵਿਦੇਸ਼ ਮੰਤਰਾਲੇ ਨੇ ਪੁਸ਼ਟੀ ਕੀਤੀ ਹੈ ਕਿ ਹਮਲੇ ਦੇ ਸਮੇਂ ਕੌਂਸਲੇਟ ਵਿੱਚ ਕੋਈ ਵੀ ਡਿਪਲੋਮੈਟ ਮੌਜੂਦ ਨਹੀਂ ਸੀ। ਜੰਗ ਦੇ ਮਾਹੌਲ ਕਾਰਨ ਪਹਿਲਾਂ ਹੀ ਸੁਰੱਖਿਆ ਪ੍ਰਬੰਧ ਸਖ਼ਤ ਕੀਤੇ ਗਏ ਸਨ। ਤੁਰਕੀ ਦੇ ਨਿਆਂ ਮੰਤਰੀ ਅਕਿਨ ਗੁਰਲੇਕ ਨੇ ਦੱਸਿਆ ਕਿ ਇਸ ਘਟਨਾ ਦੀ ਉੱਚ ਪੱਧਰੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਹਮਲਾਵਰਾਂ ਦੀ ਪਛਾਣ ਅਤੇ ਉਨ੍ਹਾਂ ਦੇ ਮਕਸਦ ਬਾਰੇ ਅਜੇ ਕੋਈ ਸਪੱਸ਼ਟ ਜਾਣਕਾਰੀ ਨਹੀਂ ਮਿਲੀ ਹੈ, ਪਰ ਇਸ ਨੂੰ ਮੌਜੂਦਾ ਮੱਧ-ਪੂਰਬੀ ਜੰਗ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ।

ਜ਼ਿਕਰਯੋਗ ਹੈ ਕਿ ਇਹ ਹਮਲਾ ਅਜਿਹੇ ਸਮੇਂ ਹੋਇਆ ਹੈ ਜਦੋਂ ਇਜ਼ਰਾਇਲ ਅਤੇ ਅਮਰੀਕਾ ਦਾ ਇਰਾਨ ਵਿਚਾਲੇ ਸਿੱਧੀ ਜੰਗ ਚੱਲ ਰਹੀ ਹੈ। ਪੂਰੇ ਖੇਤਰ ਵਿੱਚ ਇਜ਼ਰਾਇਲੀ ਟਿਕਾਣਿਆਂ 'ਤੇ ਸੁਰੱਖਿਆ ਵਧਾ ਦਿੱਤੀ ਗਈ ਹੈ ਤੇ ਇਸ ਹਮਲੇ ਦੇ ਪਿੱਛੇ ਅਸਲ ਕਾਰਨਾਂ ਦੀ ਵੀ ਜਾਂਚ ਕੀਤੀ ਜਾ ਰਹੀ ਹੈ।

# ਹੋਰਮੁਜ਼ ਲਈ ਛਿੜੀ ਜੰਗ! 'ਅਸਲ' ਮਾਲਕ ਕੌਣ

ਤਹਿਰਾਨ , 12 ਅਪ੍ਰੈਲ (ਪ੍ਰਤੀਨਿਧੀ) : ਪੱਛਮੀ ਏਸ਼ੀਆ ਵਿੱਚ ਤਣਾਅ ਇੱਕ ਵਾਰ ਫ਼ਿਰ ਗੰਭੀਰ ਰੂਪ ਧਾਰਨ ਕਰ ਗਿਆ ਹੈ। ਇਰਾਨ ਅਤੇ ਅਮਰੀਕਾ-ਇਜ਼ਰਾਇਲ ਵਿੱਚਾਲੇ ਚੱਲ ਰਹੀ ਖਿੱਚੋਤਾਣ ਹੁਣ ਇੱਕ ਨਵੇਂ ਮੋੜ 'ਤੇ ਆ ਗਈ ਹੈ। ਇਰਾਨ ਨੇ ਰਣਨੀਤਕ ਤੌਰ 'ਤੇ ਮਹੱਤਵਪੂਰਨ ਸਟਰੇਟ ਔਫ਼ ਹੋਰਮੁਜ਼ ਨੂੰ ਬੰਦ ਕਰ ਦਿੱਤਾ ਹੈ, ਜਿਸ ਕਾਰਨ ਦੁਨੀਆਂ ਭਰ ਦੇ ਵਪਾਰਕ ਬਾਜ਼ਾਰਾਂ ਵਿੱਚ ਹਲਚਲ ਮੱਚ ਗਈ ਹੈ।



ਈਰਾਨ ਵੱਲੋਂ ਸਮੁੰਦਰੀ ਰਸਤਾ ਬੰਦ ਕੀਤੇ ਜਾਣ ਤੋਂ ਬਾਅਦ ਅਮਰੀਕਾ ਨੇ ਸਖ਼ਤ ਰੁਖ਼ ਅਖਤਿਆਰ ਕਰ ਲਿਆ ਹੈ। ਅਮਰੀਕਾ ਨੇ ਧਮਕੀ ਦਿੱਤੀ ਹੈ ਕਿ ਜੇਕਰ ਈਰਾਨ ਨੇ 48 ਘੰਟਿਆਂ ਦੇ ਅੰਦਰ ਹੋਰਮੁਜ਼ ਦਾ ਰਸਤਾ ਨਹੀਂ ਖੋਲ੍ਹਿਆ, ਤਾਂ ਇਸ ਦੇ ਭਿਆਨਕ ਸਿੱਟੇ ਨਿਕਲਣਗੇ। ਦੱਸਿਆ ਜਾ ਰਿਹਾ ਹੈ ਕਿ ਇਰਾਨ ਹੁਣ ਇਸ ਰਸਤੇ ਤੋਂ ਲੰਘਣ ਵਾਲੇ ਜਹਾਜ਼ਾਂ 'ਤੇ ਟੋਲ ਲਗਾਉਣ ਦੀ ਯੋਜਨਾ ਬਣਾ ਰਿਹਾ ਹੈ, ਜਿਸ ਨੇ ਜੰਗ ਦੀ ਦਿਸ਼ਾ ਹੀ ਬਦਲ ਦਿੱਤੀ ਹੈ।

ਹੋਰਮੁਜ਼ ਦਾ ਰਸਤਾ ਦੁਨੀਆਂ ਭਰ ਲਈ ਇਸ ਲਈ ਮਹੱਤਵਪੂਰਨ ਹੈ ਕਿਉਂਕਿ ਇਹ ਵੱਡੇ-ਵੱਡੇ ਮਾਲਵਾਹਕ ਜਹਾਜ਼ਾਂ ਦੇ ਲੰਘਣ ਦਾ ਮੁੱਖ ਰਸਤਾ ਹੈ। ਇਤਿਹਾਸਕ ਤੌਰ 'ਤੇ ਇਹ ਖੇਤਰ 10ਵੀਂ ਤੋਂ 17ਵੀਂ ਸਦੀ ਤਕ ਵਪਾਰ ਦਾ ਇੱਕ ਵੱਡਾ ਕੇਂਦਰ ਰਿਹਾ ਹੈ। ਸਾਲ 1515 ਤੋਂ 1622 ਤਕ ਇਸ ਟਾਪੂ 'ਤੇ ਪੁਰਤਗਾਲੀਆਂ ਦਾ ਕਬਜ਼ਾ ਸੀ, ਜਿਨ੍ਹਾਂ ਨੇ ਸਭ ਤੋਂ ਪਹਿਲਾਂ ਇੱਥੇ ਸਮੁੰਦਰੀ ਕਰ (ਟੋਲ) ਪ੍ਰਣਾਲੀ ਲਾਗੂ ਕੀਤੀ ਸੀ। ਬਾਅਦ ਵਿੱਚ 1622 ਵਿੱਚ ਫ਼ਾਰਸੀ ਸ਼ਾਸਕ ਸ਼ਾਹ ਅੱਬਾਸ ਪਹਿਲੇ ਨੇ ਪੁਰਤਗਾਲੀਆਂ ਨੂੰ ਇੱਥੋਂ ਬਾਹਰ ਕੱਢ ਦਿੱਤਾ ਸੀ।

ਜਿਸ ਹੋਰਮੁਜ਼ ਨੂੰ ਲੈ ਕੇ ਅੱਜ ਜੰਗ ਵਰਗੀ ਸਥਿਤੀ ਬਣੀ ਹੋਈ ਹੈ, ਉਹ ਅਸਲ ਵਿੱਚ ਇਤਿਹਾਸ ਦੇ ਇੱਕ ਪ੍ਰਸਿੱਧ ਟਾਪੂ ਸ਼ਹਿਰ ਦਾ ਨਾਂ ਹੈ। 'ਹੋਰਮੁਜ਼' ਸ਼ਬਦ ਦੀ ਉਤਪੱਤੀ ਫ਼ਾਰਸੀ ਸ਼ਬਦ 'ਹੁਰ-ਮੋਗ' ਤੋਂ ਮੰਨੀ ਜਾਂਦੀ ਹੈ, ਜਿਸਦਾ ਅਰਥ ਹੈ 'ਖਜੂਰਾਂ ਦੀ ਜਗ੍ਹਾ'। ਅੱਜ ਇਹ ਇਲਾਕਾ ਈਰਾਨ ਦੇ ਹੋਰਮੋਜ਼ਗਾਨ ਪ੍ਰਾਂਤ ਦਾ ਹਿੱਸਾ ਹੈ। ਹੁਣ ਪੂਰੀ ਦੁਨੀਆਂ ਦੀਆਂ ਨਜ਼ਰਾਂ ਅਮਰੀਕਾ ਵਲੋਂ ਦਿੱਤੀ ਗਈ 48 ਘੰਟਿਆਂ ਦੀ ਡੈੱਡਲਾਈਨ 'ਤੇ ਟਿਕੀਆਂ ਹੋਈਆਂ ਹਨ। ਜੇਕਰ ਇਹ ਵਿਵਾਦ ਨਹੀਂ ਸੁਲਝਦਾ ਤਾਂ ਇਸ ਦਾ ਸਿੱਧਾ ਅਸਰ ਗਲੋਬਲ ਸਪਲਾਈ ਚੇਨ ਅਤੇ ਤੇਲ ਦੀਆਂ ਕੀਮਤਾਂ 'ਤੇ ਪੈ ਸਕਦਾ ਹੈ।

*ਰਾਸ਼ਟਰਪਤੀ ਮਸੂਦ ਦਾ ਵੱਡਾ ਬਿਆਨ*

# 'ਮੇਰੇ ਸਣੇ 1.4 ਕਰੋੜ ਇਰਾਨੀ ਦੇਸ਼ ਲਈ ਜਾਨ ਦੇਣ ਨੂੰ ਤਿਆਰ'

ਇਸਲਾਮਾਬਾਦ, 12 ਅਪ੍ਰੈਲ (ਪ੍ਰਤੀਨਿਧੀ) : ਅਮਰੀਕਾ ਅਤੇ ਇਰਾਨ ਵਿੱਚਾਲੇ ਵਧਦੇ ਤਣਾਅ ਦਰਮਿਆਨ ਇਰਾਨ ਦੇ ਰਾਸ਼ਟਰਪਤੀ ਮਸੂਦ ਪੇਜ਼ੇਸ਼ਕੀਅਨ ਨੇ ਇੱਕ ਬਹੁਤ ਹੀ ਭਾਵੁਕ ਤੇ ਵੱਡਾ ਬਿਆਨ ਜਾਰੀ ਕੀਤਾ ਹੈ। ਸੋਸ਼ਲ ਮੀਡੀਆ ਪਲੇਟਫ਼ਾਰਮ 'ਐੱਕਸ' 'ਤੇ ਰਾਸ਼ਟਰਪਤੀ ਨੇ ਕਿਹਾ ਹੈ ਕਿ ਉਹ ਖੁਦ ਅਤੇ 1.4 ਕਰੋੜ ਇਰਾਨੀ ਵਾਲੰਟੀਅਰ ਦੇਸ਼ ਲਈ ਜੰਗ ਦੇ ਮੈਦਾਨ ਵਿੱਚ ਆਪਣੀ ਜਾਨ ਕੁਰਬਾਨ ਕਰਨ ਲਈ ਪੂਰੀ ਤਰ੍ਹਾਂ ਤਿਆਰ ਹਨ।



ਇਹ ਬਿਆਨ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵਲੋਂ ਦਿੱਤੀ ਗਈ ਉਸ ਚਿਤਾਵਨੀ ਦੇ ਜਵਾਬ ਵਿੱਚ ਆਇਆ ਹੈ, ਜਿਸ ਵਿੱਚ ਇਰਾਨ ਨੂੰ ਹੋਰਮੁਜ਼ ਦਾ ਰਸਤਾ ਮੁੜ ਖੋਲ੍ਹਣ ਲਈ ਇੱਕ ਨਿਸ਼ਚਿਤ ਸਮਾਂ-ਸੀਮਾ ਦਿੱਤੀ ਗਈ ਹੈ। ਟਰੰਪ ਨੇ ਸਪੱਸ਼ਟ ਕਿਹਾ ਹੈ ਕਿ ਜੇਕਰ ਇਰਾਨ ਨੇ ਰਸਤਾ ਨਾ ਖੋਲ੍ਹਿਆ ਤਾਂ ਅਮਰੀਕਾ ਇਰਾਨ ਦੇ ਬਿਜਲੀ ਪਲਾਂਟਾਂ ਅਤੇ ਅਹਿਮ ਪੁਲਾਂ 'ਤੇ ਬੰਬਾਰੀ ਕਰੇਗਾ।

ਸਰਕਾਰ ਵਲੋਂ ਪੇਸ਼ ਕੀਤਾ ਗਿਆ 1.4 ਕਰੋੜ ਵਾਲੰਟੀਅਰਾਂ ਦਾ ਇਹ ਅੰਕੜਾ ਪਹਿਲਾਂ ਦੱਸੇ ਗਏ ਅੰਕੜਿਆਂ ਨਾਲੋਂ ਲੱਗਭਗ ਦੁੱਗਣਾ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਰਾਸ਼ਟਰਪਤੀ ਪੇਜੇਸ਼ਕੀਅਨ ਨੇ ਇਹ ਅੰਕੜਾ ਸੰਭਾਵੀ ਅਮਰੀਕੀ ਹਮਲੇ ਨੂੰ ਰੋਕਣ ਅਤੇ ਮਨੋਵਿਗਿਆਨਕ ਦਬਾਅ ਬਣਾਉਣ ਲਈ ਪੇਸ਼ ਕੀਤਾ ਹੈ। ਜ਼ਿਕਰਯੋਗ ਹੈ ਕਿ ਇਰਾਨ ਦੀ ਕੁੱਲ ਆਬਾਦੀ ਲੱਗਭਗ 9 ਕਰੋੜ ਹੈ, ਹਾਲਾਂਕਿ ਪਿਛਲੇ ਸਮੇਂ ਦੌਰਾਨ ਹੋਏ ਪ੍ਰਦਰਸ਼ਨਾਂ 'ਤੇ ਕੀਤੀ ਗਈ ਸਖ਼ਤ ਕਾਰਵਾਈ ਕਾਰਨ ਜਨਤਾ ਦਾ ਇੱਕ ਹਿੱਸਾ ਸਰਕਾਰ ਤੋਂ ਨਾਰਾਜ਼ ਵੀ ਹੈ। ਰਾਸ਼ਟਰਪਤੀ ਨੇ ਆਪਣੇ ਸੰਦੇਸ਼ ਵਿੱਚ ਕਿਹਾ, 'ਮੈਂ ਵੀ ਈਰਾਨ ਲਈ ਆਪਣੀ ਜਾਨ ਦੇਣ ਲਈ ਪਹਿਲਾਂ ਵੀ ਤਿਆਰ ਸੀ, ਹੁਣ ਵੀ ਹਾਂ ਅਤੇ ਅੱਗੇ ਵੀ ਰਹਾਂਗਾ'। ਸਰਕਾਰ ਹੁਣ ਮੀਡੀਆ ਰਾਹੀਂ ਵੱਧ ਤੋਂ ਵੱਧ ਲੋਕਾਂ ਨੂੰ ਇਸ ਮੁਹਿੰਮ ਨਾਲ ਜੁੜਨ ਦੀ ਅਪੀਲ ਕਰ ਰਹੀ ਹੈ ਤਾਂ ਜੋ ਅਮਰੀਕੀ ਧਮਕੀਆਂ ਦਾ ਮੂੰਹ-ਤੋੜ ਜਵਾਬ ਦਿੱਤਾ ਜਾ ਸਕੇ।

# ਕੜਾਕੇ ਦੀ ਠੰਡ'ਚ ਵੀ 80 ਸਾਲਾਂ ਬਾਪੂ ਲਾਉਂਦੈ ਸਾਇਕਲ 'ਤੇ 'ਗੇੜੀਆਂ'!

ਵੈਨਕੂਵਰ , 12 ਅਪ੍ਰੈਲ (ਪ੍ਰਤੀਨਿਧੀ) : ਕੈਨੇਡਾ ਦੇ ਸਸਕੈਚਵਨ ਸੂਬੇ 'ਚ 80 ਸਾਲਾ ਇੱਕ ਬਜ਼ੁਰਗ ਵਿਅਕਤੀ ਆਪਣੀ ਹਿੰਮਤ ਤੇ ਜ਼ਿੰਦਾਦਿਲੀ ਨਾਲ ਲੋਕਾਂ ਲਈ ਪ੍ਰੇਰਣਾ ਬਣ ਰਿਹਾ ਹੈ, ਜੋ ਕੜਾਕੇ ਦੀ ਸਰਦੀ ਤੇ ਬਰਫ਼ੀਲੇ ਮੌਸਮ 'ਚ ਵੀ ਸਾਇਕਲ ਚਲਾ ਕੇ ਆਪਣੇ ਰੋਜ਼ਾਨਾ ਦੇ ਕੰਮ ਨਿਪਟਾ ਰਿਹਾ ਹੈ।



ਪ੍ਰਾਪਤ ਵੇਰਵਿਆਂ ਅਨੁਸਾਰ ਇਹ ਬਜ਼ੁਰਗ ਹਰ ਰੋਜ਼ ਸਾਈਕਲ ਰਾਹੀਂ ਯਾਤਰਾ ਕਰਦਾ ਹੈ, ਭਾਵੇਂ ਤਾਪਮਾਨ ਜ਼ੀਰੋ ਤੋਂ ਕਾਫ਼ੀ ਹੇਠਾਂ ਹੀ ਕਿਉਂ ਨਾ ਹੋਵੇ। ਠੰਢੀ ਹਵਾਵਾਂ ਅਤੇ ਬਰਫ਼ੀਲੇ ਮੌਸਮ ਦੇ ਬਾਵਜੂਦ ਉਸ ਦਾ ਜਜ਼ਬਾ ਕਦੇ ਘੱਟ ਨਹੀਂ ਹੁੰਦਾ। ਉਸ ਦਾ ਕਹਿਣਾ ਹੈ ਕਿ ਸਰੀਰਕ ਤੰਦਰੁਸਤੀ ਬਣਾਈ ਰੱਖਣ ਅਤੇ ਸਰਗਰਮ ਰਹਿਣ ਲਈ ਉਹ ਸਾਲ ਭਰ ਸਾਈਕਲ ਚਲਾਉਂਦਾ ਹੈ। ਉਹ ਮੰਨਦਾ ਹੈ ਕਿ ਮੁਸ਼ਕਿਲ ਹਾਲਾਤਾਂ ਵਿੱਚ ਵੀ ਮਨੋਬਲ ਮਜ਼ਬੂਤ ਰੱਖਣਾ ਬਹੁਤ ਜ਼ਰੂਰੀ ਹੈ। ਇਸ ਘਟਨਾ ਨੇ ਸਥਾਨਕ ਲੋਕਾਂ 'ਚ ਵੀ ਕਾਫ਼ੀ ਪ੍ਰਭਾਵ ਛੱਡਿਆ ਹੈ ਅਤੇ ਕਈ ਲੋਕ ਉਸ ਦੀ ਹਿੰਮਤ ਨੂੰ ਸਲਾਮ ਕਰ ਰਹੇ ਹਨ। ਇਹ ਕਹਾਣੀ ਦਰਸਾਉਂਦੀ ਹੈ ਕਿ ਉਮਰ ਸਿਰਫ਼ ਇੱਕ ਅੰਕ ਹੈ ਅਤੇ ਦ੍ਰਿੜ ਇਰਾਦੇ ਨਾਲ ਹਰ ਚੁਣੌਤੀ ਨੂੰ ਪਾਰ ਕੀਤਾ ਜਾ ਸਕਦਾ ਹੈ।

*ਜਾਪਾਨ 'ਚ ਇੱਕ ਅਜੀਬੋ-ਗਰੀਬ ਰੈਸਟੋਰੈਂਟ*

# ਖਾਣਾ ਖਾਣ ਤੋਂ ਪਹਿਲਾਂ ਲੋਕ ਲੈਂਦੇ ਹਨ 'ਚਪੇੜਾਂ' ਦਾ ਆਨੰਦ, ਹੈਰਾਨ ਕਰੇਗਾ ਮਾਮਲਾ

ਨਾਗੋਆ (ਜਾਪਾਨ) , 12 ਅਪ੍ਰੈਲ (ਪ੍ਰਤੀਨਿਧੀ) : ਆਮ ਤੌਰ 'ਤੇ ਲੋਕ ਰੈਸਟੋਰੈਂਟਾਂ ਵਿੱਚ ਚੰਗੇ ਖਾਣੇ ਅਤੇ ਸ਼ਾਂਤ ਮਾਹੌਲ ਲਈ ਜਾਂਦੇ ਹਨ, ਪਰ ਜਾਪਾਨ ਦੇ ਨਾਗੋਆ ਸ਼ਹਿਰ ਵਿੱਚ ਇੱਕ ਅਜਿਹਾ ਰੈਸਟੋਰੈਂਟ ਹੈ ਜੋ ਆਪਣੇ ਗਾਹਕਾਂ ਦਾ ਸਵਾਗਤ 'ਚਪੇੜਾਂ' ਨਾਲ ਕਰਦਾ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਇਹ ਚਪੇੜਾਂ ਮੁਫ਼ਤ ਵਿੱਚ ਨਹੀਂ ਪੈਂਦੀਆਂ, ਸਗੋਂ ਗਾਹਕਾਂ ਨੂੰ ਚਪੇੜਾਂ ਖਾਣ ਲਈ ਵੱਖਰੇ ਪੈਸੇ ਚੁਕਾਉਣੇ ਪੈਂਦੇ ਹਨ।

'ਸ਼ਾਚੀਹੋਕੋ-ਯਾ' ਰੈਸਟੋਰੈਂਟ ਦਾ ਅਨੋਖਾ ਮਾਡਲ

ਇਸ ਰੈਸਟੋਰੈਂਟ ਦਾ ਨਾਮ 'ਸ਼ਾਚੀਹੋਕੋ-ਯਾ' ਹੈ। ਇੱਥੇ ਆਉਣ ਵਾਲੇ ਗਾਹਕਾਂ ਨੂੰ ਭੋਜਨ ਪਰੋਸਣ ਤੋਂ ਪਹਿਲਾਂ ਵੇਟਰੈੱਸ ਵੱਲੋਂ ਜ਼ੋਰਦਾਰ ਚਪੇੜਾਂ ਮਾਰਦੇ ਹਨ। ਇਸ ਸੇਵਾ ਲਈ ਗਾਹਕਾਂ ਨੂੰ ਬਕਾਇਦਾ ਲਾਈਨਾਂ ਵਿੱਚ ਲੱਗ ਕੇ ਆਪਣੀ ਵਾਰੀ ਦਾ ਇੰਤਜ਼ਾਰ ਕਰਨਾ ਪੈਂਦਾ ਹੈ।




ਰੈਸਟੋਰੈਂਟ ਵਿੱਚ ਇੱਕ ਚਪੇੜ ਦੀ ਕੀਮਤ 300 ਜਾਪਾਨੀ ਯੇਨ (ਲੱਗਭਗ 175 ਰੁਪਏ) ਹੈ। ਜੇਕਰ ਕੋਈ ਗਾਹਕ ਆਪਣੀ ਪਸੰਦ ਦੀ ਕਿਸੇ ਖ਼ਾਸ ਵੇਟਰੈੱਸ ਤੋਂ ਚਪੇੜ ਖਾਣਾ ਚਾਹੁੰਦਾ ਹੈ, ਤਾਂ ਉਸਨੂੰ 500 ਯੇਨ (ਕਰੀਬ 293 ਰੁਪਏ) ਦੇਣੇ ਪੈਂਦੇ ਹਨ। ਰਵਾਇਤੀ 'ਕੀਮੋਨੋ' ਪਹਿਨੇ ਹੋਏ ਵੇਟਰੈੱਸ ਇੰਨੇ ਜ਼ੋਰ ਨਾਲ ਚਪੇੜਾਂ ਮਾਰਦੀਆਂ ਹਨ ਕਿ ਕਈ ਵਾਰ ਗਾਹਕ ਆਪਣੀ ਸੀਟ ਤੋਂ ਵੀ ਡਿੱਗ ਜਾਂਦੇ ਹਨ।

ਰਿਪੋਰਟਾਂ ਅਨੁਸਾਰ ਗਾਹਕ ਇਸ ਨੂੰ ਅਪਮਾਨ ਵਜੋਂ ਨਹੀਂ ਦੇਖਦੇ, ਸਗੋਂ ਉਨ੍ਹਾਂ ਦਾ ਮੰਨਣਾ ਹੈ ਕਿ ਇਸ ਨਾਲ ਉਹ ਰਿਲੈਕਸ ਅਤੇ ਤਣਾਅ ਮੁਕਤ ਮਹਿਸੂਸ ਕਰਦੇ ਹਨ। ਕਈ ਗਾਹਕ ਤਾਂ ਵੇਟਰੈੱਸ ਨੂੰ ਹੋਰ ਜ਼ੋਰ ਨਾਲ ਚਪੇੜ ਮਾਰਨ ਦੀ ਬੇਨਤੀ ਵੀ ਕਰਦੇ ਹਨ। ਇਹ ਸਿਲਸਿਲਾ ਸਾਲ 2012 ਵਿੱਚ ਸ਼ੁਰੂ ਹੋਇਆ ਸੀ। ਸ਼ੁਰੂ ਵਿੱਚ ਇਹ ਸੇਵਾ ਮੁਫ਼ਤ ਸੀ, ਪਰ ਵੱਧਦੀ ਮੰਗ ਨੂੰ ਦੇਖਦੇ ਹੋਏ ਰੈਸਟੋਰੈਂਟ ਨੇ ਇਸ 'ਤੇ ਫ਼ੀਸ ਲਗਾ ਦਿੱਤੀ।

ਸੋਸ਼ਲ ਮੀਡੀਆ ਪਲੇਟਫ਼ਾਰਮ 'ਐੱਕਸ' 'ਤੇ ਇਸ ਰੈਸਟੋਰੈਂਟ ਦੀ ਵੀਡੀਓ ਵਾਇਰਲ ਹੋਣ ਤੋਂ ਬਾਅਦ ਲੋਕਾਂ ਦੀਆਂ ਵੱਖ-ਵੱਖ ਪ੍ਰਤੀਕਿਰਿਆਵਾਂ ਆ ਰਹੀਆਂ ਹਨ। ਜਿੱਥੇ ਕੁੱਝ ਲੋਕ ਇਸ ਨੂੰ ਮਨੁੱਖੀ ਸਨਮਾਨ ਦੇ ਖ਼ਿਲਾਫ਼ ਅਤੇ ਅਪਮਾਨਜਨਕ ਦੱਸ ਰਹੇ ਹਨ, ਉੱਥੇ ਹੀ ਕੁੱਝ ਹੋਰ ਯੂਜ਼ਰਜ਼ ਨੇ ਮਜ਼ਾਕ ਵਿੱਚ ਇਸ ਨੌਕਰੀ ਲਈ ਅਪਲਾਈ ਕਰਨ ਦੀ ਇੱਛਾ ਵੀ ਜਤਾਈ ਹੈ।

# ਕਪੂਰਥਲਾ ਦੀ ਸੁਖਮਨ ਕੌਰ ਨੇ ਵਧਾਇਆ ਮਾਣ, ਇਟਲੀ ਪੁਲਿਸ 'ਚ ਹੋਈ ਭਰਤੀ

ਮਿਲਾਨ , 12 ਅਪ੍ਰੈਲ (ਪ੍ਰਤੀਨਿਧੀ) : ਇਟਲੀ ਵਿੱਚ ਵੱਸਦੇ ਪੰਜਾਬੀਆਂ ਦੀ ਨਵੀਂ ਪੀੜ੍ਹੀ ਅੱਜਕੱਲ ਸਫ਼ਲਤਾ ਦੇ ਝੰਡੇ ਬੁਲੰਦ ਕਰ ਰਹੀ ਹੈ।ਜਿਸ ਨਾਲ ਇਟਲੀ ਵਿੱਚ ਵੱਸਦੇ ਪੰਜਾਬੀਆਂ ਦੀ ਚੜ੍ਹਤ ਦਿਨ-ਬ-ਦਿਨ ਵੱਧਦੀ ਜਾ ਰਹੀ ਹੈ। ਇਟਲੀ ਦੇ ਮਿਲਾਨ ਸ਼ਹਿਰ ਵਿੱਚ ਲੋਕਲ ਪੁਲੀਸ (ਪੁਲੀਸੀਆ ਲੋਕਾਲੇ) ਵਿੱਚ ਭਰਤੀ ਹੋਈ ਸੁਖਮਨ ਕੌਰ ਨੇ ਇਟਲੀ ਵਿੱਚ ਕਾਮਯਾਬੀ ਦੇ ਝੰਡੇ ਗੱਡੇ ਹਨ ਅਤੇ ਭਾਈਚਾਰੇ ਦਾ ਮਾਣ ਵਧਾਇਆ ਹੈ। 20 ਸਾਲਾਂ ਸੁਖਮਨ ਕੌਰ ਜੋ ਕਿ ਪੰਜਾਬ ਦੇ ਜ਼ਿਲ੍ਹਾ ਕਪੂਰਥਲਾ ਦੇ ਪਿੰਡ ਨਿੱਕੀ ਮਿਆਣੀ (ਬੇਗੋਵਾਲ) ਨਾਲ ਸਬੰਧਤ ਹੈ ਅਤੇ ਆਪਣੇ ਪਿਤਾ ਪਲਵਿੰਦਰ ਸਿੰਘ ਅਤੇ ਮਾਤਾ ਹਰਜੀਤ ਕੌਰ ਨਾਲ ਇਟਲੀ ਦੇ ਤੋਰਤੋਨਾ (ਅਲੈੱਸਾਂਦਰੀਆ) ਵਿਖੇ ਰਹਿ ਰਹੀ ਹੈ। ਉਸ ਨੇ ਦੱਸਿਆ ਕਿ ਉਸ ਦੇ ਮਾਪਿਆਂ ਦੇ ਸਹਿਯੋਗ ਅਤੇ ਅਰਦਾਸਾਂ ਦੇ ਸਦਕਾ ਹੀ ਇਹ ਸਭ ਸੰਭਵ ਹੋ ਸਕਿਆ।



ਸੁਖਮਨ ਕੌਰ ਦੇ ਪਿਤਾ ਪਲਵਿੰਦਰ ਸਿੰਘ ਨੇ ਪੱਤਰਕਾਰ ਨੂੰ ਗੱਲਬਾਤ ਕਰਦਿਆਂ ਦੱਸਿਆ ਕਿ ਉਨ੍ਹਾਂ ਦੀ ਹੋਣਹਾਰ ਬੇਟੀ 2 ਸਾਲ ਦੀ ਉਮਰ ਵਿੱਚ ਇਟਲੀ ਪੁੱਜੀ ਸੀ, ਇੱਥੇ ਆਕੇ ਹੀ ਉਸ ਨੇ ਆਪਣੀ ਮੁੱਢਲੀ ਸਿੱਖਿਆ ਪ੍ਰਾਪਤ ਕੀਤੀ। ਸਖ਼ਤ ਮਿਹਨਤ ਅਤੇ ਲਗਨ ਸਦਕਾ ਉੱਚੇ ਪੱਧਰ ਦੇ ਇਮਤਿਹਾਨ ਨਾਲ ਲੋਕਲ ਪੁਲੀਸ ਵਿੱਚ ਭਰਤੀ ਹੋਈ ਹੈ। ਅੱਜ ਪਰਿਵਾਰ ਅਤੇ ਰਿਸ਼ਤੇਦਾਰਾਂ ਨੇ ਮਿਲਕੇ ਸੁਖਮਨ ਕੌਰ ਦੇ ਨੌਕਰੀ ਮਿਲਣ ਦੀ ਖ਼ੁਸ਼ੀ ਵਿੱਚ ਕੇਕ ਕੱਟਿਆ ਅਤੇ ਉਸ ਦਾ ਮੂੰਹ ਮਿੱਠਾ ਕਰਵਾਇਆ। ਗੁਰਦੁਆਰਾ ਸਿੰਘ ਸਭਾ ਫ਼ਲੇਰੋ ਦੇ ਮੁੱਖ ਸੇਵਾਦਾਰ ਭਾਈ ਬਲਕਾਰ ਸਿੰਘ ਘੋੜੇਸ਼ਾਹਵਾਨ ਜੋ ਕਿ ਸੁਖਮਨ ਕੌਰ ਦੇ ਨਜਦੀਕੀ ਰਿਸ਼ਤੇਦਾਰ ਵੀ ਹਨ, ਉਨ੍ਹਾਂ ਸੁਖਮਨ ਕੌਰ ਦੇ ਪੁਲੀਸ 'ਚ ਨੌਕਰੀ ਪ੍ਰਾਪਤ ਕਰਨ ਤੇ ਖ਼ੁਸ਼ੀ ਦਾ ਪ੍ਰਗਟਾਵਾ ਕੀਤਾ ਅਤੇ ਕਿਹਾ ਕਿ ਇਟਲੀ ਵਿੱਚ ਨਵੀਂ ਪੀੜ੍ਹੀ ਚੰਗੀ ਪੜ੍ਹਾਈ ਕਰ ਕੇ ਵੱਡੀਆਂ ਨੌਕਰੀਆਂ ਪ੍ਰਾਪਤ ਕਰੇ ਅਤੇ ਪੰਜਾਬ (ਭਾਰਤ) ਦਾ ਨਾਮ ਇਸੇ ਤਰ੍ਹਾਂ ਰੌਸ਼ਨ ਕਰੇ।